
ISSN: 2277-9930

76

ਅਪ੍ਰੈਲ-ਜੂਨ 2023

# ਪ੍ਰਤਿਮਾਨ

ਮੁੱਲ : 75/-



## ਮਹਿਮਾਨ ਸ਼ਾਇਰ / ਅਜੈ ਤਨਵੀਰ (ਅਮਰੀਕਾ)



ਕੌਣ ਹਨ ਇਹ ਲੋਕ ਜੋ ਨਵੀਆਂ ਹੀ ਪਿਰਤਾਂ ਪਾ ਰਹੇ।
ਮੋਢਿਆਂ ਤੇ ਧਰ ਸਲੀਬਾਂ ਮਕਤਲਾਂ ਵੱਲ ਜਾ ਰਹੇ।

ਹੇ,ਖੁਦਾ ਦਿਸਦਾ ਰਹੇ ਮੰਜ਼ਰ ਇਹ ਮੈਨੂੰ ਉਮਰ ਭਰ,
ਬਿਰਖ ਪਤਝੜ ਵਿੱਚ ਵੀ ਨਗ਼ਮੇ ਖੁਸ਼ੀ ਦੇ ਗਾ ਰਹੇ।

ਮੁਲਕ ਸਾਡਾ ਦੇਖ ਲੈ ਕਿੰਨੀ ਤਰੱਕੀ ਕਰ ਗਿਆ,
ਲੋਕ ਬੂਟਾਂ ਦੀ ਜਗ੍ਹਾ ਚਪਲਾਂ 'ਚ ਤਸਮੇ ਪਾ ਰਹੇ।

ਰਾਤ ਪੈਂਦੇ ਸਾਰ ਹੀ ਸਾਡੀ ਚੁਰਾਉਂਦੇ ਰੌਸ਼ਨੀ,
ਜੁਗਨੂੰਆਂ ਤੇ ਬਲਬ ਇਹ ਇਲਜ਼ਾਮ ਕੈਸਾ ਲਾ ਰਹੇ।

ਹੈ ਇਨ੍ਹਾਂ ਦੇ ਨਾਲ ਮੇਰੀ ਸਾਂਝ ਤਾਂ ਕੋਈ ਜ਼ਰੂਰ,
ਇਸ ਤਰਾਂ ਦੇ ਦੌਰ ਵਿੱਚ ਮੈਨੂੰ ਮਿਲਣ ਜੋ ਆ ਰਹੇ।

ਉਹ ਕਿਵੇਂ ਕਵਿਤਾ ਚ ਕਰਦੇ ਗੱਲ ਰਿਸ਼ੀ ਸ਼ੰਭੂਕ ਦੀ,
ਜੋ ਦੁਸ਼ਾਲੇ ਲੈਣ ਲਈ ਹਾਕਮ ਦੇ ਸੋਹਿਲੇ ਗਾ ਰਹੇ।

...

ਕਦੇ ਪੁੱਛੇ ਤਾਂ ਫਿਰ ਦੱਸਾਂ ਭਲਾਂ ਕੀ ਹਾਲ ਹੈ ਮੇਰਾ।
ਜੁਦਾ ਹੋਇਆ ਹਾਂ ਖੁਦ ਨਾਲ਼ੋਂ ਜਦੋਂ ਦਾ ਹੋ ਗਿਆ ਤੇਰਾ।

ਕਿਵੇਂ ਮਿਲਦੀ ਹਵਾ ਰੁੱਖਾਂ ਨੂੰ ਹੁਣ ਮੈਂ ਵੇਖ ਲੈਂਦਾ ਹਾਂ,
ਅਸਰ ਤੇਰੀ ਮੁਹੱਬਤ ਦਾ ਕੋਈ ਵੀ ਦੋਸ਼ ਨਾ ਮੇਰਾ।

ਅਲ਼ਖ ਤੇਰੇ ਦਰਾਂ ਉੱਤੇ ਜਗਾ ਕੇ ਆ ਗਿਆ ਵਾਪਿਸ,
ਪਤਾ ਨਈਂ ਜੋਗੀਆਂ ਵਾਲਾ ਕਦੋਂ ਮੁੜ ਕੇ ਪਵੇ ਫੇਰਾ।

ਭਰੇ ਹੌਕਾ ਉਹ ਤੇਰੀ ਯਾਦ ਵਿੱਚ ਇਹ ਹੋ ਨਹੀਂ ਸਕਦਾ,
ਬੜਾ ਸੀਮਤ ਅਜੇ ਤਨਵੀਰ ਉਸ ਦੀ ਸੋਚ ਦਾ ਘੇਰਾ।

ਉਦੋਂ ਕੁਝ ਬੋਲ ਨਾ ਹੋਵੇ ਜਦੋਂ ਧੀ ਪੁੱਛਦੀ ਮੈਨੂੰ,
ਇਹ ਵਿੱਛੜੀ ਡਾਰ ਨਾਲ਼ੋਂ ਕੂੰਝ ਦਾ ਹੈ ਕਿਸ ਗਰਾਂ ਡੇਰਾ।

ਬੜੇ ਹੀ ਅਹਿਮ ਭਾਵੇਂ ਹੋਣ ਸਾਰੇ, ਆਪਣੀ ਥਾਂ ਤੇ,
ਕਿਸੇ ਰਿਸ਼ਤੇ ਦਾ ਹੋ ਸਕਦਾ ਨਹੀਂ ਪਰ,ਮਾਂ ਜਿਹਾ ਜੇਰਾ।

ਜਿਨ੍ਹਾਂ ਖਾਤਰ ਰਿਹਾ ਬਣਦਾ ਕਦੇ ਪੌੜੀ, ਕਦੇ ਕਿਸ਼ਤੀ,
ਖਫਾ ਰਹਿੰਦੇ ਉਹ ਮੇਰੇ ਨਾਲ, ਦੱਸਣ ਦੋਸ਼ ਨਾ ਮੇਰਾ।

...

ਸ਼ਹਿਰ ਤੇਰੇ ਦੇ ਲੋਕਾਂ ਇਹ ਇਲਜ਼ਾਮ ਲਗਾਏ ਨੇ।
ਮੈਂ ਰੰਗਾਂ ਬਿਨ ਪਾਣੀ ਉੱਤੇ ਨਕਸ਼ ਬਣਾਏ ਨੇ।

ਖ਼ਬਰਾਂ ਦੇ ਵਿਚ ਸੁਣਿਆ ਸਾਰਾ ਸ਼ਹਿਰ ਸਲਾਮਤ ਹੈ,
ਸੋਚ ਰਿਹਾਂ ਫਿਰ ਏਨੇ ਖ਼ਤ ਕਿਉਂ ਵਾਪਸ ਆਏ ਨੇ।

ਹਰ ਪੰਛੀ ਦੇ ਹੱਕ ਚ ਗਾਏ ਗੀਤ ਜਦੋਂ ਮੈਂ, ਤਾਂ,
ਇਸ ਦਾ ਕਰਨ ਵਿਰੋਧ ਸ਼ਿਕਾਰੀ ਰਲ ਕੇ ਆਏ ਨੇ।

ਮੇਰਾ ਸਾਰਾ ਜੀਵਨ ਹਾਦਿਸਆਂ ਵਿਚ ਲੰਘ ਗਿਆ,
ਫੁੱਲਾਂ ਦੇ ਗੁਲਦਸਤੇ ਘਰ ਵਿਚ ਕੌਣ ਲਿਆਏ ਨੇ।

ਮੇਰੀ ਧੀ ਨੇ ਬਚਪਨ ਦੇ ਵਿਚ ਦੇਖੇ ਸਨ ਜੁਗਨੂੰ,
ਤਾਂ ਹੀ ਉਸ ਨੇ ਕਾਗਜ਼ ਉੱਤੇ ਦੀਪ ਬਣਾਏ ਨੇ।

ਇਸ ਰੁੱਤ ਚ ਆਪਣੇ ਆਪ ਦਾ ਸਾਥ ਨਹੀਂ ਦਿੱਤਾ,
ਪਰ ਜੋ ਮੇਰੇ ਨਾਲ ਤੁਰੇ ਇਹ ਕਿਸ ਦੇ ਸਾਏ ਨੇ।

ਆਪਣਾ ਲਗਦਾ ਕੋਈ ਉੱਠ ਕੇ ਵੇਖ ਜ਼ਰਾ ਤਨਵੀਰ,
ਜ਼ਖਮੀ ਦੌਰ 'ਚ ਜਿਸ ਨੇ ਆ ਕੇ ਦਰ ਖੜਕਾਏ ਨੇ।

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਪ੍ਰੈਲ-ਜੂਨ 2023 ਅੰਕ 76

**ISSN: 2277-9930**

**RNI No. PUNPUN/2006/16230**

**ਸੰਪਾਦਕ (ਆਨਰੇਰੀ)**

ਡਾ. ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ

**ਰਚਨਾਵਾਂ ਭੇਜਣ ਲਈ ਪਤਾ**


ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in
www.pratimaan.in


**ਸਲਾਹਕਾਰ**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ,
ਡਾ. ਸਰਬਜੀਤ ਸਿੰਘ,
ਡਾ. ਰਵੀ ਰਵਿੰਦਰ
ਡਾ. ਆਤਮ ਰੰਧਾਵਾ


**TITLE PAINTING BY**

**KUNWAR RAVINDER**

**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

**ਸਹਿਯੋਗ ਰਾਸ਼ੀ**

ਇੱਕ ਅੰਕ: 75/-, ਵੀਹ ਅੰਕ (5 ਸਾਲ): 1500/-
ਜੀਵਨ ਮੈਂਬਰਸ਼ਿਪ: 3000/-, ਵਿਦੇਸ਼: $250

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ


PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in
Hon. Editor : Dr. Amarjeet Kaunke


## ਤਰਤੀਬ


ਸੰਪਾਦਕੀ / 2


### ਕਹਾਣੀਆਂ


ਰਹਿਣ ਦਿਉ ਪਾਪਾ / ਬੂਟਾ ਸਿੰਘ ਚੌਹਾਨ / 3, ਸੰਜੀਵਨੀ ਬੂਟੀ / ਨਿਰੰਜਣ ਬੋਹਾ / 10, ਦੁਖੀ ਹਿਰਦੇ / ਅਨੇਮਨ ਸਿੰਘ / 18, ਸੇਕ / ਸੁਖਵਿੰਦਰ ਸਿੰਘ ਢਿੱਲੋਂ / 25, ਉਧਾਲ / ਡਾ. ਹਰਪ੍ਰੀਤ ਸਿੰਘ ਰਾਣਾ / 31, ਭਿਖਾਰੀ / ਯਸ਼ੋਧਰਾ ਭਟਨਾਗਰ, ਉਹ ਦੋਵੇਂ / ਪਾਰਮਿਤਾ ਸਾਰੰਗੀ / 36,


### ਕਵਿਤਾ / ਗ਼ਜ਼ਲ / ਗੀਤ


ਦਰਸ਼ਨ ਬੁਲੰਦਵੀ / 7, ਨਰਿੰਦਰ ਪਾਲ ਕੰਗ, ਸੁਰਿੰਦਰ ਮਕਸੂਦਪੁਰੀ / 8, ਜੋਗਿੰਦਰ ਨੂਰਮੀਤ / 9, ਮਨਮੋਹਨ ਸਿੰਘ ਦਾਊਂ, ਮਨਿੰਦਰ ਕੌਰ ਮਨ / 15, ਕੌਸ਼ਲ ਕਿਸ਼ੋਰ / 16, ਬ੍ਰਜ ਸ਼੍ਰੀ ਵਾਸਤਵ, ਧੁੱਗਾ ਗੁਰਪ੍ਰੀਤ / 17, ਹਰਦੀਪ ਸੱਭਰਵਾਲ / 22, ਵੰਦਨਾ ਮਿਸ਼ਰਾ, ਇਪਸਿਤਾ ਸਾਰੰਗੀ / 23, ਪ੍ਰਭਜੋਤ ਸੋਹੀ / 24, ਡਾ. ਫਨੀ ਮੋਹੰਤੋ / 28, ਅਨੂ ਬਾਲਾ, ਤੇ ਸਿੰਘ ਸਰਾਓ / 29, ਇੰਦੂ ਸਿਨਹਾਂ, ਅਨਾਮਿਕਾ ਅਨੁ ਕੇਰਲਾ / 30, ਭਾਨੂ ਪ੍ਰਕਾਸ਼ ਰਘੁਵੰਸ਼ੀ / 31, ਭੁਪਿੰਦਰ ਸੰਧੂ / 42, ਅਵਤਾਰਜੀਤ / 45


### ਆਲੋਚਨਾ ਨਿਬੰਧ / ਰੀਵੀਊ


ਮੋਹਨ ਕਾਹਲੋਂ ਦੀ ਆਂਚਲਿਕਤਾ / (ਬੇੜੀ ਤੇ ਬਰੇਤਾ ਦੇ ਸੰਦਰਭ ਵਿੱਚ) / ਹਰਜੀਤ ਸਿੰਘ / 32, ਸਵਰਾਜਬੀਰ ਦੇ ਨਾਟਕ 'ਕੱਲਰ' ਵਿਚ ਦਲਿਤ ਚੇਤਨਾ / ਕੰਵਲਜੀਤ ਕੌਰ / 37, ਧਰਮ ਗੁਰੂ ਨਾਟਕ: ਇੱਕ ਅਧਿਐਨ / ਅਮਨਦੀਪ ਕੌਰ / 40, ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ / ਰਮਨਦੀਪ ਕੌਰ / 43, ਅਣ-ਬੋਲੇ ਦੀ ਊਰਜਾ ਨੂੰ ਦਰਸਾਉਂਦੀਆਂ ਕਹਾਣੀਆਂ: ਉੱਚੀਆਂ ਆਵਾਜ਼ਾਂ ਕਹਾਣੀਕਾਰ ਬਲੀਜੀਤ / ਨਿਰੰਜਣ ਬੋਹਾ / 46, ਚੁੱਪ ਦੀ ਕਥਾ 'ਚੋਂ ਗੁਜ਼ਰਦਿਆਂ / ਅਮਰਜੀਤ ਕੌਂਕੇ / 48



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਸੰਪਾਦਕੀ ਪੰਜਾਬੀ ਭਾਸ਼ਾ ਵਿੱਚ ਪੈਦਾ ਹੋ ਰਹੇ ਵਿਗਾੜ

ਪੰਜਾਬੀ ਭਾਸ਼ਾ ਵਿੱਚ ਦਿਨੋ ਦਿਨ ਅਜੀਬ ਕਿਸਮ ਦਾ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਗੁਰੂਆਂ ਪੀਰਾਂ ਦੀ ਭਾਸ਼ਾ ਪੰਜਾਬੀ ਹੁਣ ਨਵੇਂ ਨਵੇਂ ਗਲਤ ਸ਼ਬਦਾਂ ਤੇ ਸ਼ਬਦ-ਜੋੜਾਂ ਨਾਲ ਭਰਪੂਰ ਹੋ ਰਹੀ ਹੈ। ਸੋਸ਼ਲ ਮੀਡਿਆ ਇਸ ਵਿਗਾੜ ਵਿੱਚ ਆਪਣਾ ਪੂਰਾ ਯੋਗਦਾਨ ਪਾ ਰਿਹਾ ਹੈ। ਸਕੂਲਾਂ ਵਿੱਚ ਪੰਜਾਬੀ ਦਾ ਮੁਢਲਾ ਪੱਧਰ ਬਹੁਤ ਹੀ ਗਿਰਾਵਟ ਦੀ ਸਤਰ ਤੇ ਹੈ। ਪੁਰਾਣੇ ਵੇਲਿਆਂ ਵਿੱਚ ਪ੍ਰਾਇਮਰੀ ਪੱਧਰ ਤੇ ਬੱਚਿਆਂ ਨੂੰ ਫੱਟੀਆਂ ਤੇ ਸਲੇਟਾਂ ਉੱਤੇ ਸ਼ੁੱਧ ਪੰਜਾਬੀ ਲਿਖਣ ਅਤੇ ਉਚਾਰਣ ਲਈ ਅਭਿਆਸ ਕਰਵਾਏ ਜਾਂਦੇ ਸਨ ਜੋ ਹੁਣ ਨਦਾਰਦ ਦਿਸਦੇ ਹਨ। ਪੰਜਾਬੀਆਂ ਦੇ ਬੱਚੇ ਆਮਤੌਰ ਤੇ ਕਾਨਵੈਂਟ ਸਕੂਲਾਂ ਵਿੱਚ ਪੜ੍ਹਦੇ ਹਨ ਜੋ ਨਾ ਪੂਰੀ ਪੰਜਾਬੀ ਨਾ ਹਿੰਦੀ ਤੇ ਨਾ ਹੀ ਪੂਰੀ ਅੰਗ੍ਰਜ਼ੀ ਸਿੱਖ ਸਕਦੇ ਹਨ। ਦੂਜੇ ਪਾਸੇ ਸਰਕਾਰੀ ਸਕੂਲਾਂ ਵਿੱਚ ਪਰਵਾਸੀ ਮਜਦੂਰਾਂ ਦੇ ਬੱਚੇ ਭਾਵੇਂ ਪੰਜਾਬੀ ਲਿਖਣੀ ਸਿੱਖ ਲੈਂਦੇ ਹਨ ਪਰ ਉਹ ਉਸਦੇ ਉਚਾਰਣ ਵਿੱਚ ਓਹ ਪੰਜਾਬੀਅਤ ਨਹੀਂ ਪੈਦਾ ਕਰ ਸਕਦੇ ਜੋ ਪੰਜਾਬੀ ਭਾਸ਼ਾ ਦਾ ਇਕ ਖਾਸ ਗੁਣ ਹੈ। ਸਿੱਟੇ ਵਜੋਂ ਜਦੋਂ ਉਹ ਵੱਡੇ ਹੋ ਕੇ ਕੰਪਿਊਟਰ ਜਾਂ ਹੋਰ ਮਾਧਿਅਮਾਂ ਉੱਤੇ ਪੰਜਾਬੀ ਲਿਖਦੇ ਹਨ ਤਾਂ ਆਪਣੇ ਉਚਾਰਣ ਅਨੁਸਾਰ ਲਿਖਣ ਲੱਗਦੇ ਹਨ। ਸਕੂਲਾਂ ਵਿੱਚ ਵੱਡੀਆਂ ਜਮਾਤਾਂ ਦੇ ਬੱਚੇ ਕਈ ਵਾਰ ਸਹੀ ਸ਼ਬਦਾਂ ਵਿੱਚ ਆਪਣਾ ਨਾਮ ਲਿਖਣ ਤੋਂ ਵੀ ਅਸਮਰਥ ਜਾਪਦੇ ਹਨ। ਹੋੜਾ-ਕਨੌੜਾ, ਸਿਹਾਰੀ-ਬਿਹਾਰੀ, ਔਕੜ-ਦੁਲੈਂਕੜ, ਲਾਵਾਂ-ਦੁਲਾਵਾਂ ਵਿੱਚ ਉਨ੍ਹਾਂ ਨੂੰ ਖਾਸ ਫ਼ਰਕ ਨਹੀਂ ਜਾਪਦਾ। ਬਿੰਦੀਆਂ-ਟਿੱਪੀਆਂ ਤਾਂ ਕੋਈ ਬੀਤੇ ਯੁਗ ਦੀ ਖੇਡ ਹੋ ਗਈਆਂ ਹਨ। ਸੜਕ ਤੇ ਦਿਸਦੇ ਇਸ਼ਤਿਹਾਰਾਂ ਅਤੇ ਅਕਸਰ ਟੀ.ਵੀ. ਤੇ ਆਉਂਦੀਆਂ ਕੈਪਸ਼ਨਾਂ ਵਿੱਚ ਪੰਜਾਬੀ ਦੇ ਸ਼ਬਦਜੋੜ ਅਕਸਰ ਗਲਤ ਨਜ਼ਰ ਆਉਂਦੇ ਹਨ, ਜੋ ਅੱਖਾਂ ਨੂੰ ਬੇਹੱਦ ਚੁਭਦੇ ਹਨ। ਅਨੇਕ ਵਾਰ ਗੂਗਲ ਅਨੁਵਾਦ ਦੁਆਰਾ ਇਸ਼ਤਿਹਾਰਾਂ ਦੇ ਅਨੁਵਾਦ ਕੀਤੇ ਜਾਂਦੇ ਹਨ ਤਾਂ ਉਹ ਵੀ ਉਸੇ ਤਰ੍ਹਾਂ ਅਸ਼ੁੱਧ ਰੂਪ ਵਿੱਚ ਚੇਪ ਦਿੱਤੇ ਜਾਂਦੇ ਹਨ, ਜੋ ਪੰਜਾਬੀ ਭਾਸ਼ਾ ਨੂੰ ਵਿਗਾੜਨ ਦਾ ਕਾਰਜ ਕਰਦੇ ਹਨ। ਥਾਂ-ਕੁਥਾਂ ਲਿਖੇ ਇਸ ਤਰ੍ਹਾਂ ਦੇ ਅਨੇਕਾਂ ਹੀ ਵਾਕ ਜੋ ਵਿਆਕਰਣ ਅਤੇ ਸ਼ਬਦ-ਜੋੜਾਂ ਦੀਆਂ ਗਲਤੀਆਂ ਨਾਲ ਭਰੇ ਹੁੰਦੇ ਹਨ, ਗਹੁ ਨਾਲ ਘੋਖਣ ਤੇ ਆਮ ਹੀ ਦਿਸ ਪੈਂਦੇ ਹਨ। ਪੰਜਾਬੀ ਸਾਹਿਤ ਦੇ ਚਿੰਤਕਾਂ ਤੇ ਵਿਦਵਾਨਾਂ ਲਈ ਇਹ ਗੱਲ ਸੋਚਣ ਵਿਚਾਰਨ ਵਾਲੀ ਹੈ। ਕਿਸੇ ਵੀ ਭਾਸ਼ਾ ਦੀ ਮੌਤ ਉਸ ਭਾਸ਼ਾ ਨਾਲ ਸਬੰਧਿਤ ਕੌਮ ਦੇ ਖਾਤਮੇ ਦਾ ਇਸ਼ਾਰਾ ਹੀ ਹੁੰਦੀ ਹੈ। ਸਮੇਂ ਦੀ ਜ਼ਰੂਰਤ ਹੈ ਕਿ ਭਾਸ਼ਾ ਦੀ ਇਸ ਕੁਰੀਤੀ ਨੂੰ ਰੋਕਣ ਲਈ ਢੁਕਵੇਂ ਯਤਨ ਕੀਤੇ ਜਾਣ। ਪ੍ਰਾਇਮਰੀ ਪੱਧਰ ਤੇ ਸਿਖਾਉਣ ਵਿਧੀਆਂ ਵਿੱਚ ਸ਼ੁੱਧ ਭਾਸ਼ਾ ਲਿਖਾਉਣ ਤੇ ਉਚਾਰਣ ਲਈ ਨਵੇਂ ਢੰਗ ਤਰੀਕੇ ਅਪਣਾਏ ਜਾਣ ਤਾਂਕਿ ਪੰਜਾਬੀ ਭਾਸ਼ਾ ਦਾ ਗੌਰਵ ਅਤੇ ਜਲੌਅ ਬਰਕਰਾਰ ਰਹੇ।

ਕਹਾਣੀ

# ਰਹਿਣ ਦਿਉ ਪਾਪਾ / ਬੂਟਾ ਸਿੰਘ ਚੌਹਾਨ



ਅੰਤਰ ਸਿੰਘ ਰਾਤ ਦਸ ਕੁ ਵਜੇ ਆਇਆ ਸੀ। ਉਹਦਾ ਦਿਲ ਕਰਦਾ ਸੀ ਕਿ ਸਹਿਜ ਨੂੰ ਜਗਾ ਕੇ ਹੁਣੇ ਦੱਸੇ ਕਿ ਉਸਨੇ ਉਸਦੀ ਮੰਗ ਪੂਰੀ ਕਰ ਦਿੱਤੀ ਹੈ ਪਰ ਉਸਦੀ ਘਰਵਾਲ਼ੀ ਨੇ ਦੱਸਿਆ ਸੀ ਕਿ ਸਹਿਜ ਦੀ ਅੱਖ ਹੁਣੇ ਲੱਗੀ ਹੈ।

ਕਾਰ ਦੀ ਡਿੱਗੀ 'ਚੋਂ ਉਸਨੇ ਬੂਟਿਆਂ ਵਾਲ਼ੇ ਦੋਵੇਂ ਲਿਫ਼ਾਫੇ ਕੱਢ ਕੇ ਪੋਰਚ ਵਿਚ ਰੱਖ ਦਿੱਤੇ ਸਨ। ਇਕ ਲਿਫ਼ਾਫੇ ਵਿਚ ਚੰਦਨ ਦਾ ਬੂਟਾ ਸੀ, ਜੋ ਡੇਢ ਕੁ ਫੁੱਟ ਦਾ ਸੀ। ਦੂਜੇ ਲਿਫ਼ਾਫੇ ਵਿਚ ਅਰਹਰ ਦਾ। ਦੋ-ਢਾਈ ਫੁੱਟ ਦਾ। ਆਉਣ ਵੇਲ਼ੇ ਉਸਨੇ ਡਿੱਗੀ ਬੰਦ ਨਹੀਂ ਸੀ ਕੀਤੀ ਤਾਂ ਕਿ ਡਿੱਗੀ ਬੰਦ ਹੋਣ ਨਾਲ਼ ਬੂਟੇ ਕੁਮਲ਼ਾ ਨਾ ਜਾਣ।

ਗਰਮੀ ਭਾਵੇਂ ਜਾ ਰਹੀ ਸੀ ਪਰ ਆਥਣ ਵੇਲ਼ੇ ਵਗਣ ਵਾਲ਼ੀ ਹਲਕੀ-ਹਲਕੀ ਹਵਾ 'ਚ ਗਰਮੀ ਦਾ ਰਲ਼ਾ ਹੁੰਦਾ ਸੀ। ਇਹ ਦੋਵੇਂ ਬੂਟੇ ਉਹ ਬਠਿੰਡਾ ਨੇੜਲੇ ਪਿੰਡ ਬਹਿਮਣ ਬੀੜ 'ਚੋਂ ਲੈ ਕੇ ਆਇਆ ਸੀ। ਬੜੀ ਲੰਬੀ ਭਾਲ਼ ਪਿੱਛੋਂ ਉਸਨੂੰ ਇਹ ਮਿਲੇ ਸਨ। ਲੱਭ ਤਾਂ ਉਹ ਚੰਦਨ ਦਾ ਬੂਟਾ ਰਿਹਾ ਸੀ ਪਰ ਬਹਿਮਣ ਬੀੜ ਵਿਚ ਮਾਲੀ ਨੇ ਦੱਸਿਆ ਸੀ ਕਿ ਇਹ ਦੋਵੇਂ ਇਕੱਠੇ ਲਾਉਣੇ ਪੈਣਗੇ।

ਤਿੰਨ-ਚਾਰ ਮਹੀਨੇ ਹੋ ਗਏ ਸਨ। ਸਹਿਜ ਨੇ ਜ਼ਿੱਦ ਫੜੀ ਹੋਈ ਸੀ ਕਿ ਘਰੇ ਬਾਗ਼ ਵਿਚ ਚੰਦਨ ਦਾ ਬੂਟਾ ਲਾਉਣਾ ਹੀ ਲਾਉਣਾ ਹੈ।

ਅੰਤਰ ਸਿੰਘ ਨੇ ਬੜੀ ਭਾਲ਼ ਕੀਤੀ ਸੀ ਪਰ ਕਿਤੋਂ ਵੀ ਚੰਦਨ ਦਾ ਬੂਟਾ ਮਿਲ ਨਹੀਂ ਸੀ ਰਿਹਾ। ਇੰਟਰਨੈੱਟ 'ਤੇ ਵੀ ਉਸਨੇ ਬੜੀ ਸਰਚ ਕੀਤੀ ਸੀ ਪਰ ਗੱਲ ਕਿਸੇ ਰਾਹ ਨਹੀਂ ਸੀ ਪਈ।

ਸਹਿਜ ਅੰਤਰ ਸਿੰਘ ਦੀ ਇਕੱਲੀ ਧੀ ਸੀ। ਉਹ ਉਸਦੀ ਕੋਈ ਵੀ ਗੱਲ ਮੂੰਹੋਂ ਨਹੀਂ ਸੀ ਡਿੱਗਣ ਦਿੰਦੇ ਪਰ ਇਹ ਮੰਗ ਹੀ ਅਜਿਹੀ ਸੀ, ਜਿਹੜੀ ਚਿੜੀਆਂ ਦਾ ਦੁੱਧ ਬਣੀ ਪਈ ਸੀ। ਅੰਤਰ ਸਿੰਘ ਹੈਰਾਨ ਸੀ ਕਿ ਪਹਿਲਾਂ ਕਦੇ ਉਸਨੇ ਬਾਗ਼ 'ਚ ਕੋਈ ਵੀ ਦਰੱਖ਼ਤ ਲਾਉਣ ਲਈ ਨਹੀਂ ਸੀ ਕਿਹਾ।

ਡੇਢ ਕੁ ਮਹੀਨਾ ਹੋ ਗਿਆ ਸੀ। ਹੁਣ ਕਦੇ ਸਹਿਜ ਨੇ ਚੰਦਨ ਦਾ ਬੂਟਾ ਲਿਆਉਣ ਦੀ ਜ਼ਿੱਦ ਨਹੀਂ ਸੀ ਕੀਤੀ। ਕਦੇ-ਕਦੇ ਇਹ ਵੀ ਲੱਗਦਾ ਸੀ, ਜਿਵੇਂ ਉਹ ਇਹ ਗੱਲ ਭੁੱਲ ਹੀ ਗਈ ਹੋਵੇ ਪਰ ਉਸਦੇ ਪਾਪਾ ਨੂੰ ਯਾਦ ਸੀ। ਉਹ ਸੋਚਦਾ ਸੀ ਕਿ ਸ਼ਾਇਦ ਅੱਕ ਕੇ ਉਹ ਕਹਿਣਾ ਹੀ ਛੱਡ ਗਈ ਹੈ ਪਰ ਉਸਦੀ ਭਾਲ਼ ਜਾਰੀ ਰਹੀ ਸੀ।

ਸਹਿਜ ਦੇ ਮਾਂ-ਬਾਪ ਨੂੰ ਨਹੀਂ ਸੀ ਪਤਾ ਕਿ ਉਸਨੇ ਜ਼ਿੱਦ ਕਿਉਂ ਫੜੀ ਹੋਈ ਸੀ। ਸਹਿਜ ਦੇ ਜੀਵਨ ਵਿਚ ਚੰਦਨ ਅਚਾਨਕ ਹੀ ਆ ਗਿਆ ਸੀ, ਜਿਹੜਾ ਉਸਦੇ ਨਾਲ਼ ਪੜ੍ਹਦਾ ਸੀ ਅਤੇ ਸਾਰੀ ਕਲਾਸ ਦੇ ਮੁੰਡਿਆਂ ਨਾਲ਼ੋਂ ਉਹ ਉਹਨੂੰ ਚੰਗਾ ਲਗਦਾ ਸੀ। ਉਸਨੂੰ ਉਸਦੇ ਸੁਪਨੇ ਵੀ ਆਉਂਦੇ ਸਨ। ਕਲਾਸ 'ਚ ਉਹ ਉਸਨੂੰ ਦੇਖਦੀ ਤਾਂ ਰਾਤ ਨੂੰ ਉਸਨੂੰ ਸੁਪਨਾ ਆਉਦਾ। ਕਦੇ ਕਿਸੇ ਤਰ੍ਹਾਂ ਦਾ। ਕਦੇ ਕਿਸੇ ਤਰ੍ਹਾਂ ਦਾ।

ਗਰਮੀ ਦੇ ਸ਼ੁਰੂਆਤ ਦੇ ਦਿਨ ਸਨ। ਦਸਵੀਂ ਦੀ ਕਲਾਸ ਸ਼ੁਰੂ ਹੋਣ ਤੋਂ ਪਿੱਛੋਂ ਉਨ੍ਹਾਂ ਦੀ ਕਲਾਸ ਦਾ ਟੂਰ ਬਠਿੰਡੇ ਕੋਲ਼ ਬਹਿਮਣ ਬੀੜ ਗਿਆ ਸੀ। ਬੀੜ ਜਿਹੜਾ ਬਹੁਤ ਵੱਡਾ ਸੀ। ਉੱਥੇ ਤਰ੍ਹਾਂ-ਤਰ੍ਹਾਂ ਦੇ ਦਰੱਖ਼ਤ ਲੱਗੇ ਹੋਏ ਸਨ। ਜਾਨਵਰ ਵੀ ਸਨ। ਲੋਕਾਂ ਲਈ ਇਹ ਬੀੜ ਸੈਰ-ਗਾਹ ਬਣੀ ਹੋਈ ਸੀ। ਵਿਆਹ ਤੋਂ ਪਹਿਲਾਂ ਮੁੰਡੇ-ਕੁੜੀ ਦੇ ਵੀਡੀਉ ਵੀ ਇਸੇ ਬੀੜ ਵਿਚ ਬਣਾਏ ਜਾਂਦੇ। ਬੜੀ ਰਮਣੀਕ ਥਾਂ ਸੀ। ਫੁੱਲਾਂ ਨਾਲ਼ ਭਰੀਆਂ ਹੋਈਆਂ ਕਿਆਰੀਆਂ। ਅਸਮਾਨ ਛੂੰਹਦੇ ਦਰੱਖ਼ਤ। ਹਰ ਇਕ ਦਰੱਖ਼ਤ 'ਤੇ ਲੋਹੇ ਦੀਆਂ ਪਲੇਟਾਂ ਲੱਗੀਆਂ ਹੋਈਆਂ ਸਨ। ਉਸ ਉੱਤੇ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿਚ ਰੁੱਖ ਦਾ ਨਾਂ ਲਿਖਿਆ ਹੋਇਆ ਸੀ।

ਜਦੋਂ ਸਹਿਜ ਆਪਣੀਆਂ ਸਹੇਲੀਆਂ ਨਾਲ਼ ਬੀੜ ਵਿਚ ਗਈ ਤਾਂ ਮੁੰਡੇ ਅੱਗੇ ਸਨ। ਚੰਦਨ ਇਕ ਦਰੱਖ਼ਤ ਨੂੰ ਵੇਖ ਕੇ ਰੁਕ ਗਿਆ ਸੀ। ਮੁੰਡੇ ਅੱਗੇ ਲੰਘ ਗਏ ਸਨ। ਕੁੜੀਆਂ ਮੁੰਡਿਆਂ ਤੋਂ ਪਿੱਛੋਂ ਬੀੜ ਦਾ ਗੇਟ ਟੱਪੀਆਂ ਸਨ। ਕੁਝ ਮੈਡਮਾਂ ਵੀ ਉਨ੍ਹਾਂ ਦੇ ਨਾਲ਼ ਸਨ। ਜਦੋਂ ਸਹਿਜ ਚੰਦਨ ਦੇ ਨੇੜੇ ਆਈ ਤਾਂ ਉਸਨੇ ਗੇਟ ਦੇ ਨਾਲ਼ ਲੱਗੇ ਇਕ ਰੁੱਖ ਵੱਲ ਇਸ਼ਾਰਾ ਕੀਤਾ ਤੇ ਫੇਰ ਦਰੱਖ਼ਤ 'ਤੇ ਲੱਗੀ ਹੋਈ ਲੋਹੇ ਦੀ ਪਲੇਟ ਵੱਲ ਅਤੇ ਫੇਰ ਆਪਣੀ ਛਾਤੀ ਵੱਲ ਦੋ-ਤਿੰਨ ਵਾਰ ਆਪਣਾ ਅੰਗੂਠਾ ਕੀਤਾ, ਜਿਸਦਾ ਮਤਲਬ ਸੀ, ਵੇਖ! ਇਹ ਮੈਂ ਹਾਂ। ਦਰੱਖ਼ਤ ਦੇ ਪੋਰੇ 'ਤੇ ਲਿਖਿਆ ਹੋਇਆ ਸੀ 'ਚੰਦਨ'।

ਉਹ ਦੋਵੇਂ ਦਰੱਖ਼ਤ ਕੋਲ਼ ਖੜ੍ਹੇ ਰਹਿ ਗਏ ਸਨ। ਮੁੰਡੇ ਕਾਫ਼ੀ ਅੱਗੇ ਨਿਕਲ ਗਏ ਸਨ ਅਤੇ ਕੁੜੀਆਂ ਹੌਲ਼ੀ-ਹੌਲ਼ੀ ਅੱਗੇ ਜਾ ਰਹੀਆਂ ਸਨ। ਉਨ੍ਹਾਂ ਨੂੰ ਖੜ੍ਹਿਆਂ ਨੂੰ ਵੇਖ ਕੇ ਮਾਲੀ ਆਇਆ, ਜਿਹੜਾ ਕਿਸੇ ਬਾਹਰਲੇ ਰਾਜ ਦਾ ਲਗਦਾ ਸੀ। ਉਸਦਾ ਰੰਗ ਪੱਕਾ ਸੀ। ਉਮਰ 'ਚ ਪੰਜਾਹ ਤੋਂ ਟੱਪਿਆ ਲਗਦਾ ਸੀ। ਉਹ ਦੋਵਾਂ ਵੱਲ ਵੇਖਦਾ ਹੋਇਆ ਕਹਿਣ ਲੱਗਿਆ, 'ਯੇਹ ਚੰਦਨ ਕਾ ਪੇੜ ਹੈ। ਇਸ ਮੇਂ ਸੇ ਬਹੁਤ ਅੱਛੀ ਖ਼ੁਸ਼ਬੂ ਆਤੀ ਹੈ।''

ਇਹ ਕਹਿ ਕੇ ਉਹ ਗੇਟ ਦੇ ਨਾਲ਼ ਪਈ ਖਾਲੀ ਥਾਂ ਵੱਲ ਚਲਿਆ ਗਿਆ ਅਤੇ ਉੱਥੋਂ ਇਕ ਘਾਹ ਕੱਟਣ ਵਾਲ਼ਾ ਲੰਬਾ ਚਾਕੂ ਜਿਹਾ ਚੁੱਕ ਲਿਆਇਆ, ਜਿਸ ਦੇ ਪਿੱਛੇ ਲੱਕੜ ਦਾ

ਮੁੱਠਾ ਲੱਗਿਆ ਹੋਇਆ ਸੀ। ਉਸਨੇ ਆ ਕੇ ਛੁਰੀ-ਨੁਮਾ ਚਾਕੂ ਨੂੰ ਤਿੰਨ-ਚਾਰ ਵਾਰ ਦਰੱਖ਼ਤ ਦੇ ਪੋਰੇ 'ਤੇ ਮਾਰਿਆ ਤੇ ਫੇਰ ਕਿਹਾ ਕਿ ਉਹ ਦੋਵੇਂ ਕੱਟ ਵਾਲ਼ੀ ਜਗ੍ਹਾ ਸੁੰਘ ਕੇ ਵੇਖਣ।

ਸਹਿਜ ਨੇ ਕੱਟ ਵਾਲ਼ੀ ਥਾਂ 'ਤੇ ਨੱਕ ਕੀਤਾ ਅਤੇ ਅੰਦਰ ਨੂੰ ਸਾਹ ਖਿੱਚਿਆ ਤੇ ਚੰਦਨ ਵੱਲ ਵੇਖਿਆ। ਸਹਿਜ ਦੀ ਰੂਹ ਸੁਗੰਧੀ ਗਈ ਸੀ। ਉਸਨੂੰ ਪਤਾ ਹੀ ਨਾ ਲੱਗਿਆ, ਕਦੋਂ ਚੰਦਨ ਉਹਦੇ ਮਨ 'ਚ ਜਾ ਉਤਰਿਆ। ਉਹ ਰੁੱਖ ਦੇ ਪੋਰੇ ਤੋਂ ਪਾਸੇ ਹੋਈ। ਮਾਲੀ ਨੇ ਫੇਰ ਚੰਦਨ ਵੱਲ ਇਸ਼ਾਰਾ ਕੀਤਾ ਕਿ ਉਹ ਕੱਟ ਵਾਲ਼ੀ ਥਾਂ ਸੁੰਘ ਕੇ ਵੇਖੇ। ਮੁੰਡੇ-ਕੁੜੀਆਂ ਅੱਗੇ ਲੰਘ ਗਏ ਸਨ ਅਤੇ ਨਾਲ਼ ਆਈ ਵੱਡੀ ਮੈਡਮ ਰੁੱਖੇ ਬੋਲ ਵਿਚ ਸਹਿਜ ਨੂੰ ਆਵਾਜ਼ਾਂ ਮਾਰ ਰਹੀ ਸੀ। ਉਹ ਭੱਜ ਕੇ ਉਨ੍ਹਾਂ ਦੇ ਨਾਲ਼ ਜਾ ਰਲ਼ੇ।

ਜਦੋਂ ਬੀੜ ਵੇਖ ਕੇ ਉਹ ਵਾਪਿਸ ਆਏ ਤਾਂ ਸਹਿਜ ਦਾ ਪਾਪਾ ਸਕੂਲ ਦੇ ਗੇਟ ਅੱਗੇ ਕਾਰ ਲਾਈ ਖੜ੍ਹਾ ਸੀ। ਸਹਿਜ ਭੱਜ ਕੇ ਉਤਰੀ ਅਤੇ ਮੈਡਮਾਂ ਵੱਲ ਹੱਥ ਹਿਲਾਉਂਦੀ ਹੋਈ ਪਾਪਾ ਦੀ ਕਾਰ ਵੱਲ ਚਲੀ ਗਈ। ਉਸਨੇ ਇਸ਼ਾਰੇ ਨਾਲ਼ ਚੰਦਨ ਵੱਲ ਵੀ ਹੱਥ ਹਿਲਾਇਆ ਸੀ।

ਘਰੇ ਆ ਕੇ ਸਹਿਜ ਨੇ ਆਪਣੇ ਪਾਪਾ ਨੂੰ ਚੰਦਨ ਦੇ ਦਰੱਖ਼ਤ ਬਾਰੇ ਦੱਸਿਆ। ਮਾਲੀ ਨੇ ਇਹ ਵੀ ਦੱਸਿਆ ਸੀ ਕਿ ਜਿਹੜੇ ਘਰ ਵਿਚ ਚੰਦਨ ਦਾ ਰੁੱਖ ਲੱਗਿਆ ਹੋਇਆ ਹੁੰਦਾ ਹੈ, ਉਸ ਘਰ ਵਿਚ ਜਦੋਂ ਹਵਾ ਵਗਦੀ ਹੈ ਤਾਂ ਚਾਰੇ ਪਾਸੇ ਮਹਿਕ ਖਿੱਲਰ ਜਾਂਦੀ ਹੈ। ਆਲ਼ਾ-ਦੁਆਲ਼ਾ ਸੁਗੰਧ ਨਾਲ਼ ਭਰ ਜਾਂਦਾ ਹੈ। ਉਸਨੇ ਦੱਸਿਆ ਸੀ ਕਿ ਚੰਦਨ ਦਾ ਰੁੱਖ ਬਹੁਤ ਕੀਮਤੀ ਹੁੰਦਾ ਹੈ।

ਅਗਲਾ ਦਿਨ ਐਤਵਾਰ ਸੀ। ਸਹਿਜ ਆਪਣੇ ਪਾਪਾ ਨੂੰ ਸ਼ਹਿਰ ਦੀਆਂ ਸਾਰੀਆਂ ਨਰਸਰੀਆਂ ਵਿਚ ਲੈ ਕੇ ਗਈ ਸੀ ਅਤੇ ਚੰਦਨ ਦੇ ਬੂਟੇ ਦੀ ਮੰਗ ਕੀਤੀ ਪਰ ਸਾਰੇ ਜਵਾਬ ਦੇ ਗਏ ਕਿ ਉਨ੍ਹਾਂ ਕੋਲ਼ ਕਦੇ ਕੋਈ ਚੰਦਨ ਦਾ ਬੂਟਾ ਲੈਣ ਨਹੀਂ ਆਇਆ ਅਤੇ ਨਾ ਹੀ ਉਨ੍ਹਾਂ ਨੂੰ ਪਤਾ ਹੈ ਕਿ ਉਹ ਕਿੱਥੋਂ ਮਿਲਦਾ ਹੈ?

ਚੰਦਨ ਦਾ ਬੂਟਾ ਨਾ ਮਿਲਣ ਕਾਰਨ ਸਹਿਜ ਬਹੁਤ ਉਦਾਸ ਹੋ ਗਈ। ਮਨ ਉਸਦਾ ਹੋਰ ਵੀ ਬਹੁਤ ਉਦਾਸ ਸੀ। ਉਹ ਚਾਹੁੰਦੀ ਸੀ ਕਿ ਕਿਹੜੇ ਵੇਲ਼ੇ ਉਨ੍ਹਾਂ ਦੇ ਬਾਗ਼ ਵਿਚ ਚੰਦਨ ਦਾ ਬੂਟਾ ਲੱਗ ਜਾਵੇ।

ਸਹਿਜ ਤੇ ਚੰਦਨ ਦੋਵੇਂ ਕੱਦਾਵਰ ਸੀ। ਕਲਾਸ ਵਿਚ ਚੰਦਨ ਜਿੱਡਾ ਲੰਬਾ ਕੋਈ ਮੁੰਡਾ ਨਹੀਂ ਸੀ ਅਤੇ ਨਾ ਹੀ ਸਹਿਜ ਲੰਬੀ ਕੋਈ ਕੁੜੀ। ਉਹਦਾ ਕੱਦ ਮੈਡਮਾਂ ਦੇ ਹਾਣ ਦਾ ਸੀ ਅਤੇ ਦੋ-ਤਿੰਨ ਜਿਹੜੇ ਅਧਿਆਪਕ ਮੁੰਡੇ ਪੜ੍ਹਾਉਂਦੇ ਸਨ, ਉਨ੍ਹਾਂ ਤੋਂ ਚੰਦਨ ਮਸਾਂ ਦੋ-ਦੋ ਚਾਰ-ਚਾਰ ਉਂਗਲਾਂ ਛੋਟਾ ਸੀ।

ਦੋਵੇਂ ਇਕ ਦੂਜੇ ਵੱਲ ਖਿੱਚੇ ਗਏ ਸਨ ਪਰ ਸਕੂਲ ਵਿਚ ਅਨੁਸ਼ਾਸਨ ਬਹੁਤ ਸੀ। ਮੁੰਡੇ ਕੁੜੀ ਦਾ ਖੜ੍ਹ ਕੇ ਗੱਲ ਕਰਨੀ ਬਹੁਤ ਵੱਡਾ ਗੁਨਾਹ ਸੀ। ਮੁੰਡਾ ਕੁੜੀ ਲਾਇਬ੍ਰੇਰੀ ਵਿਚ ਹੀ ਇਕੱਠੇ ਹੁੰਦੇ ਸਨ। ਉੱਥੇ ਵੀ ਇਕ ਅੱਧੀ ਗੱਲ ਮਸਾਂ ਹੁੰਦੀ ਸੀ। ਫੇਰ ਉਨ੍ਹਾਂ ਨੇ ਇਕ ਮੈਡਮ ਦੇ ਘਰੇ ਟਿਊਸ਼ਨ ਰੱਖ ਲਈ ਸੀ, ਜਿਸਦੀ ਰਿਹਾਇਸ਼ ਸਕੂਲ ਦੇ ਕੋਲ਼ ਹੀ ਸੀ। ਮੈਡਮ ਕੋਲ਼ ਬੱਚਿਆਂ ਦੇ ਕਈ ਗਰੁੱਪ ਆਉਂਦੇ ਸਨ। ਇਕ ਗਰੁੱਪ ਨੂੰ ਉਹ ਪੜ੍ਹਾ ਰਹੀ ਹੁੰਦੀ ਅਤੇ ਦੂਜਾ ਗਰੁੱਪ ਵਰਾਂਡੇ ਵਿਚ ਬੈਠਾ ਆਪਣੀ ਵਾਰੀ ਦੀ ਉਡੀਕ ਕਰਦਾ। ਇਹ ਉਡੀਕ ਸਹਿਜ ਅਤੇ ਚੰਦਨ ਨੂੰ ਖਿੱਚ ਕੇ ਇਕ ਦੂਜੇ ਦੇ ਨੇੜੇ ਕਰਦੀ। ਉਨ੍ਹਾਂ ਦੋਵਾਂ ਨੇ ਇਕ-ਦੂਜੇ ਦੇ ਫੋਨ ਨੰਬਰ ਲੈ ਲਏ ਸਨ। ਫੇਰ ਉਹ ਘਰਦਿਆਂ ਤੋਂ ਓਹਲਾ ਸਿਰਜ ਕੇ ਇਕ ਦੂਜੇ ਨਾਲ਼ ਗੱਲਾਂ ਕਰਦੇ। ਜੇ ਕਿਧਰੇ ਮਿਲਣਾ ਹੁੰਦਾ, ਉਹ ਫੋਨ 'ਤੇ ਤੈਅ ਕਰ ਲੈਂਦੇ।

ਸ਼ਹਿਰ ਵਿਚ ਇਕ ਝੀਲ ਵੀ ਸੀ। ਉੱਥੇ ਵੀ ਸ਼ਹਿਰ ਦੇ ਲੋਕ ਜਾਂਦੇ। ਮੁੰਡੇ-ਕੁੜੀਆਂ ਵੀ ਖਾਂਦੇ-ਪੀਂਦੇ। ਸਹਿਜ ਤੇ ਚੰਦਨ ਕਈ ਵਾਰ ਉੱਥੇ ਗਏ। ਝੀਲ ਦੇ ਪਿਛਲੇ ਪਾਸੇ ਸੰਘਣਾ ਜੰਗਲ ਸੀ। ਕਦੇ-ਕਦੇ ਚੰਦਨ ਕਹਿੰਦਾ, ''ਸਹਿਜ ਮੇਰਾ ਦਿਲ ਕਰਦੈ ਆਪਾਂ ਉਸ ਜੰਗਲ ਵਿਚ ਗੁੰਮ ਜਾਈਏ।''

ਸਹਿਜ ਕਹਿੰਦੀ, ''ਫੇਰ ਆਪਣੇ ਘਰ ਦੇ ਆਪਾਂ ਨੂੰ ਲੱਭਣਗੇ ਨਈਂ?''

''ਆਪਾਂ ਬਹੁਤਾ ਚਿਰ ਗੁਆਚਦੇ ਈ ਨੀ। ਘਰੇ ਚਲੇ ਜਾਵਾਂਗੇ।''

ਸਹਿਜ ਨੂੰ ਇਹ ਗੱਲ ਬੜੀ ਅਜੀਬ ਲਗਦੀ ਕਿ ਜੰਗਲ ਵਿਚ ਕਾਹਦੇ ਲਈ ਗੁਆਚਣਾ ਹੈ?

ਫੇਰ ਉਨ੍ਹਾਂ ਨੂੰ ਪਤਾ ਲੱਗਿਆ ਕਿ ਸ਼ਹਿਰ ਦੇ ਬੱਸ ਸਟੈਂਡ ਦੇ ਕੋਲ਼ ਬਹੁਤ ਸਾਰੇ ਟਿਊਸ਼ਨ ਸੈਂਟਰ ਹਨ। ਉੱਥੇ ਮੁੰਡੇ-ਕੁੜੀਆਂ ਆਈਲੈਟਸ ਵੀ ਕਰਦੇ ਸਨ ਅਤੇ ਦਸਵੀਂ ਤੋਂ ਬਾਰ੍ਹਵੀਂ ਤੱਕ ਦੀਆਂ ਟਿਊਸ਼ਨਾਂ ਵੀ ਪੜ੍ਹਦੇ। ਟਿਊਸ਼ਨ ਸੈਂਟਰਾਂ ਦੇ ਕੋਲ਼ ਫਾਸਟ ਫੂਡ ਦੀਆਂ ਵੀ ਕਈ ਦੁਕਾਨਾਂ ਸਨ। ਉੱਥੇ ਵੀ ਮੁੰਡੇ-ਕੁੜੀਆਂ ਬੈਠੇ ਰਹਿੰਦੇ। ਖਾਂਦੇ-ਪੀਂਦੇ, ਗੱਲਾਂ ਮਾਰਦੇ। ਉਹ ਦੋਵੇਂ ਵੀ ਕਈ ਵਾਰ ਉੱਥੇ ਬੈਠ ਕੇ ਖਾ-ਪੀ ਚੁੱਕੇ ਸਨ ਪਰ ਸਹਿਜ ਹੈਰਾਨ ਸੀ ਕਿ ਚੰਦਨ ਨੇ ਕਦੇ ਵੀ ਬਿੱਲ ਨਹੀਂ ਸੀ ਦਿੱਤਾ। ਹਰ ਵਾਰ ਉਹੀ ਬਿੱਲ ਦਿੰਦੀ ਸੀ। ਟਿਊਸ਼ਨ ਉਨ੍ਹਾਂ ਨੇ ਇੱਥੇ ਹੀ ਰੱਖ ਲਈ ਸੀ।

ਉਹ ਮਨੋਂ-ਮਨੀਂ ਉਹ ਇਕ ਦੂਜੇ ਦੇ ਕਾਫ਼ੀ ਨੇੜੇ ਜਾ ਚੁੱਕੇ ਸਨ। ਉਨ੍ਹਾਂ ਵਿਚਕਾਰ ਵਿੱਥ ਨਹੀਂ ਸੀ ਰਹੀ। ਸਹਿਜ ਹਰ ਵੇਲ਼ੇ ਸਹਿਜ ਰਹਿੰਦੀ ਪਰ ਚੰਦਨ ਦੀ ਅੱਖ ਦਾ ਕਦੇ-ਕਦੇ ਬਦਲਿਆ ਹੋਇਆ ਰੰਗ ਵੀ ਵੇਖਦੀ, ਜੋ ਉਸਨੂੰ ਬੁਰਾ ਲਗਦਾ ਪਰ ਕਹਿੰਦੀ ਕੁਝ ਨਾ। ਇਹ ਰੰਗ ਉਸਨੇ ਪੰਦਰਾਂ-ਵੀਹ ਦਿਨ ਤੋਂ ਮਹਿਸੂਸ ਕੀਤਾ ਸੀ।

ਚੰਦਨ ਦੇ ਪਿਤਾ ਸ਼ਹਿਰ ਦੀ ਇਕ ਵੱਡੀ ਫੈਕਟਰੀ ਵਿਚ ਅਫ਼ਸਰ ਸਨ। ਉਸਦੀ ਮਾਂ ਘਰੇਲੂ ਔਰਤ ਸੀ, ਜਦੋਂ ਕਿ ਸਹਿਜ ਦੀ ਮਾਂ ਸਰਕਾਰੀ ਅਧਿਆਪਕਾ ਸੀ। ਇਕੱਲੀ ਹੋਣ ਕਰਕੇ ਉਹਦੀ ਹਰ ਰੀਝ ਪੂਰੀ ਹੁੰਦੀ ਸੀ। ਮੂੰਹ ਮੰਗਿਆ ਖਰਚ

ਮਿਲਦਾ ਸੀ। ਉਸ ਕੋਲ਼ ਆਉਣ-ਜਾਣ ਲਈ ਨਵੀਂ ਸਕੂਟਰੀ ਸੀ। ਚੰਦਨ ਕੋਲ਼ ਸਾਈਕਲ।

ਚੰਦਨ ਦੇ ਪਿੰਡ ਦੇ ਕਾਫ਼ੀ ਲੋਕ ਇੱਥੇ ਰਹਿੰਦੇ ਸਨ। ਉਸਦੀ ਮਾਂ ਅਕਸਰ ਹੀ ਆਪਣੇ ਪਿੰਡ ਦਿਆਂ ਲੋਕਾਂ ਦੇ ਘਰੇ ਮਿਲਣ ਜਾਂਦੀ। ਚੰਦਨ ਨੂੰ ਇਸ ਗੱਲ ਦਾ ਪਤਾ ਸੀ। ਉਸਨੇ ਛੁੱਟੀ ਵਾਲ਼ੇ ਦਿਨ ਸਹਿਜ ਨੂੰ ਜ਼ੋਰ ਪਾ ਕੇ ਆਪਣੇ ਘਰੇ ਬੁਲਾ ਲਿਆ। ਘਰ ਦਾ ਰਾਹ ਦੱਸ ਦਿੱਤਾ। ਦੱਸੀਆਂ ਨਿਸ਼ਾਨੀਆਂ ਅਨੁਸਾਰ ਸਹਿਜ ਚਲੀ ਗਈ। ਘਰੇ ਕੋਈ ਨਹੀਂ ਸੀ। ਸਹਿਜ ਨੇ ਉਸ ਦਿਨ ਪੰਜਾਬੀ ਸੂਟ ਪਾਇਆ ਹੋਇਆ ਸੀ। ਗਲ਼ ਵਿਚ ਚੁੰਨੀ ਸੀ। ਉਹ ਉਨ੍ਹਾਂ ਦੇ ਛੋਟੇ ਜਿਹੇ ਹਾਲ ਕਮਰੇ ਵਿਚ ਆਈ ਤਾਂ ਚੰਦਨ ਕਹਿੰਦਾ, ''ਸਹਿਜ! ਇਹ ਕੀ ਪਾਇਐ ਤੂੰ? ਇਹ ਤਾਂ ਤੂੰ ਆਂਟੀ ਜਿਹੀ ਲਗਦੀ ਐਂ।''

''ਤੈਨੂੰ ਪਤੈ ਆਂਟੀ ਕੀ ਹੁੰਦੀ ਐ?''

''ਕੀ ਹੁੰਦੀ ਐ?'' ਚੰਦਨ ਨੇ ਅੱਖਾਂ ਚੜ੍ਹਾ ਕੇ ਪੁੱਛਿਆ।

''ਮੈਂ ਇਕ ਫ਼ਿਲਮ ਵੇਖੀ ਸੀ। ਉਸ ਵਿਚ ਆਂਟੀ ਆਪਣੇ ਘਰੇ ਔਰਤਾਂ ਤੋਂ ਬੁਰਾ ਕੰਮ ਕਰਵਾਉਂਦੀ ਸੀ। ਤੂੰ ਸੋਚ ਕੇ ਬੋਲਿਆ ਕਰ।'' ਸਹਿਜ ਨੇ ਕਿਹਾ।

ਉਹਦੀ ਆਵਾਜ਼ ਵਿਚ ਗੁੱਸੇ ਦਾ ਰਲ਼ਾ ਸੀ। ਚੰਦਨ ਝਿਪ ਗਿਆ। ਬੋਲਿਆ ਨਹੀਂ। ਉਹ ਰਸੋਈ ਵਿਚ ਗਿਆ ਅਤੇ ਟ੍ਰੇਅ 'ਚ ਦੋ ਗਿਲਾਸਾਂ 'ਚ ਕੋਕ ਲੈ ਆਇਆ। ਸਹਿਜ ਸੋਫ਼ੇ ਦੇ ਸੱਜੇ ਪਾਸੇ ਬੈਠੀ ਸੀ ਅਤੇ ਵਿਚਕਾਰ ਕਾਫ਼ੀ ਥਾਂ ਸੀ। ਚੰਦਨ ਨੇ ਟ੍ਰੇਅ ਮੇਜ਼ ਉੱਪਰ ਰੱਖ ਦਿੱਤੀ। ਸਹਿਜ ਦੀ ਚੁੰਨੀ ਦਾ ਪੱਲਾ ਸੱਜੇ ਪਾਸੇ ਸੋਫ਼ੇ 'ਤੇ ਖਿੱਲਰਿਆ ਹੋਇਆ ਸੀ। ਚੰਦਨ ਸੋਫ਼ੇ ਦੇ ਖੱਬੇ ਸਿਰੇ 'ਤੇ ਬੈਠ ਗਿਆ। ਕਹਿਣ ਲੱਗਿਆ, ''ਸਹਿਜ! ਆਪਣੀ ਚੁੰਨੀ ਪਾਸੇ ਕਰ ਲੈ।''

ਸਹਿਜ ਨੂੰ ਉਹ ਬੁਰਾ ਲੱਗਿਆ। ਉਸਨੇ ਕਿਹਾ, ''ਇਹ ਚੁੰਨੀ ਜਿੱਥੇ ਹੈ, ਠੀਕ ਹੈ। ਤੈਨੂੰ ਕੀ ਕਹਿੰਦੀ ਐ ਇਹ?'' ਸਹਿਜ ਨੇ ਅਣਮੰਨੇ ਮਨ ਨਾਲ਼ ਕੋਕ ਪੀ ਲਿਆ। ਉਹਨੇ ਵੇਖਿਆ, ਹਾਲ ਕਮਰੇ 'ਚ ਵੱਡੀ ਸਾਰੀ ਕ੍ਰਿਸ਼ਨ ਦੀ ਫੋਟੋ ਲੱਗੀ ਹੋਈ ਸੀ। ਇਕ ਕ੍ਰਿਸ਼ਨ ਦੀ ਫੋਟੋ ਰਾਧਾ ਨਾਲ਼ ਸੀ, ਜਦੋਂ ਕਿ ਸਹਿਜ ਕੇ ਘਰੇ ਗੁਰੂਆਂ ਦੀਆਂ ਸੋਭਾ ਸਿੰਘ ਦੀਆਂ ਬਣਾਈਆਂ ਹੋਈਆਂ ਸੁਨਹਿਰੀ ਫਰੇਮਾਂ ਵਾਲ਼ੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਉਹਨੇ ਹਾਲ ਕਮਰਾ ਵੇਖਿਆ। ਉਹਨੇ ਨਿਗ੍ਹਾ ਘੁੰਮਾ ਕੇ ਵੇਖਿਆ। ਹਾਲ ਕਮਰਾ ਉਸਦੇ ਸੌਣ ਵਾਲ਼ੇ ਕਮਰੇ ਤੋਂ ਵੀ ਛੋਟਾ ਸੀ।

ਜਦੋਂ ਉਹ ਚੰਦਨ ਕੇ ਘਰ ਆਈ ਸੀ ਤਾਂ ਗੇਟ ਦੇ ਨਾਲ਼ ਮਸਾਂ ਮੰਜੇ ਕੁ ਜਿੰਨੀ ਥਾਂ ਛੱਡੀ ਹੋਈ ਸੀ, ਜਦੋਂਕਿ ਉਨ੍ਹਾਂ ਦੀ ਕੋਠੀ ਦੂਰ ਤੱਕ ਫੈਲੀ ਹੋਈ ਸੀ ਅਤੇ ਕੋਠੀ ਤੋਂ ਚੌਗੁਣੇ ਥਾਂ ਵਿਚ ਬਾਗ਼ ਲੱਗਿਆ ਹੋਇਆ ਸੀ। ਹਰ ਤੀਜੇ ਦਿਨ ਮਾਲੀ ਆਉਂਦਾ ਸੀ। ਫੁੱਲ-ਬੂਟਿਆਂ ਦੀ ਦੇਖ-ਰੇਖ ਕਰਦਾ। ਅੰਗਰੇਜ਼ੀ ਘਾਹ ਵਿਚੋਂ ਦੇਸੀ ਖੱਬਲ਼ ਕੱਢ ਕੇ ਜਾਂਦਾ। ਫੁੱਲਾਂ ਦੇ ਨਵੇਂ ਬੂਟੇ ਲਾ ਕੇ ਜਾਂਦਾ। ਉਨ੍ਹਾਂ ਦੇ ਬਾਗ਼ ਵਿਚ ਆਲੂ-ਬੁਖ਼ਾਰਿਆਂ ਦੇ ਦਰੱਖ਼ਤ ਵੀ ਸਨ। ਦੋ ਅੰਬਾਂ ਦੇ ਦਰੱਖ਼ਤ ਵੀ। ਸੰਗਤਰੇ ਤੇ ਕਿੰਨੂ ਵੀ। ਅਮਰੂਦ ਅਤੇ ਜਾਮਣ ਦੇ ਦਰੱਖ਼ਤ ਵੀ। ਲੀਚੀਆਂ ਦੇ ਵੀ ਕਈ ਦਰੱਖ਼ਤ ਸਨ। ਕਾਫ਼ੀ ਬੂਟੇ ਬਦਾਮਾਂ ਦੇ ਵੀ ਸਨ। ਬਾਗ਼ ਦੇ ਇਕ ਪਾਸੇ ਮਾਲੀ ਸਬਜ਼ੀਆਂ ਬੀਜਦਾ। ਕਾਫ਼ੀ ਪੈਸੇ ਸਹਿਜ ਦਾ ਪਾਪਾ ਮਾਲੀ ਨੂੰ ਮਹੀਨੇ ਦੇ ਦਿੰਦਾ ਸੀ।

ਕੋਕ ਖ਼ਤਮ ਹੋਇਆ ਤਾਂ ਸਹਿਜ ਉੱਠ ਖੜ੍ਹੀ। ਚੰਦਨ ਨੇ ਆਪਣੇ ਘਰ ਦਾ ਪਿਛਲਾ ਪਾਸਾ ਉਹਨੂੰ ਵਿਖਾਉਣਾ ਚਾਹਿਆ ਪਰ ਉਹ ਕਹਿੰਦੀ, ''ਕਦੇ ਫੇਰ ਸਹੀ।'' ਮਨ 'ਚ ਉਹ ਕਹਿ ਰਹੀ ਸੀ ਕਿ ਘਰ ਵੇਖ ਹੀ ਲਿਆ ਹੈ, ਹੁਣ ਕੀ ਵੇਖਣਾ ਹੈ?

ਪਿਛਲੇ ਪੰਦਰਾਂ-ਵੀਹ ਦਿਨਾਂ ਤੋਂ ਉਹਨੂੰ ਚੰਦਨ ਦੇ ਅੱਖਾਂ ਦੇ ਬਦਲਦੇ ਰੰਗ ਚੁਭਣ ਲੱਗ ਪਏ ਸਨ। ਹੁਣ ਉਹਦੇ ਕਾਲ਼ਜੇ 'ਚ ਪਹਿਲਾਂ ਜਿੰਨੀ ਧੂਹ ਨਹੀਂ ਸੀ ਪੈਂਦੀ। ਉਹਦੇ ਫੋਨ ਦਿਨੋ-ਦਿਨ ਛੋਟੇ ਹੋਣ ਲੱਗ ਪਏ ਸਨ ਪਰ ਉਹ ਉਸਦਾ ਫੋਨ ਫੇਰ ਵੀ ਸੁਣਦੀ ਸੀ ਤਾਂ ਕਿ ਉਸਨੂੰ ਅਹਿਸਾਸ ਨਾ ਹੋਵੇ ਕਿ ਉਹ ਉਸਨੂੰ ਨਫ਼ਰਤ ਕਰਨ ਲੱਗ ਪਈ ਹੈ।

ਬੱਸ ਸਟੈਂਡ ਦੇ ਕੋਲ਼ ਇਕ ਦਿਨ ਪੀਜ਼ਾ ਖਾਂਦਿਆਂ ਚੰਦਨ ਨੇ ਕਿਹਾ ਸੀ, ''ਸਹਿਜ! ਤੂੰ ਮੇਰੀ ਹੈਂ, ਸਿਰਫ਼ ਮੇਰੀ। ਤੂੰ ਕਿਸੇ ਦੀ ਨਹੀਂ ਹੋ ਸਕਦੀ।''

ਇਹ ਗੱਲ ਸਹਿਜ ਨੇ ਗੰਭੀਰਤਾ ਨਾਲ਼ ਨਹੀਂ ਸੀ ਲਈ ਕਿ ਉਹ ਆਪਣੇ ਮਨ ਵਿਚ ਕਿੱਦਾਂ ਦੇ ਸੁਪਨੇ ਬੁਣਨ ਲੱਗ ਪਿਆ ਹੈ। ਇਹ ਖਾਣ-ਪੀਣ ਵਾਲ਼ੀਆਂ ਦੁਕਾਨਾਂ ਦੋ-ਦੋ ਤਿੰਨ-ਤਿੰਨ ਮੰਜ਼ਲੀਆਂ ਵੀ ਸਨ। ਦੋ-ਤਿੰਨ ਵਾਰ ਉਤਰਨ ਵੇਲ਼ੇ ਚੰਦਨ ਨੇ ਸਹਿਜ ਦਾ ਹੱਥ ਵੀ ਫੜ ਲਿਆ ਸੀ ਪਰ ਸਹਿਜ ਨੇ ਛੁਡਾਇਆ ਨਹੀਂ ਸੀ ਕਿ ਚੰਦਨ ਇਹ ਨਾ ਸਮਝੇ ਕਿ ਉਹ 'ਨੈਰੋ-ਮਾਈਂਡਿਡ' ਹੈ।

ਉਹ ਸਭ ਕੁਝ ਵੇਖ ਕੇ ਅਣਡਿੱਠ ਕਰ ਰਹੀ ਸੀ। ਉਹ ਇਕ ਦਿਨ ਥੀਏਟਰ ਵਿਚ ਫ਼ਿਲਮ ਵੀ ਵੇਖਣ ਚਲੇ ਗਏ ਸਨ। ਫ਼ਿਲਮ ਵੇਖਦਾ-ਵੇਖਦਾ ਚੰਦਨ ਆਪਣੀ ਕੁਰਸੀ ਤੋਂ ਬਾਹਰ ਵੀ ਸਹਿਜ ਵੱਲ ਛਲਕਣ ਲੱਗ ਪਿਆ ਸੀ, ਜੋ ਉਸਨੂੰ ਕਾਫ਼ੀ ਬੁਰਾ ਲੱਗਿਆ ਸੀ। ਸਹਿਜ ਨੂੰ ਯਕੀਨ ਹੋ ਗਿਆ ਸੀ ਕਿ ਉਸਦਾ ਮਨ ਸਾਫ਼ ਨਹੀਂ ਹੈ। ਸੋਚ ਰਹੀ ਸੀ ਕਿ ਉਹ ਜਿਹੜੇ ਰਸਤੇ 'ਤੇ ਉਸ ਨਾਲ਼ ਤੁਰ ਰਹੀ ਹੈ, ਲੰਬਾ ਸਮਾਂ ਨਹੀਂ ਤੁਰ ਸਕੇਗੀ ਪਰ ਅਜਿਹਾ ਮੌਕਾ ਵੀ ਨਹੀਂ ਸੀ ਆ ਰਿਹਾ ਕਿ ਉਹ ਆਪਣਾ ਰਸਤਾ ਵੱਖਰਾ ਕਰ ਲੈਂਦੀ ਪਰ ਫੇਰ ਵੀ ਉਹਦੇ ਮਨ ਵਿਚ ਚੰਦਨ ਪ੍ਰਤੀ ਥੋੜ੍ਹੀ-ਬਹੁਤੀ ਥਾਂ ਸੀ, ਜਿਹੜੀ ਉਹ ਖ਼ਤਮ ਕਰਨਾ ਨਹੀਂ ਸੀ ਚਾਹੁੰਦੀ। ਉਹਨੇ ਰੂਹ 'ਚੋਂ ਉਸਨੂੰ ਚਾਹਿਆ ਸੀ।

ਜਦੋਂ ਉਹ ਬਹਿਮਣ ਬੀੜ ਤੋਂ ਮੁੜੇ ਸਨ ਤਾਂ ਪਿੱਛੋਂ ਸਹਿਜ ਟੀ.ਵੀ. 'ਤੇ ਪੰਜਾਬੀ ਫ਼ਿਲਮ ਵੇਖਦੀ ਜਾਂ ਹਿੰਦੀ ਫ਼ਿਲਮ

ਵਿਚ ਹੀਰੋ ਤੇ ਹੀਰੋਇਨ 'ਤੇ ਫ਼ਿਲਮਾਏ ਗਏ ਗੀਤ ਵੇਖਦੀ ਤਾਂ ਉਹਨੂੰ ਹੀਰੋ ਚੰਦਨ ਵਰਗਾ ਲਗਦਾ ਸੀ ਅਤੇ ਹੀਰੋਇਨ ਆਪਣੇ ਵਰਗੀ। ਲਗਦਾ ਕਿ ਜਿਵੇਂ ਉਹ ਆਪ ਹੋਵੇ। ਸੁਪਨੇ ਵੀ ਉਸਨੂੰ ਚੰਦਨ ਦੇ ਬਹੁਤ ਆਉਂਦੇ ਸਨ। ਉਹਨੇ ਚੰਦਨ ਨੂੰ ਦੱਸ ਵੀ ਦਿੱਤਾ ਸੀ ਆਉਣ ਵਾਲ਼ੇ ਸੁਪਨਿਆਂ ਬਾਰੇ ਪਰ ਉਹ ਹੈਰਾਨ ਸੀ ਕਿ ਚੰਦਨ ਨੇ ਕਦੇ ਨਹੀਂ ਸੀ ਦੱਸਿਆ ਕਿ ਉਸਨੂੰ ਕੋਈ ਸਹਿਜ ਦਾ ਸੁਪਨਾ ਆਇਆ ਹੈ।

ਹਰ ਵਾਰ ਉਹ ਵੇਖਦੀ। ਉਸਦੀਆਂ ਅੱਖਾਂ ਦਾ ਰੰਗ ਪਹਿਲਾਂ ਨਾਲ਼ੋਂ ਬਦਲਿਆ ਹੁੰਦਾ। ਉਹ ਜਿਹੜਾ ਕਦੇ ਉਸਨੂੰ ਸਕੂਲ ਦੇ ਸਾਰੇ ਮੁੰਡਿਆਂ ਨਾਲ਼ੋਂ ਲੰਬਾ ਲਗਦਾ ਸੀ, ਹੁਣ ਪਤਾ ਨਹੀਂ ਕਿਉਂ ਲੰਬਾ ਲੱਗਣੋ ਹਟ ਗਿਆ ਸੀ। ਉਹਦੇ ਮੂਹਰਲੇ ਦੋ ਦੰਦਾਂ ਵਿਚਲੀ ਵਿੱਥ ਵੇਖਣ ਵੇਲ਼ੇ ਮਨ 'ਚ ਪਹਿਲਾਂ ਜਿੰਨੀ ਧੂਹ ਨਹੀਂ ਸੀ ਪਾਉਂਦੀ। ਉਸਦੇ ਫੋਨ ਵੀ ਬੇਤੁਕੇ ਜਿਹੇ ਹੁੰਦੇ। ਉਸਨੂੰ ਬੇਕਰਾਰੀ ਨਹੀਂ ਸੀ ਹੁੰਦੀ ਤੇ ਨਾ ਹੀ ਉਡੀਕ ਦਾ ਦਰਦ।



ਸਹਿਜ ਦਾ ਪਿਤਾ ਚੰਦਨ ਦਾ ਬੂਟਾ ਲੈਣ ਲਈ ਬੜਾ ਤਤਪਰ ਸੀ। ਉਸਦੇ ਦਫ਼ਤਰ ਇਕ ਪੱਤਰਕਾਰ ਆਇਆ। ਉਸਨੇ ਉਸ ਕੋਲ਼ ਗੱਲ ਕੀਤੀ ਕਿ ਇਹ ਤੁਰਦਾ-ਫਿਰਦਾ ਆਦਮੀ ਹੈ। ਸ਼ਾਇਦ ਉਸਨੂੰ ਕਿਸੇ ਰਾਹ ਪਾ ਦੇਵੇ।

ਸਹਿਜ ਦੇ ਪਿਤਾ ਦੀ ਪੋਸਟਿੰਗ ਬਠਿੰਡੇ ਸੀ। ਪੱਤਰਕਾਰ ਨੇ ਦੱਸਿਆ ਕਿ ਬਹਿਮਣ ਬੀੜ ਵਿਚ ਚੰਦਨ ਦੇ ਬੂਟਿਆਂ ਦੀ ਪਨੀਰੀ ਤਿਆਰ ਕੀਤੀ ਜਾਂਦੀ ਹੈ। ਸਿਫ਼ਾਰਸ਼ ਨਾਲ਼ ਹੀ ਉੱਥੋਂ ਕੋਈ ਬੂਟਾ ਮਿਲਦਾ ਹੈ।

ਫਿਰ ਜਦੋਂ ਸਹਿਜ ਦੇ ਪਿਤਾ ਨੇ ਸਹਿਜ ਦੀ ਕੀਤੀ ਗਈ ਜ਼ਿੱਦ ਬਾਰੇ ਦੱਸਿਆ ਸੀ ਤਾਂ ਪੱਤਰਕਾਰ ਦਾ ਮਨ ਪਸੀਜ ਗਿਆ ਸੀ। ਉਸਨੇ ਵਾਅਦਾ ਕਰ ਲਿਆ ਸੀ ਕਿ ਉਹ ਚੰਦਨ ਦਾ ਇਕ ਬੂਟਾ ਬੀੜ 'ਚੋਂ ਦਿਵਾ ਦੇਵੇਗਾ ਤੇ ਉਸਨੇ ਕੱਲ੍ਹ ਆਪਣਾ ਵਾਅਦਾ ਵੀ ਪੂਰਾ ਕਰ ਦਿੱਤਾ ਸੀ ਅਤੇ ਨਾਲ਼ ਜਾ ਕੇ ਦਿਵਾ ਕੇ ਵੀ ਲਿਆਇਆ।

ਸਹਿਜ ਦੇ ਪਾਪਾ ਬਹੁਤ ਖ਼ੁਸ਼ ਸਨ ਕਿ ਜਦੋਂ ਉਹ ਉਸਨੂੰ ਚੰਦਨ ਦੇ ਬੂਟੇ ਬਾਰੇ ਦੱਸਣਗੇ ਤਾਂ ਕਿੰਨੀ ਖ਼ੁਸ਼ ਹੋਵੇਗੀ ਉਹ ਪਰ ਉਹ ਉਸਦੇ ਆਉਣ ਤੱਕ ਸੌਂ ਚੁੱਕੀ ਸੀ। ਉਹ ਆਪਣੇ ਦੋ-ਤਿੰਨ ਮਿੱਤਰਾਂ ਨਾਲ਼ ਬਠਿੰਡੇ ਕਿਸੇ ਹੋਟਲ ਵਿਚ ਬੈਠ ਗਿਆ ਸੀ ਅਤੇ ਸਮਾਂ ਕਾਫ਼ੀ ਬੀਤ ਗਿਆ ਸੀ, ਜਿਸਦਾ ਉਸਨੂੰ ਹੋਟਲ 'ਚੋਂ ਬਾਹਰ ਆ ਕੇ ਹੀ ਪਤਾ ਲੱਗਿਆ ਸੀ। ਉਸਨੇ ਮਾਲੀ ਨੂੰ ਫੋਨ ਕਰ ਦਿੱਤਾ ਸੀ ਕਿ ਉਹ ਹੁਣੇ ਡੇਢ ਫੁੱਟ ਡੂੰਘਾ ਟੋਆ ਪੁੱਟ ਜਾਵੇ। ਉਹ ਨਾਲ਼ ਇਕ ਬੂਟਾ ਲਿਆ ਰਿਹਾ ਹੈ, ਜੋ ਤੜਕੇ ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਲਾਉਣਾ ਹੈ।

ਦਿਨ ਚੜ੍ਹ ਗਿਆ ਸੀ। ਸਹਿਜ ਕੇ ਘਰੇ ਪਿਛਲੀ ਕੰਧ ਉੱਪਰ ਫੁੱਲਾਂ ਵਾਲ਼ੀਆਂ ਵੇਲਾਂ ਚੜ੍ਹਾਈਆਂ ਹੋਈਆਂ ਸਨ। ਉਨ੍ਹਾਂ ਵੇਲਾਂ ਵਿਚ ਕੰਡੇਦਾਰ ਹੋਣ ਕਰਕੇ ਆਲ਼ੇ-ਦੁਆਲ਼ੇ ਦੀਆਂ ਚਿੜੀਆਂ ਰਾਤ ਕੱਟਦੀਆਂ ਸਨ ਤੇ ਤੜਕੇ ਵੇਲ਼ੇ ਰਲ਼ ਕੇ ਚਰਚੋਲ੍ਹੜ ਪਾਉਂਦੀਆਂ। ਆਲ਼ੇ-ਦੁਆਲ਼ੇ 'ਚ ਰੂਹ ਨੂੰ ਸਕੂਨ ਦੇਣ ਵਾਲ਼ੀਆਂ ਉਨ੍ਹਾਂ ਦੀਆਂ ਆਵਾਜ਼ਾਂ ਖਿਲਰ ਜਾਂਦੀਆਂ। ਸਹਿਜ ਚਿੜੀਆਂ ਦੀਆਂ ਆਵਾਜ਼ਾਂ ਸੁਣ ਕੇ ਹੀ ਉਠਦੀ ਸੀ।

ਸਹਿਜ ਦੇ ਪਾਪਾ ਤੜਕੇ ਉੱਠ ਕੇ ਸੈਰ ਕਰਨ ਜਾਂਦੇ ਸਨ। ਉਹ ਸੈਰ ਕਰਕੇ ਆਏ ਤਾਂ ਸਹਿਜ ਸ਼ੈਂਕ 'ਤੇ ਬੁਰਸ਼ ਕਰ ਰਹੀ ਸੀ। ਉਸਦੇ ਪਾਪਾ ਨੇ ਦਿਲ ਦੀ ਪੂਰੀ ਖ਼ੁਸ਼ੀ ਨਾਲ਼ ਉਹਨੂੰ ਵਿਸ਼ ਕੀਤਾ ਅਤੇ ਕਿਹਾ, ''ਸਹਿਜ! ਮੈਂ ਤੇਰਾ ਵਾਅਦਾ ਪੂਰਾ ਕਰ ਦਿੱਤੈ। ਮਾਲੀ ਆਉਣ ਵਾਲ਼ੈ। ਆਪਾਂ ਚੰਦਨ ਦਾ ਬੂਟਾ ਲਾਵਾਂਗੇ।''

ਸਹਿਜ ਨੇ ਪਾਪਾ ਦੀ ਖ਼ੁਸ਼ੀ ਵਿਚ ਖ਼ੁਸ਼ੀ ਰਲ਼ਾਈ ਪਰ ਜੋ ਖ਼ੁਸ਼ੀ ਉਸਨੂੰ ਬਹਿਮਣ ਬੀੜ 'ਚੋਂ ਆਉਣ ਦੇ ਕੁਝ ਦਿਨਾਂ ਬਾਅਦ ਚੰਦਨ ਦਾ ਬੂਟਾ ਮਿਲਣ 'ਤੇ ਹੋਣੀ ਸੀ, ਉਹ ਨਹੀਂ ਹੋਈ।

ਸਹਿਜ ਨੇ ਕੁਰਲੀ ਕੀਤੀ ਅਤੇ ਹੱਥ ਧੋ ਕੇ ਰਿੰਗ ਵਿਚ ਲਟਕਦੇ ਤੌਲੀਏ ਨਾਲ਼ ਹੱਥ ਪੂੰਝੇ ਤਾਂ ਉਸਦੇ ਪਾਪਾ ਨੇ ਕਿਹਾ, ''ਆ ਤੈਨੂੰ ਚੰਦਨ ਦਾ ਬੂਟਾ ਵਿਖਾਵਾਂ।''

ਉਹ ਆਪਣੇ ਪਿਤਾ ਦੇ ਮਗਰ-ਮਗਰ ਕਦਮ ਪੁੱਟਣ ਲੱਗੀ। ਉਸਦੇ ਪਾਪਾ ਨੇ ਚੰਦਨ ਦੇ ਬੂਟੇ ਵੱਲ ਹੱਥ ਕਰਕੇ ਕਿਹਾ, ''ਆਹ ਹੈ ਚੰਦਨ ਦਾ ਬੂਟਾ।''


''ਇਹ ਦੂਜਾ ਬੂਟਾ ਕਾਹਦੈ?'' ਸਹਿਜ ਨੇ ਪੁੱਛਿਆ।

''ਇਹ ਅਰਹਰ ਦਾ ਬੂਟਾ ਐ। ਇਹ ਚੰਦਨ ਦੇ ਬੂਟੇ ਦੇ ਨਾਲ਼ ਲਾਉਣਾ ਪਵੇਗਾ। ਜਿਉਂ-ਜਿਉਂ ਚੰਦਨ ਦਾ ਬੂਟਾ ਜੜ੍ਹ ਲਾਉਂਦਾ ਜਾਵੇਗਾ, ਅਰਹਰ ਦਾ ਬੂਟਾ ਸੁੱਕਣ ਲੱਗ ਪਵੇਗਾ। ਚੰਦਨ ਦਾ ਬੂਟਾ ਵਧਣੇ ਪੈ ਜਾਵੇਗਾ ਅਤੇ ਅਰਹਰ ਦਾ ਬੂਟਾ ਸੁੱਕ ਜਾਵੇਗਾ।''

ਸੁਣ ਕੇ ਸਹਿਜ ਇਕਦਮ ਉਦਾਸ ਹੋ ਗਈ, ''ਪਾਪਾ! ਇਹ ਕੀ ਗੱਲ ਹੋਈ? ਜਿਹੜਾ ਹਰਾ ਹੀ ਬਲੀ ਲੈ ਕੇ ਹੋਵੇਗਾ, ਅੱਗੇ ਜਾ ਕੇ ਕੀ ਕਰੇਗਾ? ਆਪਾਂ ਨਈਂ ਲਾਉਣਾ ਇਹ। ਸੁੱਟ ਦਿਉ ਪਰ੍ਹਾਂ। ਰਹਿਣ ਦਿਉ ਪਾਪਾ।'' ਇਹ ਕਹਿ ਕੇ ਸਹਿਜ ਆਪਣੇ ਬੈੱਡ-ਰੂਮ 'ਚ ਚਲੀ ਗਈ ਅਤੇ ਮੋਬਾਈਲ ਚੁੱਕ ਕੇ ਚੰਦਨ ਦਾ ਨੰਬਰ ਡਿਲੀਟ ਕਰ ਦਿੱਤਾ।

**98143-80749**

## ਕਵਿਤਾਵਾਂ / ਦਰਸ਼ਨ ਬੁਲੰਦਵੀ



ਦੁੱਖ ਦੀ ਜਦ ਪੀੜ੍ਹ ਸਤਾਵੇ
ਦੁੱਖ ਦਾ ਫਿਰ ਚੇਤਾ ਆਵੇ
ਕੁਝ ਤਾਂ ਹੱਡੀਂ ਖਿਲਰ ਜਾਵੇ
ਕੁਝ ਅੱਖਾਂ ਥੀਂ ਵਹਿੰਦਾ ਜਾਵੇ।

ਇਸ ਦੇ ਉੱਪਰ ਵੱਸ ਨਾ ਕੋਈ
ਆਉਂਦਾ ਚੁੱਪ ਚੁੱਪੀਤੇ ਰਾਹੇ
ਪਲਾਂ ਛਿਣਾਂ ’ਚ ਡਾਹਡਾ ਹੋ ਕੇ
ਅੰਗ ਅੰਗ ’ਚੋ ਪ੍ਰਗਟ ਹਾਏ।

ਦੁੱਖ ਤੋਂ ਤੌਬਾ ਕੀ ਕਰਨੀ ਏ
ਇਹਦਾ ਭੇਤ ਲਿਆ ਹੁਣ ਪਾ
ਨੰਗੀ ਇਹਦੀ ਚੀਸ ਦਬਾ ਕੇ
ਲੈਣਾ ਔਖਾ ਵਕਤ ਲੰਘਾ।

ਦੁੱਖ ਦੀ ਚਿੰਤਾ ਜੇ ਕਰਾਂ ਮੈਂ
ਲਵਾਂ ਦੁੱਖ ਨੂੰ ਹੋਰ ਵਧਾ ਏ
ਦੁੱਖ ਦਾ ਦਾਰੂ ਕਰ ਕੇ ਹੀ
ਮੇਰਾ ਹੋਣੀ ਨਾਲ ਨਿਭਾਅ

ਜਦ ਮੈਂ ਤੇਰੇ ਦੁੱਖ ਵਿੱਚ ਹੋਵਾਂ
ਕੰਘੀ ਕਰਾਂ,ਤੇਰੇ ਵਾਲ ਸੰਵਾਰਾਂ
ਸੋਚਾਂ ਦੇ ਵਿੱਚ ਰੂਪ ਨੁਹਾਰਾਂ ,
ਇੰਜ ਆਪਣਾ ਮੈਂ ਸੁੱਖ ਕਮਾਵਾਂ।

ਦੁੱਖ ਸਿਖਾਵੇ ਦੁੱਖ ਵਿੱਚ ਜੀਣਾ
ਸੁੱਖ ਵਿੱਚ ਜੀਵਨ ਲਾ ਪ੍ਰਵਾਹ
ਦੁੱਖ ਦੇ ਬਾਝੋਂ ਪਤਾ ਨਾ ਚੱਲੇ
ਕੈਸਾ ਇਹਦਾ ਮੂਲ ਸੁਭਾਅ।

ਦੁੱਖ ਸੁੱਖ ਉਂਜ ਜੌੜੇ ਭਾਈ
ਦੋਵਾਂ ਰੱਲ ਕਰੰਗੜੀ ਪਾਈ
ਹੱਸਦੇ  ਵੱਸਦੇ ਘਰਾਂ ਦੇ ਅੰਦਰ
ਇਹਨਾਂ ਦੀ ਹੈ ਆਵਾਜਾਈ।

### ਕਿਸ ਦੌਰ ਦੇ ਅੰਦਰ

ਮੈਂ ਕਿਸ ਦੌਰ ਦੇ ਅੰਦਰ ਹਾਂ
ਬੁੱਕਲ਼ ਦੇ ਵਿੱਚ ਨਾਗ ਸ਼ੂਕਦੇ
ਬਾਹਰ ‘ਵਾਜ ਨਾ ਕੋਈ
ਤੌੜੀ ਅੰਦਰ ਰਿਝਣ ਕੋਕੜੂ
ਢੱਕੀ ਨਾ ਬੁੱਝੇ ਕੋਈ
ਵਿੰਗੇ ਟੇਡੇ ਹੋ ਕੇ ਤੁਰਦੇ
ਮੱਤ ਜਿਨ੍ਹਾਂ ਦੀ ਮੋਈ
ਕਾਮੀ, ਲੋਭੀ ਨੰਗੇ ਨੱਚਣ
ਲਾਹ ਕੇ ਸ਼ਰਮ ਦੀ ਲੋਈ
ਤਾਰੇ ਟੁੱਟ ਗਵਾਚਣ ਲੱਗੇ
ਚਿੱਟਾ ਚੜ੍ਹਿਆ ਅੰਬਰ
ਮੈਂ ਕਿਸ ਦੌਰ ਦੇ ਅੰਦਰ ਹਾਂ
ਮੈ ਕਿਸ ਦੌਰ ਦੇ ਅੰਦਰ।

ਕੁੱਖ ਦੇ ਅੰਦਰ ਮਾਰ ਕੇ ਧੀਆਂ
ਇਹ ‘ਦੁੱਲਾ ਭੱਟੀ’ ਗਾਉਂਦੇ
ਨਿਰਬਲ ਪਾਸੇ ਮਾਰ ਬੁੱਲਬੁਲੀ
ਸਿਕੰਦਰ ਪਏ ਕਹਾਉਂਦੇ
ਖੰਭ ਕੁੱਤਰ ਕੇ ਚਿੜੀਆਂ  ਦੇ
ਇਹ ਆਪਣੀ ਧਾਂਕ ਜਮਾਉਂਦੇ
ਪੈਰ ਪੈਰ ਤੇ ਲੁੱਟਾਂ ਖੋਹਾਂ
ਨਿਸਦਿਨ ਖੌਰੂ ਪਾਉਦੇਂ
ਮਜ਼੍ਹਬਾਂ ਹੱਥ ਫੜਾਉਂਦੇ ਵੇਖਾਂ
ਖ਼ੂਨ ਪਿਆਸੇ ਖ਼ੰਜਰ।
ਮੈਂ ਕਿਸ ਦੌਰ ਦੇ ਅੰਦਰ ਹਾਂ
ਮੈਂ ਕਿਸ ਦੇਸ਼ ਦੇ ਅੰਦਰ।

ਇਕ ਦੂਜੇ ‘ਤੇ ਦੋਸ਼ ਲੱਗਾ ਕੇ
ਝੂਠ ਨੂੰ ਸੱਚ ਬਣਾਵਣ
ਇਹ ਝੂਠਾਂ ਦੇ ਪੱਥੇ ਹੋਏ
ਸੱਚ ਨੂੰ ਫਾਂਸੀ ਚਾੜਨ
ਹੀਰੇ ਮੋਤੀ ਰੋਲ ਰੋਲ ਕੇ
ਕੱਚ ਦੇ ਸੰਚੇ ਢਾਲਣ
ਆਪਣੇ ਆਪ ਨੂੰ ਵੇਚਣ ਖਾਤਿਰ
ਨਵੀਆਂ ਮੰਡੀਆਂ ਭਾਲਣ
ਖੂੰਖਾਰ ਪਿਆ ਹਾਸਾ ਹੱਸੇ
ਮੰਗਲ ਦੇ ਵਿੱਚ ਜੰਗਲ।
ਮੈਂ ਕਿਸ ਦੌਰ ਦੇ ਅੰਦਰ ਹਾਂ
ਮੈਂ ਕਿਸ ਦੌਰ ਦੇ ਅੰਦਰ

ਖੱਬੇ ਸੱਜੇ ਸਾਰੇ ਝਾਕਣ
ਆਪਣੇ ਵੱਲ ਨਾ ਕੋਈ
ਚੜ੍ਹਦੇ ਵੱਲ ਨੂੰ ਕਰਨ ਸਲਾਮਾਂ
ਢੱਲਦੇ ਵੱਲ ਨਾ ਕੋਈ
ਅੰਦਰ ਸ਼ੋਰ ਮਚਾਇਆ ਮਾਇਆ
ਇਲਮ ਸਾਰ ਨਾ ਕੋਈ
ਨਦੀਆਂ ਸੁੱਕੀਆਂ,ਰੇਤਾ ਉੱਡੇ
ਅੱਖ ਨਾ ਵੇਖੇ ਕੋਈ
ਪੰਜ ਆਬ ਦੀ ਧਰਤੀ ਦੇ
ਉਹ ਕਿੱਥੇ ਪੀਰ ਪੈਗ਼ੰਬਰ।
ਮੈਂ ਕਿਸ ਦੌਰ ਦੇ ਅੰਦਰ ਹਾਂ।

## ਦੋ ਗਜ਼ਲਾਂ / ਨਰਿੰਦਰ ਪਾਲ ਕੰਗ



ਝਮੇਲੇ ਹੀ ਅਜੇਹੇ ਸੀ ਤੇ ਕੁਝ ਮੈਂ ਦੂਰ ਕਾਫ਼ੀ ਸੀ,
ਉਹਨੂੰ ਚਾਹ ਕੇ ਵੀ ਮਿਲ ਸਕਿਆ ਨਹੀਂ ਮਜਬੂਰ ਕਾਫ਼ੀ ਸੀ।

ਪਤਾ ਨਈ ਰਾਤ ਸਾਰੀ ਹੀ ਕਿਉਂ ਪਾਸੇ ਪਰਤਦੇ ਲੰਘੀ,
ਥਕਾਵਟ ਨਾਲ ਉਂਝ ਤਾਂ ਹੋ ਗਿਆ ਮੈਂ ਚੂਰ ਕਾਫ਼ੀ ਸੀ।

ਜਦੋਂ ਫਲ ਪੈਣ ਦਾ ਆਇਆ ਸਮਾਂ ਤਾਂ ਝੜ ਗਿਆ ਸਾਰਾ,
ਕਿ ਉਂਝ ਸਾਰੇ ਦਰਖ਼ਤਾਂ ਨੂੰ ਪਿਆ ਤਾਂ ਬੂਰ ਕਾਫ਼ੀ ਸੀ।

ਖ਼ੁਦਾਇਆ ਤੇਰੀਆਂ ਹੂਰਾਂ ਲਈ ਜੰਨਤ ’ਚ ਕਿਉਂ ਜਾਂਦਾ,
ਕਿ ਜਿਹੜੀ ਮਿਲ ਗਈ ਦੁਨੀਆਂ ਤੇ ਮੈਨੂੰ ਹੂਰ ਕਾਫ਼ੀ ਸੀ।

ਉਨ੍ਹਾਂ ਨੂੰ ਝਿੜਕਣਾਂ ਪੈਂਦਾ ਨਾ ਮੈਨੂੰ, ਜਾਣਦੇ ਜੇਕਰ,
ਮੇਰੇ ਚੁੱਪ ਹੋਣ ਲਈ ਉਹਨਾਂ ਦੀ ਬਸ ਇਕ ਘੂਰ ਕਾਫ਼ੀ ਸੀ।

ਉਦ੍ਹੀ ਅਵਾਜ਼ ਤੇ ਅੰਦਾਜ਼ ਹੁਣ ਕੋਈ ਗੌਲ਼ਦਾ ਹੀ ਨਈਂ,
ਕਦੀ ਐਸਾ ਸਮਾਂ ਵੀ ਸੀ ਕਿ ਉਹ ਮਸ਼ਹੂਰ ਕਾਫ਼ੀ ਸੀ।

....................

ਬੇਸ਼ਕ ਥੋੜਾ ਸੀ ਪਰ ਮੁਸ਼ਕਲ ਬੜਾ ਸੀ
ਮੁਹੱਬਤ ਦਾ ਸਫ਼ਰ ਬੋਝਲ ਬੜਾ ਸੀ।

ਸਮੇਂ ਦੇ ਨਾਲ ਸਿਆਣਾ ਹੋ ਗਿਆ ਹੈ
ਜੋ ਬੱਚਾ ਕੱਲ੍ਹ ਤਕ ਚੰਚਲ ਬੜਾ ਸੀ।

ਅਸੀਂ ਆਪੇ ਹੀ ਕਰ ਦਿੱਤਾ ਹੈ ਮੈਲਾ
ਕਿਸੇ ਵੇਲੇ ਇਹ ਜਲ ਨਿਰਮਲ ਬੜਾ ਸੀ।

ਉਹਨੂੰ ਸਾਰੇ ਹੀ ਪਾਗਲ ਕਹਿ ਰਹੇ ਨੇ
ਜਿਹਨੂੰ ਸਭ ਆਖਦੇ ਕਾਬਲ ਬੜਾ ਸੀ।

## ਸਨੋਅਫਾਲ ਤੇ ਚਿੜੀਆਂ / ਸੁਰਿੰਦਰ ਮਕਸੂਦਪੁਰੀ



ਸਰਦੀ ਵਿੱਚ ਸੜਦੇ ਜੰਗਲ ਦੀ ਜੂਹੇ
ਉਸ ਠੰਡੇ ਮੁਲਕ ਦੇ ਸੰਦਲੀ ਬੂਹੇ
ਓੜ੍ਹ ਸਨੋਅ-ਫਾਲ ਦੀ ਚਾਦਰ ਚਿੱਟੀ
ਕੁਦਰਤ ਰਾਣੀ ਦਸਤਕ ਦਿੱਤੀ
ਅੰਬਰੋਂ ਡਿੱਗੇ ਜਿਉਂ ਰੂੰ ਦੇ ਗੋਹੜੇ
ਮਨੁੱਖ ਮਾਤਰ ਸਭ ਅੰਦਰੀਂ ਹੋੜੇ

ਬਰਫ਼ਬਾਰੀ ਦੀ ਠਰਦੀ ਰੁੱਤੇ
ਬਰਫ਼ ਦੀ ਜੰਮੀ ਚਾਦਰ ਉੱਤੇ
ਅਠਖੇਲੀਆਂ ਕਰਦੀਆਂ ਚਿੜੀਆਂ ਚਹਿਕਣ
ਤੇਜ਼ ਬਰਫ਼ੀਲੀ ਬਾਰਿਸ਼ ਵਿੱਚ ਇਹ
ਚਿੱਟੀਆਂ ਕਲੀਆਂ ਬਣ ਕੇ ਮਹਿਕਣ
ਮੇਰੇ ਵਤਨ ਤੋਂ ਰੁੱਸ ਕੇ ਆਈਆਂ
ਮੈਨੂੰ ਕੰਜਕਾਂ, ਕੂੰਜਾਂ ਜਾਪਣ

ਖੌਰੇ ਪ੍ਰਦੂਸ਼ਣ ਦੇ ਪ੍ਰਕੋਪ ਤੋਂ ਡਰਦੀਆਂ
ਵਿਹੁਲਾ ਪਾਣੀ ਪੀ ਮਰਦੀਆਂ
ਚਿੜੀਆਂ ਨੇ ਪਰਵਾਸ ਧਾਰਿਆ
ਲੱਗ ਪਈ ਵਾੜ ਖੇਤ ਨੂੰ ਖਾਵਣ
ਮਾਲੀ ਨੇ ਹੀ ਚਮਨ ਉਜਾੜਿਆ

ਪ੍ਰਦੂਸ਼ਿਤ ਪੌਣਾਂ ਸਾਹ ਸੂਤਿਆ
ਤੜਪਣ ਚਿੜੀਆਂ ਹਾਉਕੇ ਭਰਦੀਆਂ
ਜੀਵ ਜੰਤੂ ਸਭ ਰਹਿਣ ਸਲਾਮਤ
ਇਹ ਮੌਸਮ ਖ਼ੁਸ਼ਗਵਾਰ ਮੰਗਦੀਆਂ
ਰੱਬ ਦੇ ਬੰਦਿਆਂ ਕੋਲੋਂ ਮਕਸੂਦਪੁਰੀ
ਇਹ ਹੱਕ ਹਕੂਕ ਇਨਸਾਫ਼ ਮੰਗਦੀਆਂ.....

## ਗ਼ਜ਼ਲਾਂ / ਜੋਗਿੰਦਰ ਨੂਰਮੀਤ



ਕਿਵੇਂ ਕੀਤੈ ਗੁਜ਼ਾਰਾ? ਸਮਝਦੇ ਨੇ।
ਇਹ ਅੱਟਣ ਦਰਦ ਸਾਰਾ ਸਮਝਦੇ ਨੇ।

ਗ਼ਜ਼ਲ ਆਪਣੀ ਜਿਨ੍ਹਾਂ ਦੇ ਨਾਮ ਕੀਤੀ,
ਉਹੀ ਹਰ ਇਸਤਿਆਰਾ ਸਮਝਦੇ ਨੇ।

ਉਹਨਾਂ ਨੂੰ ਕੀ ਜ਼ੁਬਾਨੋਂ ਆਖਣਾ ਸੀ?
ਨਜ਼ਰ ਦਾ ਜੋ ਇਸ਼ਾਰਾ ਸਮਝਦੇ ਨੇ।

ਮੈਂ ਖ਼ੁਦ ਨੂੰ ਸਮਝ ਪਾਈ ਨਾ ਮੁਕੰਮਲ,
ਇਹ ਅੱਖਰ ਮੈਨੂੰ ਸਾਰਾ ਸਮਝਦੇ ਨੇ।

ਮੁਹੱਬਤ ਦਾ ਉਹਨਾਂ ਤੋਂ ਅਰਥ ਯਾਰਾ,
ਮੈਂ ਕਿਉਂ ਪੁੱਛਿਆ ਦੁਬਾਰਾ? ਸਮਝਦੇ ਨੇ।

ਮੇਰੇ ਦਿਲ ਦੀ ਉਸੇ ਨੇ ਤੇਹ ਬੁਝਾਈ,
ਉਹ ਜਿਸ ਹੰਝੂ ਨੂੰ ਖ਼ਾਰਾ ਸਮਝਦੇ ਨੇ।

ਖ਼ੁਦਾਇਆ! ਹੋ ਕਦੇ ਤਾਂ ਜਲਵਾਗਰ ਤੂੰ,
ਇਹ ਮੈਨੂੰ ਬੇ-ਸਹਾਰਾ ਸਮਝਦੇ ਨੇ।

ਉਹ ਕਿਉਂ ਮਿਲਦੇ ਨਹੀਂ ਐ 'ਨੂਰ' ਤੈਨੂੰ?
ਜੋ ਹਸਰਤ ਦਾ ਪਸਾਰਾ ਸਮਝਦੇ ਨੇ।

...

ਜਿਸਦੇ ਨਾਲ਼ੋਂ ਸਾਨੂੰ ਪਿਆਰਾ ਕੁਝ ਨਈਂ ਹੁੰਦਾ।
ਉਸ ਸੁਫ਼ਨੇ ਦੀ ਮੌਤ ਤੋਂ ਮਾੜਾ ਕੁਝ ਨਈਂ ਹੁੰਦਾ।

ਨਾ ਅੱਖਾਂ ਤੋਂ, ਨਾ ਹੀ ਰੂਹ ਤੋਂ ਚੁੱਕਿਆ ਜਾਵੇ,
ਇੱਕ ਹੰਝੂ ਦੇ ਭਾਰ ਤੋਂ ਭਾਰਾ ਕੁਝ ਨਈਂ ਹੁੰਦਾ।

ਪਿਆਰ ਕਿਸੇ ਨਾਲ਼ ਹੁੰਦਾ ਹੈ ਜਾਂ ਹੁੰਦਾ ਹੀ ਨਈਂ,
ਅੱਧਾ, ਪੌਣਾ, ਥੋੜਾ, ਜ਼ਿਆਦਾ, ਕੁਝ ਨਈਂ ਹੁੰਦਾ।

ਲੋਕ ਜ਼ੁਬਾਨੋਂ ਕਿੰਨਾ ਕੁਝ ਹੀ ਕਹਿੰਦੇ ਨੇ ਪਰ,
ਨੈਣਾਂ ਦੀ ਤਸਦੀਕ ਤੋਂ ਪੁਖ਼ਤਾ ਕੁਝ ਨਈਂ ਹੁੰਦਾ।

ਜ਼ੋ ਕੁਝ ਹੈ ਬਸ ਏਹੋ, ਐਥੇ, ਇੰਨਾ ਹੀ ਹੈ,
ਭੂਤ-ਭਵਿੱਖ ਤੇ ਆਉਣਾ ਜਾਣਾ, ਕੁਝ ਨਈਂ ਹੁੰਦਾ।

ਰਿਸ਼ਤਾ ਜੇਕਰ ਪਿਆਰਾ ਹੈ ਤਾਂ ਕਾਹਦੀ ਮੈਂ-ਮੈਂ,
ਝੁਕਣਾ ਵੀ ਪੈ ਜੇ ਤਾਂ ਝੁਕ ਜਾ, ਕੁਝ ਨਈਂ ਹੁੰਦਾ।

ਉਹ ਸੱਜਣ ਜਦ ਮੇਰੇ ਅੰਦਰ ਮੈਨੂੰ ਮਿਲਦੈ,
ਸਾਡੇ ਦੋਹਾਂ ਦੇ ਵਿੱਚ ਪਰਦਾ ਕੁਝ ਨਈਂ ਹੁੰਦਾ।

ਮੁਸ਼ਕਲ ਆਵੇ ਤਾਂ ਸ਼ੀਸ਼ੇ ਦੇ ਸਾਹਵੇਂ ਖੜ੍ਹ ਕੇ,
ਹੌਲੀ ਜਿਹੀ ਮੁਸਕਾ ਕੇ ਕਹਿਣਾ, 'ਕੁਝ ਨਈਂ ਹੁੰਦਾ।'

'ਨੂਰ' ਉਹ ਦੁਨੀਆਂ ਭਰ ਦਾ ਦਰਦ ਸਮੋ ਸਕਦੀ ਹੈ,
ਇੱਕ ਔਰਤ ਦੇ ਮਨ ਤੋਂ ਗਹਿਰਾ ਕੁਝ ਨਈਂ ਹੁੰਦਾ।

...

ਮੈਂ ਆਪਣੀ ਸਮਝਦੀ ਹਾਂ ਐਪਰ ਨਹੀਂ ਹੈ।
ਇਹ ਤੇਰੀ ਹਵੇਲੀ ਮੇਰਾ ਘਰ ਨਹੀਂ ਹੈ।

ਮੁਹੱਬਤ ਨਹੀਂ ਹੈ ਜੇ ਤੇਰਾ ਅਕੀਦਾ,
ਮੇਰੀ ਹੋਂਦ ਵੀ ਸਿਰਫ਼ ਪਿੰਜਰ ਨਹੀਂ ਹੈ।

ਇਹ ਡਰ ਦਿਲ ਚੋਂ ਕੱਢਦੇ ਕਿ ਮੈਂ ਬੇਵਫ਼ਾ ਹਾਂ,
ਇਹ ਬਿਲਕੁਲ ਨਹੀਂ ਹੈ, ਸਰਾਸਰ ਨਹੀਂ ਹੈ।

ਮੇਰੇ ਦਿਲ 'ਚ ਉੱਗਦੇ ਨੇ ਕਿੰਨੇ ਹੀ ਸੁਫ਼ਨੇ,
ਇਹ ਜ਼ਰਖ਼ੇਜ਼ ਧਰਤੀ ਹੈ, ਬੰਜਰ ਨਹੀਂ ਹੈ।

ਉਹ ਜਿਸਨੂੰ ਲਕੀਰਾਂ 'ਚ ਲੱਭਦੀ ਰਹੀ ਮੈਂ,
ਉਹੀ ਸ਼ਖਸ਼ ਮੇਰਾ ਮੁਕੱਦਰ ਨਹੀਂ ਹੈ।

ਤੂੰ ਛਣ-ਛਣ ਤੇ ਜਿਸਦੀ ਥਿਰਕਦੀ ਹੈਂ ਅੱਜ ਤੱਕ,
ਉਹ ਜ਼ੰਜੀਰ ਹੈ 'ਨੂਰ' ਝਾਂਜਰ ਨਹੀਂ ਹੈ।

## ਕਹਾਣੀ — ਸੰਜੀਵਨੀ ਬੂਟੀ / ਨਿਰੰਜਣ ਬੋਹਾ



ਪੂਰੇ ਦੋ ਦਿਨ ਦਿਨ ਬਾਅਦ ਨਿਲੇਸ਼ ਨੇ ਥੋੜ੍ਹੀ ਜਿਹੀ ਅੱਖ ਪੁੱਟੀ ਹੈ ਤਾਂ ਮੇਰੇ ਪਰਿਵਾਰ ਦੇ ਸਾਹ ਵਿਚ ਸਾਹ ਆਇਆ ਹੈ।

ਜੇ ਨਿਲੇਸ਼ ਦੋ ਦਿਨ ਤੋਂ ਹਸਪਤਾਲ ਦੇ ਬੈੱਡ 'ਤੇ ਹੈ ਤਾਂ ਅਸੀਂ ਸਾਰਾ ਪਰਿਵਾਰ ਵੀ ਇਸ ਸਮੇਂ ਦੌਰਾਨ ਕੰਡਿਆਂ ਦੀ ਸੇਜ 'ਤੇ ਹੀ ਲੇਟਦੇ ਰਹੇ ਹਾਂ। ਉਹ ਦੋ ਦਿਨ ਬੇ-ਹੋਸ਼ੀ ਵਿਚ ਘੂਕ ਸੁੱਤਾ ਰਿਹਾ ਹੈ ਤੇ ਅਸੀਂ ਉਸਦੀ ਹਾਲਤ ਵੇਖ ਕੇ ਨਿਰੰਤਰ ਜਾਗਦੇ ਰਹੇ ਹਾਂ। ਜੇ ਘੜੀ ਦੋ ਘੜੀ ਅੱਖ ਲੱਗਦੀ ਵੀ ਹੈ ਤਾਂ ਭੈੜੇ ਭੈੜੇ ਸੁਪਨੇ ਆਉਣ 'ਤੇ ਕੁਝ ਹੀ ਮਿੰਟਾਂ ਬਾਅਦ ਆਪਣੇ ਆਪ ਜਾਗ ਆ ਜਾਂਦੀ ਹੈ।

ਬਥੇਰਾ ਸਮਝਾਇਆ ਸੀ ਸਾਰੇ ਪਰਿਵਾਰ ਨੇ ਉਸਨੂੰ ਕਿ ਤੂੰ ਆਪਣੀ ਪੜ੍ਹਾਈ ਵੱਲ ਧਿਆਨ ਦੇਹ। ਤੈਂ ਕੀ ਲੈਣਾ ਐਂ ਕਾਲਜ ਦੀਆਂ ਸੜੀਆਂ ਚੋਣਾਂ ਤੋਂ... ਪਰ ਉਸ ਤਾਂ ਜਿਵੇਂ ਜ਼ਿੱਦ ਹੀ ਫੜ੍ਹ ਲਈ ਸੀ। ਅਖੇ ਮੇਰੀ ਇੱਜ਼ਤ ਦਾ ਸਵਾਲ ਐ । ਉਸ ਵੇਲੇ ਸਾਰੇ ਪਰਿਵਾਰ ਦਾ ਸਾਹ ਹੀ ਸੂਤਿਆ ਗਿਆ ਸੀ ਜਦੋਂ ਉਸਦੇ ਨਾਲ ਪੜ੍ਹਦੇ ਸਾਡੇ ਗੁਆਂਢੀਆਂ ਦੇ ਮੁੰਡੇ ਦੀ ਮਾਂ ਨੇ ਆਪਣੇ ਘਰੋਂ ਸੁਣੀ ਵਲੇਲ ਮੇਰੇ ਕੰਨਾਂ ਵਿਚ ਪਾਈ ਸੀ, "ਕਾਲਜ ਹੋਸਟਲ ਵਿਚ ਬਹੁਤ ਸਾਰੇ ਦੂਸਰੇ ਕਾਲਜਾਂ ਦੇ ਮੁੰਡੇ ਵੀ ਆਏ ਹੋਏ ਨੇ ।" ਉਸ ਆਪਣੇ ਪੁੱਤਰ ਦੇ ਮੂੰਹੋਂ ਸੁਣੀ ਇਹ ਗੱਲ ਦੱਸ ਕੇ ਸਾਡੀ ਚਿੰਤਾ ਹੋਰ ਵਧਾ ਦਿੱਤੀ ਸੀ ਕਿ ਕਿਸੇ ਸਮੇਂ ਵੀ ਚੋਣਾਂ ਵਿਚ ਉੱਤਰੇ ਦੋਵਾਂ ਗੁੱਟਾਂ ਵਿੱਚ ਲੜਾਈ ਹੋ ਸਕਦੀ ਹੈ। ਨਿਲੇਸ਼ ਮੇਰਾ ਕਿਹਾ ਘੱਟ ਹੀ ਮੋੜਦਾ ਸੀ, ਇਸ ਲਈ ਪਰਿਵਾਰ ਦੇ ਸਾਰੇ ਜੀਅ ਮੇਰੇ 'ਤੇ ਦਬਾਅ ਪਾ ਰਹੇ ਸਨ ਕਿ ਮੈਂ ਉਸ ਨੂੰ ਚੋਣ ਨਾ ਲੜਣ ਲਈ ਮੰਨਾਵਾਂ। ਮੈਂ ਆਪਣੇ ਵੱਲੋਂ ਬਥੇਰੀ ਵਾਹ ਲਾਈ ਸੀ ਪਰ ਉਹ ਤਾਂ ਇੱਕੋ ਗੱਲ 'ਤੇ ਅੜਿਆ ਹੋਇਆ ਸੀ, "ਵੱਡੀ ਮਾਂ, ਹੁਣ ਤਾਂ ਮੈਂ ਆਪਣੇ ਦੋਸਤਾਂ ਨੂੰ ਚੋਣ ਲੜਣ ਦੀ ਜ਼ੁਬਾਨ ਦੇ ਚੁੱਕਾ ਹਾਂ... ਨਾਂ ਵਾਪਸ ਲੈਣ 'ਤੇ ਮੇਰੀ ਕੀ ਇੱਜ਼ਤ ਰਹਿ ਜੂ...,, ਤੁਸੀਂ ਫਿਕਰ ਨਾ ਕਰੋ..ਸਾਡੀ ਯੂਨੀਅਨ ਬਹੁਤ ਤਕੜੀ ਐ ...।"

ਸਾਰੇ ਪਰਿਵਾਰ ਦੇ ਰੋਕਣ 'ਤੇ ਵੀ ਉਹ ਚੋਣਾਂ ਵਾਲੇ ਦਿਨ ਕਾਲਜ ਚੱਲਿਆ ਗਿਆ ਸੀ ਜਦੋਂ ਕਿ ਉਸਦਾ ਡੈਡੀ ਉਸਦੇ ਫਿਕਰ ਵਿੱਚ ਉਸ ਦਿਨ ਦੁਕਾਨ 'ਤੇ ਵੀ ਨਹੀਂ ਸੀ ਗਿਆ । ਅਸੀਂ ਸਾਰੇ ਜੀਅ ਮਨ ਹੀ ਮਨ ਚੋਣਾਂ ਸੁੱਖੀ-ਸਾਂਦੀ ਨਿਬੜਣ ਦੀ ਅਰਦਾਸ ਕਰ ਰਹੇ ਸਾਂ, ਪਰ ਹੋਇਆ ਉਹੀ ਜਿਸਦਾ ਸਾਨੂੰ ਡਰ ਸੀ। ਦੂਜੇ ਗੁੱਟ ਦੇ ਮੁੰਡਿਆਂ ਵੱਲੋਂ ਉਸਦੇ ਗੁੱਟ ਦੀਆਂ ਵੋਟਾਂ ਧੱਕੇ ਨਾਲ ਰੋਕਣ 'ਤੇ ਪਤਾ ਹੀ ਨਾ ਚੱਲਿਆ ਕਿ ਕਿਹੜੇ ਵੇਲੇ ਡਾਂਗਾਂ ਨਿੱਕਲ ਆਈਆਂ ਤੇ ਨਿਲੇਸ਼ ਵੀ ਇਹਨਾਂ ਦੀ ਲਪੇਟ ਵਿਚ ਆ ਗਿਆ ।ਭਾਵੇਂ ਉਸਦੇ ਦੋਸਤਾਂ ਨੇ ਘਰ ਆ ਕੇ ਉਸਦੇ ਮਾਮੂਲੀ ਸੱਟ ਲੱਗਣ ਦੀ ਗੱਲ ਹੀ ਦੱਸੀ ਸੀ ਪਰ ਸਾਡੇ ਸਾਰਿਆਂ ਦੇ ਮਨ ਕਿਸੇ ਅਣਹੋਣੀ ਦੇ ਵਾਪਰਣ ਦੇ ਡਰ ਨਾਲ ਕੰਬ ਗਏ ਸਨ। ਅਸੀਂ ਵਾਹੋ-ਦਾਹੀ ਹਸਪਤਾਲ ਪੁੱਜੇ ਸਾਂ ਤਾਂ ਨਿਲੇਸ਼ ਦੇ ਸਿਰ ਵਿੱਚ ਸੱਟ ਲੱਗਣ ਦੀ ਗੱਲ ਦਾ ਪਤਾ ਲੱਗਾ ਸੀ। ਇਕ ਵਾਰ ਤਾਂ ਅਸੀਂ ਸਾਰੇ ਭਵੰਤਰ ਜਿਹੇ ਗਏ ਪਰ ਨਿਲੇਸ਼ ਦੀ ਸੰਭਾਲ ਲਈ ਸਾਡਾ ਆਪਣਾ ਸੰਭਲਣਾ ਜ਼ਰੂਰੀ ਹੋ ਗਿਆ ਸੀ। ਉਤੋਂ ਡਾਕਟਰ ਨੇ ਕਹਿ ਦਿੱਤਾ ਸੀ ਕਿ ਜੇ ਪੇਸ਼ੈਂਟ 24 ਘੰਟੇ ਕੱਟ ਗਿਆ ਤਾਂ ਬਾਅਦ ਵਿਚ ਇਸਦੀ ਜਾਨ ਨੂੰ ਕੋਈ ਖਤਰਾ ਨਹੀਂ ਹੈ। ਇਹਨਾਂ ਚੌਵੀ ਘੰਟਿਆਂ ਦਰਮਿਆਨ ਸਾਡੇ ਸਾਰਿਆਂ ਦੀ ਜਾਨ ਸੂਲੀ ਤੇ ਟੰਗੀ ਰਹੀ ਸੀ ਤੇ ਇਹ ਸਾਡੇ ਲਈ ਚੌਵੀ ਸਾਲਾਂ ਤੋਂ ਵੀ ਵੱਡੇ ਸਾਬਤ ਹੋਏ ਸਨ। ਹੁਣ ਪੂਰੇ ਦੋ ਦਿਨ ਬਾਅਦ ਨਿਲੇਸ਼ ਨੇ ਅੱਖ ਪੁੱਟੀ ਹੈ ਤਾਂ ਮਨ ਨੂੰ ਕੁਝ ਚੈਨ ਆਇਆ ਹੈ। ਅਸੀਂ ਨਿਲੇਸ਼ ਨੂੰ ਵੇਖਣਾ ਚਾਹੁੰਦੇ ਹਾਂ ਪਰ ਨਰਸ ਨੇ 'ਮਰੀਜ਼ ਨੂੰ ਅਜੇ ਅਰਾਮ ਦੀ ਸਖਤ ਜ਼ਰੂਰਤ ਹੈ' ਕਹਿ ਕੇ ਸਾਨੂੰ ਉਸਦੇ ਕਮਰੇ ਵੱਲ ਜਾਣ ਤੋਂ ਵਰਜ ਦਿੱਤਾ ਹੈ।

ਨਰਸ ਵੱਲੋਂ ਮਨ੍ਹਾ ਕੀਤੇ ਜਾਣ ਤੋਂ ਬਾਅਦ ਮੈਂ ਹਸਪਤਾਲ ਦੇ ਵਿਜ਼ਟਿੰਗ ਰੂਮ ਵਿਚ ਪਏ ਬੈਂਚ 'ਤੇ ਇਕ ਤਰ੍ਹਾਂ ਨਾਲ ਡਿੱਗ ਹੀ ਪਈ ਹਾਂ। ਮੇਰਾ ਸਾਰਾ ਧਿਆਨ ਭਾਵੇਂ ਨਿਲੇਸ਼ ਵੱਲ ਹੈ ਪਰ ਦੋ ਰਾਤਾਂ ਦੇ ਅਨੀਂਦਰੇ ਕਾਰਨ ਮੇਰੀਆਂ ਅੱਖਾਂ ਭਾਰੀਆਂ ਹੁੰਦੀਆਂ ਜਾ ਰਹੀਆਂ ਨੇ ਤੇ ਮੈਨੂੰ ਘੂਕੀ ਜਿਹੀ ਵੀ ਚੜ੍ਹ ਰਹੀ ਹੈ। ਇਸ ਵੇਲੇ ਮੇਰੇ ਅੰਦਰੋਂ ਇੱਕੋਂ ਹੀ ਅਵਾਜ਼ ਉੱਠ ਰਹੀ ਹੈ "ਹੇ ਬਜਰੰਗ ਬਲੀ ਮੇਰੇ ਬੱਚੜੇ ਨੂੰ ਤੱਤੀ ਵਾਅ ਨਾ ਲੱਗਣ ਦੇਈ। "ਅੱਧ ਨੀਂਦਰੇ ਦੀ ਹਾਲਤ ਵਿਚ ਆਪਣੇ ਪੋਤਰੇ ਦੀ ਸਲਾਮਤੀ ਲਈ ਮੈਂ ਪੁਕਾਰ ਤਾਂ ਬਾਂਕੇ ਬਿਹਾਰੀ ਨੂੰ ਰਹੀ ਹਾਂ... ਪਰ ਆਹ ਕੀ... ਮੇਰੀਆਂ ਅੱਖਾਂ ਸਾਹਵੇਂ ਬਜਰੰਗ ਬਲੀ ਵਾਲੇ ਦੀ ਥਾਂ ਤੇ ਮਾਮੇ ਖੁਦਾਬਖਸ਼ ਦਾ ਚਿਹਰਾ ਆ ਰਿਹੈ। ਮੈਨੂੰ ਲੱਗਦੈ ਜਿਵੇਂ ਮਾਮਾ ਮੇਰੇ ਸਿਰ ਤੇ ਹੱਥ ਰੱਖ ਕੇ ਕਹਿ ਰਿਹਾ ਹੋਵੇ "ਤੂੰ ਫਿਕਰ ਨਾ ਕਰ ਮੇਰੀ ਬੱਚੀ, ਕੁਝ ਨਹੀਂ ਹੋਵੇਗਾ ਨਿਲੇਸ਼ ਨੂੰ ......।"

ਇਸ ਵੇਲੇ ਮੈਨੂੰ ਆਪਣੀ ਮਾਂ ਦਾ ਵੀ ਉਸਦੇ ਕੋਲ ਖਲੋਤੇ ਹੋਣ ਦਾ ਭੁਲੇਖਾ ਜਿਹਾ ਪਿਆ ਹੈ। 'ਬਜਰੰਗ ਬਲੀ' ਬੰਦਿਆਂ ਦੇ ਰੂਪ ਵਿੱਚ ਹੀ ਉਸਨੂੰ ਪੁਕਾਰਣ ਵਾਲਿਆਂ ਦੀ ਸਹਾਇਤਾ ਕਰਨ ਲਈ ਬਹੁੜਦੇ ਨੇ... ਆਪਣੇ ਮਾਮੇ ਤੇ ਯਕੀਨ ਰੱਖ .....।" ਮਾਂ ਨੇ ਵੀ ਮੈਨੂੰ ਦਿਲਾਸਾ ਦਿੱਤਾ ਹੈ।

"ਪਰ ਮਾਮਾ ਤਾਂ ਮੁਸਲਮਾਨ ਐ... ਹਨੂਮਾਨ ਦੇਵਤਾ ਇਸਨੂੰ ਕਿਵੇਂ ਆਪਣੀ ਥਾਂ ਤੇ ਭੇਜ ਸਕਦੈ।"ਮੈਂ ਹੈਰਾਨ ਜਿਹੀ ਹੋਈ ਨੇ ਮੈਂ ਮਾਂ ਤੋਂ ਪੁੱਛਿਆ ਹੈ ।

‘ ਹੈ ਲੈ .. ਕਮਲੀ ਨਾ ਹੋਵੇ ਤਾਂ! ਭਗਵਾਨ ਦੀ ਵੀ ਕੋਈ ਜਾਤ ਹੁੰਦੀ ਐ.. ਭਗਵਾਨ ਤਾਂ ਬੱਸ ਭਗਵਾਨ ਈਂ ਹੁੰਦਾ ਐ।” ਮਾਂ ਮੇਰੇ ਸਵਾਲ ਦੇ ਜਵਾਬ ਵਿਚ ਹੱਸੀ ਹੈ ਤੇ ਫਿਰ ਉਹ ਦੋਵੇਂ ਇਕ ਦਮ ਆਲੋਪ ਹੋ ਗਏ ਹਨ, ਜਿਵੇ ਮੇਰਾ ਕੀਤਾ ਸਵਾਲ ਉਨ੍ਹਾਂ ਦੋਵਾਂ ਨੂੰ ਪਸੰਦ ਨਾ ਆਇਆ ਹੋਵੇ।

“ਰੁਕ ਜਾਂ ਮਾਂ ਥੋੜ੍ਹੀ ਦੇਰ।“ ਮੈਂ ਮਾਂ ਨੂੰ ਰੋਕਣ ਲਈ ਅਵਾਜ਼ ਲਾਈ ਹੈ ਤਾਂ ਥੋੜ੍ਹੀ ਦੂਰ ਬੈਠਾ ਮੇਰਾ ਛੋਟਾ ਪੋਤਾ ਵਿਕਾਸ ਭੱਜ ਕੇ ਮੇਰੇ ਕੋਲ ਆਇਆ ਹੈ।

“ਕੀ ਹੋਇਆ ਵੱਡੀ ਮਾਂ ... ਕਿਸਨੂੰ ਅਵਾਜ਼ਾਂ ਮਾਰ ਰਹੀ ਏਂ...।“ ਉਸ ਝੰਝੋੜ ਕੇ ਮੈਨੂੰ ਜਗਾਇਆ ਹੈ । ਮੇਰੀ ਅੱਖ ਖੁੱਲ੍ਹ ਜਾਣ ਤੇ ਮੈਂ ਵਿਕਾਸ ਦੇ ਨਾਲ ਆਪਣੇ ਪੁੱਤਰ ਤੇ ਨੂੰਹ ਨੂੰ ਵੀ ਆਪਣੇ ਆਲੇ ਕੋਲ ਖੜ੍ਹੇ ਵੇਖਿਆ ਹੈ ।

“ਕੁਝ ਨਹੀਂ ਬੇਟੇ। ਸੱਜੀ ਬਾਂਹ ਦਾ ਭਾਰ ਸੀਨੇ ਤੇ ਪੈਣ ਨਾਲ ਐਵੇਂ ਦਬਾਅ ਜਿਹਾ ਆ ਗਿਆ ਸੀ..ਪਰ ਇਹ ਚੰਗਾ ਈ ਹੋਇਆ.. ਮੇਰੀ ਮਾਂ ਤੇ ਮਾਮਾ ਮੈਨੂੰ ਸੁਪਨੇ ਵਿਚ ਵਿਖਾਈ ਦਿੱਤੇ ਨੇ... ਤੇ ਉਨ੍ਹਾਂ ਨਿਲੇਸ਼ ਦੇ ਛੇਤੀ ਠੀਕ ਹੋਣ ਦੀ ਗੱਲ ਕਹੀ ਐ .... ਪ੍ਰਭਾਤ ਵੇਲੇ ਦਾ ਸੁਪਨਾ ਝੂਠਾ ਨਹੀਂ ਹੁੰਦਾ।“ ਮੈਂ ਉਨ੍ਹਾਂ ਨੂੰ ਦੱਸਿਆ ਹੈ। ਡੁੱਬਦੇ ਵੱਲੋਂ ਤਿਣਕੇ ਦਾ ਸਹਾਰਾ ਲੈਣ ਵਾਂਗ ਇਹ ਸੁਪਨਾ ਵੀ ਇਸ ਵੇਲੇ ਮੇਰੇ ਲਈ ਵੱਡਾ ਧਰਵਾਸ ਬਣਿਆ ਹੋਇਆ ਹੈ।

“ਤੁਸੀਂ ਸਾਰੇ ਦੋ ਘੜੀ ਅਰਾਮ ਕਰ ਲਵੋ.. ਜੇ ਅੰਦਰੋਂ ਕੋਈ ਸੁਨੇਹਾ ਆਇਆ ਤਾਂ ਮੈਂ ਤੁਹਾਨੂੰ ਜਗਾ ਦੇਵਾਂਗੀ।” ਮੈਂ ਉਹਨਾਂ ਨੂੰ ਦਾਅਵੇ ਜਿਹੇ ਨਾਲ ਕਿਹਾ ਹੈ ਪਰ ਮੈਨੂੰ ਲੱਗਿਆ ਹੈ ਕਿ ਇਸ ਵੇਲੇ ਮੈਂ ਨਹੀਂ ਬੋਲ ਰਹੀ ਸਗੋਂ ਹੁਣੇ ਆਏ ਸੁਪਨੇ ਦਾ ਧਰਵਾਸ ਮੇਰੇ ਅੰਦਰੋ ਬੋਲ ਰਿਹੈ।

“ਨਹੀਂ ਅੰਮਾ , ਸਾਡੇ ਨਾਲੋਂ ਵੱਧ ਅਰਾਮ ਦੀ ਜ਼ਰੂਰਤ ਤੁਹਾਨੂੰ ਐਂ ...ਮੈਂ ਤੇ ਤੇਰੀ ਨੂੰਹ ਹਾਂ ਨਿਲੇਸ਼ ਦੇ ਕੋਲ। ਤੁਹਾਨੂੰ ਵਿਕਾਸ ਘਰ ਛੱਡ ਆਉਂਦਾ ਹੈ ...ਤੁਸੀ ਅਰਾਮ ਕਰੋ ਘਰ ਜਾ ਕੇ ।” ਮੇਰੇ ਪੁੱਤਰ ਨੇ ਮੇਰੀ ਗੱਲ ਦਾ ਉਲਟਾ ਹੀ ਜਵਾਬ ਦਿੱਤਾ ਹੈ । ਉਸਨੂੰ ਫਿਕ਼ਰ ਹੈ ਕਿ ਕਿਤੇ ਠੰਡ ਲੱਗਣ ਨਾਲ ਮੈਂ ਹੀ ਨਾ ਮੰਜੇ ਤੇ ਪੈ ਜਾਵਾਂ ਤੇ ਨਿਲੇਸ਼ ਦੇ ਨਾਲ ਪਰਿਵਾਰ ਨੂੰ ਮੇਰੀ ਵੀ ਸੰਭਾਲ ਨਾ ਕਰਨੀ ਪੈ ਜਾਵੇ ।

“ਪੁੱਤ ਘਰੇ ਜਾ ਕੇ ਕਿਹੜਾ ਮੈਨੂੰ ਚੈਨ ਆ ਜੂ... ਸੁਰਤ ਤਾਂ ਏਥੇ ਹੀ ਰਹੂ.. ਤੂੰ ਫਿਕ਼ਰ ਨਾ ਕਰ ..ਮੇਰੇ ਹੱਡ ਬਥੇਰੇ ਚੀੜ੍ਹੇ ਨੇ .. ਕੁਝ ਨਹੀਂ ਹੁੰਦਾ ਮੈਨੂੰ ।” ਮੈਂ ਘਰ ਜਾਣ ਤੋਂ ਸਾਫ ਨਾਂਹ ਕਰ ਦਿੱਤੀ ਹੈ।

ਮੇਰਾ ਪੁੱਤ, ਨੂੰਹ ਤੇ ਪੋਤਾ ਹਸਪਤਾਲ ਦੇ ਵਿਜਟਿੰਗ ਰੂਮ ਦੇ ਫਰਸ ‘ਤੇ ਘਰੋਂ ਲਿਆਂਦੀਆਂ ਵਿਛਾਈਆਂ ਚਾਦਰਾਂ ਵਿਛਾ ਕੇ ਲੰਮੇ ਪੈ ਗਏ ਨੇ । ਭਾਵੇ ਮੈਨੂੰ ਪਤਾ ਹੈ ਕਿ ਉਨ੍ਹਾਂ ਵਿਚੋ ਨੀਂਦ ਕਿਸੇ ਨੂੰ ਵੀ ਨਹੀ ਆਵੇਗੀ। ਏਧਰ ਮੇਰੀ ਸੋਚ ਮੇਰੀ ਹੀ ਗੱਲ ਤੇ ਵਿਚਾਰ ਕਰਨ ਲੱਗ ਪਈ ਹੈ... ਜੇ ਮੇਰੇ ਹੱਡ ਸੱਚੀਂ ਹੀ ਚੀੜ੍ਹੇ ਨਾ ਹੁੰਦੇ ਹੁਣ ਤੱਕ ਮੇਰੇ ਨਾਲ ਜੋ ਬੀਤੀਆਂ ਨੇ... ਭਲਾ ਮੈਂ ਜਿਉਂਦੀ ਰਹਿ ਸਕਦੀ ਸਾਂ । ਕਿੰਨੀ ਹੋਣੀਆਂ ਚੜ੍ਹ ਕੇ ਆਈਆਂ ਸਨ ਮੇਰੇ ‘ਤੇ.....ਪਰ ਇਹ ਹੱਡ ਹੀ ਬਹੁਤ ਚੀੜ੍ਹੇ ਤੇ ਸਖਤ ਸਾਬਤ ਹੋਏ ਜੋ ਸਾਰਾ ਕੁਝ ਝੱਲ ਗਏ। ਦੋ ਦਿਨ ਪਹਿਲਾਂ ਲੰਘਿਆਂ ਆਜ਼ਾਦੀ ਦਿਹਾੜਾ ਵੀ ਤਾਂ ਹਰ ਸਾਲ ਮੇਰੇ ਹੱਡਾਂ ਦੀ ਪਰਖ ਕਰਦਾ ਹੈ ਤੇ ਆਹ ਨਿਖ਼ਸਮੀ ਅਜਾਦੀ ਵੀ ਮੇਰੇ ਲਈ ਤਾਂ ਵੱਡੀ ਤੋਂ ਵੱਡੀ ਬਰਬਾਦੀ ਹੀ ਸਾਬਤ ਹੋਈ ਹੈ।ਜੇ ਮਾਮਾ ਖੁਦਾਬਖਸ਼ ਉਸ ਵੇਲੇ ਰੱਬ ਬਣ ਕੇ ਨਾ ਬਹੁੜਦਾ ਤਾਂ ਮੈ ,ਮੇਰੀ ਮਾਂ ਤੇ ਮੇਰੇ ਛੋਟੇ ਭਰਾ ਨੇ ਵੀ ਤਾਂ ਮੇਰੇ ਬਾਪੂ ਤੇ ਵੱਡੇ ਭਰਾ ਵਾਂਗ ਹੱਲੇ ਦਾ ਹੀ ਸ਼ਿਕਾਰ ਹੋ ਜਾਣਾ ਸੀ। ਮੇਰਾ ਧਿਆਨ ਹੁਣ ਨਿਲੇਸ਼ ਵਾਲੇ ਪਾਸਿਉਂ ਹੱਟ ਕੇ ਸੱਠ ਸਾਲ ਪਿੱਛੇ ਆਜ਼ਾਦੀ ਦੇ ਨਾਂ ਤੇ ਹੋਏ ਉਜਾੜੇ ਦੇ ਸਾਰੇ ਦ੍ਰਿਸ਼ ਕਿਸੇ ਲੜੀਵਾਰ ਸੀਰੀਅਲ ਵਾਂਗ ਮੇਰੀਆਂ ਅੱਖਾਂ ਅੱਗੇ ਤੈਰਣ ਲੱਗੇ ਨੇ।

ਲਹਿੰਦੇ ਪੰਜਾਬ ਦੇ ਹਾਸਿਲਪੁਰ ਵਾਲੇ ਪਾਸਿਉਂ ਉਜੜਣ ਵਾਲੇ ਪਰਿਵਾਰਾਂ ਵਿੱਚ ਸਾਡਾ ਪਰਿਵਾਰ ਵੀ ਤਾਂ ਸ਼ਾਮਿਲ ਸੀ। ਉੱਜੜ ਕੇ ਭਾਰਤ ਵਾਲੇ ਪਾਸੇ ਜਾਂਦਿਆਂ ਮੇਰੇ ਪੇਕੇ ਪਰਿਵਾਰ ਵਾਲਾ ਕਾਫਲਾ ਅਜੇ ਸ਼ਹਿਰ ਦੀ ਜੂਹ ਹੀ ਟੱਪਿਆ ਸੀ ਕਿ ਚਿਸਤੀਆਂ ਵੱਲੋਂ ਆਏ ਘੋੜ ਸਵਾਰ ਫਸਾਦੀਆਂ ਨੇ ਸਾਨੂੰ ਘੇਰ ਲਿਆ ਸੀ । ਭਾਵੇ ਮੈਂ ਉਸ ਸਮੇਂ ਦਸ ਗਿਆਰਾਂ ਸਾਲ ਬਾਲੜੀ ਹੀ ਸਾਂ ਪਰ ਅੱਖੀਂ ਵੇਖਿਆ ਉਹ ਵਹਿਸ਼ਤੀ ਵਰਤਾਰਾ ਮੈਂ ਚਾਹ ਕੇ ਵੀ ਸਾਰੀ ਉਮਰ ਭੁੱਲ ਨਹੀਂ ਸਕੀ ਹਾਂ। ਦਰਿੰਦਿਆਂ ਨੇ ਪਹਿਲਾਂ ਸਾਡੇ ਕਾਫਲੇ ਨੂੰ ਜੀਅ ਭਰ ਕੇ ਲੁੱਟਿਆ ਸੀ ਤੇ ਫਿਰ ਮਰਦਾਂ ਨੂੰ ਇਕ ਪਾਸੇ ਖੜ੍ਹੇ ਕਰਕੇ ਵਢਾਂਗਾ ਸ਼ੁਰੂ ਕਰ ਦਿੱਤਾ ਸੀ। ਆਪਣੇ ਪਿਉ ਤੇ ਵੱਡੇ ਭਰਾ ਦੇ ਸਿਰਾਂ ਨੂੰ ਨੰਗੀਆਂ ਤਲਵਾਰਾਂ ਨਾਲ ਚੀਰਣ ਸਮੇਂ ਉਨ੍ਹਾਂ ਦੀਆਂ ਉਹਨਾਂ ਅੰਦਰੋ ਨਿਕਲੀਆਂ ਚੀਕਾਂ ਅਜੇ ਵੀ ਮੈਨੂੰ ਆਪਣੇ ਅੰਦਰੋਂ ਗੂੰਜਦੀਆਂ ਸੁਣਾਈ ਦਿੰਦੀਆਂ ਨੇ । ਇਹਨਾਂ ਚੀਕਾਂ ਨੂੰ ਮੈ ਤਾਂ ਕੀ ਦੁਨੀਆਂ ਦੀ ਕੋਈ ਵੀ ਧੀ ਜਾਂ ਭੈਣ ਭੁੱਲ ਨਹੀਂ ਸਕਦੀ। ਮੈਂ ਤੇ ਮੇਰੀ ਮਾਂ ਉਸ ਵੇਲੇ ਉੱਚੀ ਹਾਲ ਦੁਹਾਈ ਪਾਉਣ ਤੋਂ ਇਲਾਵਾ ਉਹਨਾਂ ਨੂੰ ਬਚਾਉਣ ਲਈ ਕੁਝ ਵੀ ਨਹੀਂ ਸਾਂ ਕਰ ਸਕੀਆਂ।

ਮੇਰਾ ਛੋਟਾ ਭਰਾ ਉਸ ਵੇਲੇ ਮਾਂ ਵਿਚ ਗੋਦ ਵਿਚ ਸੀ। ਦੋ ਗੰਦੇ ਹੱਥ ਮੇਰੀ ਮਾਂ ਵੱਲ ਵੀ ਵਧੇ ਸਨ ਪਰ ਇੱਕ ਬੁਰਛੇ ਨੇ ਇਹਨਾਂ ਹੱਥਾਂ ਨੂੰ ਇਹ ਕਹਿ ਕੇ ਪਿੱਛੇ ਮੋੜ ਦਿੱਤਾ ਸੀ, “ਛੱਡ ਯਾਰ ਇਸ ਖੋਲੇ ਤੋਂ ਕੀ ਕਰਾਉਣੈ .... ਜੇ ਚੁੱਕਣੈ ਤਾਂ ਇਸ ਕੱਚੀ ਕਲੀ ਨੂੰ ਚੁੱਕ ।” ਉਸ ਵੇਲੇ ਮਾਂ ਨੇ ਛੋਟੇ ਵੀਰ ਨੂੰ ਹੇਠਾਂ ਸੁੱਟਣ ਵਾਂਗ ਹੀ ਆਪਣੇ ਤੋਂ ਪਰ੍ਹਾਂ ਕਰਕੇ ਕੇ ਮੈਨੂੰ ਆਪਣੀ ਬੁੱਕਲ ਵਿੱਚ ਛੁਪਾ ਲਿਆ ਸੀ । ਗੰਦੇ ਹੱਥਾਂ ਦੇ ਮੇਰੇ ਵੱਲ ਵੱਧਣ ਤੋਂ ਪਹਿਲਾਂ ਹੀ ਪਤਾ ਨਹੀਂ ਕਿਹੜੇ ਪਾਸਿਉਂ ਪੱਕੀ ਬੰਦੂਕ ਦਾ ਫਾਇਰ ਹੋਇਆ ਸੀ ਤੇ ਬੁਰਛੇ ਇਸਨੂੰ ਮਿਲਟਰੀ ਦੀ ਆਮਦ ਕਿਆਸ ਕੇ ਉੱਥੋਂ ਭੱਜ ਖਲੋਤੇ ਸਨ। ਪਰ ਜਾਂਦੇਂ

ਜਾਂਦੇ ਵੀ ਉਹਨਾਂ ਕਾਫਲੇ ਦੀਆਂ ਕੁਝ ਜੁਆਨ ਕੁੜੀਆਂ ਨੂੰ ਖਿੱਚ ਕੇ ਆਪਣੇ ਘੋੜਿਆਂ ਤੇ ਸੁੱਟ ਲਿਆ ਸੀ। ਧੱਕੇ ਨਾਲ ਉਧਾਲੀਆਂ ਕੁੜੀਆਂ ਵਿਚ ਮੇਰੀ ਆਪਣੀ ਭੂਆ ਵੀ ਸੀ , ਜਿਸ ਦੀਆਂ ਚੀਕਾਂ ਨੇ ਉਸ ਵੇਲੇ ਅਸਮਾਨ ਗੂੰਜਣ ਲਾ ਦਿੱਤਾ ਸੀ ਪਰ ਉਸ ਸਮੇਂ ਬੋਲੇ ਹੋਏ ਰੱਬ ਨੂੰ ਇਹ ਚੀਕਾਂ ਸੁਣਾਈ ਨਹੀ ਸਨ ਦਿੱਤੀਆਂ।

ਆਪਣਾ ਸੁਹਾਗ ਤੇ ਪੁੱਤ ਨੂੰ ਗਵਾ ਚੁੱਕੀ ਮਾਂ ਕਦੇਂ ਮੇਰੇ ਪਿਉ ਦੀ ਲਾਸ਼ ਨਾਲ ਚੰਬੜ ਕੇ ਕੁਰਲਾਉਣ ਲੱਗਦੀ ਤੇ ਕਦੇ ਮੇਰੇ ਭਰਾ ਦੀ ਲਾਸ਼ ਨੂੰ ਗੋਦ ਵਿਚ ਲੈ ਕੇ ਵਿਰਲਾਪ ਕਰਨ ਲੱਗਦੀ । ਵਢਾਂਗੇ ਤੋਂ ਬਾਅਦ ਭਾਵੇਂ ਚਾਰੇ ਪਾਸੇ ਹਾਹਾਕਾਰ ਮੱਚੀ ਪਈ ਸੀ ਪਰ ਜਾਨਾਂ ਬਚਾਉਣ ਲਈ ਕਾਫਲੇ ਦੇ ਬਚ ਗਏ ਜੀਆਂ ਦਾ ਇੱਥੋਂ ਅੱਗੇ ਤੁਰਨਾ ਵੀ ਜ਼ਰੂਰੀ ਸੀ।

ਆਪਣੇ ਨੇੜਲਿਆਂ ਦੀ ਲਾਸ਼ਾਂ ਕਾਵਾਂ ਕੁੱਤਿਆਂ ਦੇ ਖਾਣ ਲਈ ਛੱਡ ਕੇ ਕਾਫਲਾ ਅੱਗੇ ਤੁਰਿਆਂ ਤਾਂ ਦੋ ਤਿੰਨ ਤ੍ਰੀਮਤਾਂ ਨੇ ਦਰਦ ਨਾਲ ਕੁਰਲਾਉਦੀ ਮੇਰੀ ਮਾਂ ਨੂੰ ਵੀ ਮੇਰੇ ਪਿਉਂ ਤੇ ਭਰਾ ਦੀ ਲਾਸ਼ਾਂ ਨਾਲੋਂ ਤੋੜ ਕੇ ਕਾਫਲੇ ਨਾਲ ਲਿਜਾਣ ਦੀ ਕੋਸ਼ਿਸ਼ ਕੀਤੀ। ਪਰ ਮਾਂ ਵਿੱਚ ਤਾਂ ਉਸ ਵੇਲੇ ਅੱਗੇ ਤੁਰਣ ਦਾ ਸਾਹ ਸੱਤ ਹੀ ਨਹੀਂ ਸੀ ਬਚਿਆ । ਉਹ ਵਕਤ ਹੀ ਇਹੋ ਜਿਹਾ ਸੀ ਕਿ ਸਾਰਿਆਂ ਨੂੰ ਆਪੋ ਆਪਣੀ ਪਈ ਹੋਈ ਸੀ। ਸਾਹ ਸੱਤ ਹੀਣ ਹੋਈ ਮਾਂ ਨੂੰ ਉਠਾਉਣ ਦੀ ਥੋੜ੍ਹੀ ਜਿਹੀ ਕੋਸ਼ਿਸ਼ ਤੋਂ ਬਾਅਦ ਹਾਸਿਲਪੁਰ ਤੋਂ ਤੁਰਿਆ ਕਾਫਲਾ ਅੱਗੇ ਤੁਰ ਗਿਆ ਸੀ। ਰਹਿ ਗਈਆਂ ਤਾਂ ਸਨ ਕੁਝ ਲਾਸ਼ਾਂ ਜਾਂ ਲਾਸ਼ਾਂ ਵਰਗੇ ਸਾਡੇ ਤਿੰਨਾਂ ਦੇ ਜਿਉਂਦੇ ਸਰੀਰ। ਭਾਵੇਂ ਮੈਂ ਉਸ ਸਮੇ ਬਾਲੜੀ ਹੀ ਸਾਂ ਪਰ ਪਤਾ ਨਹੀਂ ਕਿਵੇਂ ਮੇਰੇ ਅੰਦਰ ਵਿਲਕਦੀ ਮਾਂ ਦੇ ਹੰਝੂ ਪੂੰਝਣ ਤੇ ਭੁੱਖ ਨਾਲ ਵਿਲਕਦੇ ਭਰਾ ਨੂੰ ਸੰਭਾਲਣ ਦੀ ਸੋਝੀ ਆ ਗਈ ਸੀ। ਜਦੋਂ ਮਾਂ ਨੂੰ ਕਾਫਲੇ ਦੇ ਤੁਰ ਜਾਣ ਤੇ ਸਾਡੇ ਇਕੱਲੇ ਰਹਿ ਜਾਣ ਦਾ ਅਹਿਸਾਸ ਹੋਇਆ ਤਾਂ ਉਸ ਦੀ ਲੇਰ ਨਿਕਲ ਗਈ ਸੀ। ਇਸ ਸਮੇਂ ਹੀ ਇਕ ਉੱਚਾ ਲੰਮਾਂ ਤੇ ਲਾਲ ਸੁਰਖ ਚਿਹਰੇ ਵਾਲਾ ਗਭਰੂ ਪਠਾਨ ਦੇਵਤਿਆਂ ਦੀ ਨਿਆਈਂ ਸਾਡੇ ਕੋਲ ਆ ਖਲੋਤਾ ਸੀ ਤੇ ਮਾਂ ਦਾ ਮੋਢਾ ਫੜ੍ਹ ਕੇ ਬੋਲਿਆਂ ਸੀ , "ਉੱਠ ਭੈਣ ਬੱਚਿਆਂ ਨੂੰ ਲੈ ਕੇ ਸਾਹਮਣੇ ਵਾਲੇ ਘਰ ਵਿਚ ਵਿਚ ਆ ਜਾ ।"

ਉਹ ਫਰਿਸ਼ਤਾ ਇਨਸਾਨ ਕੋਈ ਹੋਰ ਨਹੀਂ ਸਗੋਂ ਮਾਮਾ ਖੁਦਾ ਬਖਸ਼ ਹੀ ਸੀ , ਜਿਵੇਂ ਸਾਡੇ ਰੱਬ ਤੇ ਉਸਦੇ ਖੁਦਾ ਨੇ ਉਸਨੂੰ ਸਾਡੀ ਸਹਾਇਤਾ ਲਈ ਹੀ ਭੇਜਿਆ ਹੋਵੇ । ਉਸ ਸਾਡੇ ਕਾਫਲੇ ਤੇ ਵਾਪਰਦੇ ਕਹਿਰ ਨੂੰ ਆਪਣੇ ਚੁਬਾਰੇ ਦੀ ਬਾਰੀ ਵਿੱਚੋਂ ਆਪਣੀਆਂ ਅੱਖਾਂ ਨਾਲ ਤੱਕਿਆ ਸੀ ਪਰ ਬੁਰਛਿਆਂ ਦੀ ਤਦਾਦ ਦਰਜਣਾਂ ਵਿੱਚ ਹੋਣ ਕਾਰਨ ਉਹ ਕੁਝ ਕਰਨ ਦੀ ਸਥਿਤੀ ਵਿਚ ਨਹੀ ਸੀ। ਅਣਜਾਣੇ ਪਠਾਨ ਨੂੰ ਵੇਖ ਕੇ ਮਾਂ ਨੇ ਡਰ ਨਾਲ ਹੋਰ ਵੀ ਉੱਚੀ ਚੀਕ ਮਾਰੀ ਸੀ। ਉਸਨੂੰ ਉਸ ਵੇਲੇ ਇਹ ਫਰਿਸ਼ਤਾ ਵੀ ਬੁਰਛਿਆਂ ਦਾ ਹੀ ਸਾਥੀ ਲੱਗਾ ਸੀ। ਮਾਂ ਨੂੰ ਆਪਣੇ ਨਾਲ ਵੱਧ ਡਰ ਮੇਰੀ ਇੱਜ਼ਤ ਦਾ ਸੀ । 'ਚੁਬਾਰੇ ਦੀਆਂ ਕੰਧਾਂ ਤਾਂ ਮੇਰੀ ਬੱਚੀ ਦੀ ਚੀਕ ਵੀ ਆਪਣੇ ਤੋਂ ਬਾਹਰ ਨਹੀਂ ਜਾਣ ਦੇਣਗੀਆਂ' ਇਹ ਸੋਚ ਕੇ ਮਾਂ ਮੈਨੂੰ ਮੈਨੂੰ ਬੁੱਕਲ ਵਿਚ ਲੁਕਾਈ ਥਰ ਥਰ ਕੰਬ ਰਹੀ ਸੀ ।

ਉਹ ਮਾਂ ਦੀ ਮਨੋ ਦਸ਼ਾ ਨੂੰ ਚੰਗੀ ਤਰ੍ਹਾਂ ਸਮਝਦਾ ਸੀ ,ਇਸੇ ਲਈ ਆਜ਼ਜ਼ੀ ਜਿਹੀ ਨਾਲ ਬੋਲਿਆ ਸੀ "ਮੈਂ ਸ਼ਰਮਿੰਦਾ ਹਾਂ ਭੈਣਾ .. ਤੁਹਾਡੇ 'ਤੇ ਕਹਿਰ ਵਰਤਾਉਣ ਵਾਲੇ ਮੇਰੀ ਹੀ ਕੌਮ ਦੇ ਬੰਦੇ ਹਨ ਪਰ ਪੰਜੇ ਉਗਲਾਂ ਇਕਸਾਰ ਨਹੀਂ ਹੁੰਦੀਆਂ ... ਹੁਣ ਤੁਸੀਂ ਡਰੋ ਨਾ ਮੈਂ ਤੈਨੂੰ ਆਪਣੀ ਮੇਰੀ ਧਰਮ ਦੀ ਭੈਣ ਬਣਾਉਂਦਾ ਹਾਂ.. ਪਠਾਨ ਦੀ ਜ਼ੁਬਾਨ ਹੁੰਦੀ ਹੈ .. ਇਕ ਵਾਰ ਤੂੰ ਆਪਣੀ ਤੇ ਆਪਣੇ ਬੋਟਾਂ ਦੀ ਜਾਨ ਬਚਾਉਣ ਲਈ ਮੇਰੇ ਘਰ ਚੱਲ। ਥੋੜ੍ਹਾ ਠੰਡ ਠੰਡਾ ਹੋਣ ਤੇ ਮੈਂ ਤੈਨੂੰ ਹਿੰਦੁਸਤਾਨ ਜਾਣ ਵਾਲੇ ਕਿਸੇ ਹੋਰ ਕਾਫ਼ਲੇ ਤੱਕ ਛੱਡ ਆਵਾਂਗਾ।"

ਭਾਵੇਂ ਮੇਰੀ ਮਾਂ ਦੀ ਕਾਂਬਾ ਰੁੱਕ ਨਹੀਂ ਸੀ ਰਿਹਾ ਪਰ ਏਧਰ ਵੀ ਮੌਤ ਤੇ ਉੱਧਰ ਵੀ ਮੌਤ ਵਾਲੀ ਸਥਿਤੀ ਪੈਦਾ ਹੋ ਜਾਣ 'ਤੇ ਕਿਸੇ ਪਾਸੇ ਤਾਂ ਤੁਰਣਾ ਹੀ ਪੈਣਾ ਸੀ। ਕੀ ਪਤਾ ਇਹ ਸੱਚ ਹੀ ਬੋਲਦਾ ਹੋਵੇ ਦੀ ਸੋਚ ਨੇ ਸ਼ਾਇਦ ਉਸ ਵੇਲੇ ਮਾਂ ਨੂੰ ਕੁਝ ਧਰਵਾਸ ਵੀ ਦਿੱਤਾ ਹੋਵੇ , ਇਸ ਲਈ ਮੇਰੇ ਭਰਾ ਨੂੰ ਗੋਦ ਵਿਚ ਚੁੱਕੀ ਤੇ ਮੇਰੀ ਉਂਗਲ ਫੜ੍ਹੀ ਉਸ ਨਾਲ ਤੁਰ ਪਈ ਸੀ। ਅੰਦਰ ਪਹੁੰਚ ਕੇ ਉਸਦੀ ਬੇਗਮ ਤੇ ਭੈਣ ਸਾਨੂੰ ਰੋਂਦਿਆਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਚੁੱਪ ਕਰਾਉਣ ਲੱਗੀਆਂ। ਉਸਦੀ ਭੈਣ ਨਸੀਰਾਂ ਭੁੱਖ ਨਾਲ ਵਿਲਕ ਰਹੇ ਮੇਰੇ ਭਰਾ ਲਈ ਗਰਮ ਦੁੱਧ ਕਰ ਕੇ ਲੈ ਆਈ ਸੀ । ਦੋ ਤਿੰਨ ਘੰਟਿਆਂ ਦਾ ਸਮਾਂ ਤਾਂ ਮੇਰੀ ਮਾਂ ਤੇ ਮੈਨੂੰ ਰੋਂਦਿਆਂ ਨੂੰ ਚੁੱਪ ਕਰਾਉਣ ਵਿਚ ਹੀ ਬੀਤ ਗਿਆ ਫਿਰ ਫਾਤਿਮਾ ਬੇਗਮ ਨੇ ਸੇਵੀਆਂ ਦੀਆਂ ਦੋ ਬਾਟੀਆਂ ਸਾਡੇ ਸਾਹਮਣੇ ਲਿਆ ਰੱਖੀਆ ਸਨ ਤੇ ਗੁਜ਼ਾਰਿਸ਼ ਕੀਤੀ ਸੀ, "ਇਹ ਖਾ ਲਵੋ ਮਨ ਨੂੰ ਕੁਝ ਧੀਰਜ ਪਵੇਗਾ। ਪਤਾ ਨਹੀਂ ਤੁਸੀ ਕਿਹੜੇ ਵੇਲੇ ਦੀ ਰੋਟੀ ਬੁਰਕੀ ਆਪਣੇ ਮੂੰਹ ਵਿਚ ਪਾਈ ਹੋਵੇਗੀ।" ਤਾਜੇ ਵਰਤੇ ਕਹਿਰ ਕਾਰਨ ਮਾਂ ਦਾ ਮਨ ਕੁਝ ਖਾਣ ਲਈ ਨਹੀਂ ਸੀ ਕਰ ਰਿਹਾ , ਇਸ ਲਈ ਉਸ ਆਪਣੇ ਵਾਲੀ ਬਾਟੀ ਪਰ੍ਹਾਂ ਸਰਕਾ ਦਿੱਤੀ ਸੀ ਪਰ ਮੇਰੇ ਕੋਲ ਪਈ ਬਾਟੀ ਉੱਥੇ ਹੀ ਪਈ ਰਹਿਣ ਦਿੱਤੀ ਸੀ ।

"ਭੈਣੇ!ਜੇ ਸਾਡੇ ਹੱਥਾਂ ਨਾਲ ਬਣਾਈਆਂ ਸੇਵੀਆਂ ਖਾਣਾ ਖਾਣ ਵਿਚ ਤੈਨੂੰ ਕੋਈ ਝਿਜਕ ਹੈ ਤਾਂ ਰਸੋਈ ਵਿਚ ਆਪ ਬਣਾ ਕੇ ਖਾਣਾ ਬਣਾ ਲੈ ।" ਮਾਮੀ ਫਾਤਿਮਾ ਨੇ ਪਿਆਰ ਨਾਲ ਮਾਂ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ ਸੀ ਤਾਂ ਮਾਂ ਉਸਦੇ ਮੋਢੇ 'ਤੇ ਸਿਰ ਰੱਖ ਕੇ ਫਿਰ ਡੁਸਕਣ ਲੱਗ ਪਈ ਸੀ।

"ਨਾ ਭੈਣ ਜੀ! ਇਹ ਪਾਪ ਨਾ ਚੜ੍ਹਾਓ ਸਾਡੇ ਸਿਰ 'ਤੇ ... ਪਹਿਲਾਂ ਹੀ ਪਤਾ ਨਹੀਂ ਜੀਵਨ ਵਿਚ ਕੀਤੇ ਕਿਹੜੇ ਪਾਪਾਂ ਦਾ ਭੁਗਤਾਣ ਕਰ ਰਹੇ ਹਾਂ ...ਤੁਹਾਡੀਆਂ ਬਣਾਈਆਂ ਸੇਵੀਆਂ ਤਾਂ

ਸਾਡੇ ਲਈ ਅੰਮ੍ਰਿਤ ਨੇ .. ਤੁਸੀਂ ਤਾਂ ਜੇ ਜ਼ਹਿਰ ਵੀ ਦੇਵੋ ਤਾਂ ਅਸੀ ਹੱਸ ਕੇ ਖਾਂ ਲਵਾਂਗੀਆਂ।'' ਮਾਂ ਨੇ ਸੇਵੀਆਂ ਵਾਲੀ ਬਾਟੀ ਫਿਰ ਆਪਣੇ ਵਾਲੇ ਪਾਸੇ ਸਰਕਾ ਲਈ ਤੇ ਉਸ ਦਾ ਮਾਣ ਰੱਖਣ ਲਈ ਦੋ ਤਿੰਨ ਚਮਚੇ ਆਪਣੇ ਮੂੰਹ ਵਿੱਚ ਵੀ ਪਾ ਲਏ ਸਨ ।

ਹਾਸਿਲਪੁਰ ਦੇ 15 ਕੁ ਕੋਹ ਦੂਰ ਭਿੰਡੇ ਰਹਿੰਦਾ ਮੇਰੇ ਨਾਨਕਾ ਪਰਿਵਾਰ ਅਜੇ ਕਿਸੇ ਕਾਫਲੇ ਨਾਲ ਹਿੰਦੁਸਤਾਨ ਵੱਲ ਰਵਾਨਾ ਨਹੀਂ ਸਨ ਹੋਇਆ ਤੇ ਇਹ ਪਿੰਡ ਉਸ ਵੇਲੇ ਹੈ ਵੀ ਮਿਲਟਰੀ ਦੀ ਦੇਖ ਰੇਖ ਹੇਠ ਸੀ । ਮਾਮੇ ਖੁਦਬਖਸ਼ ਨੇ ਇਸ ਬਾਰੇ ਪਤਾ ਮੰਗਵਾਇਆ ਤੇ ਰਾਤ ਦੇ ਹਨੇਰੇ ਵਿਚ ਸਾਨੂੰ ਭਿੰਡੇ ਤੱਕ ਛੱਡਣ ਦੀ ਤਿਆਰੀ ਕਰ ਲਈ । ਸਾਡੀ ਹਿਫਾਜਤ ਲਈ ਉਸ ਆਪਣੇ ਛੋਟੇ ਭਰਾ ਅੱਲਾ ਦਿੱਤੇ ਤੇ ਭਤੀਜ਼ੇ ਸਹਿਬਾਜ ਇਲਾਹੀ ਵੀ ਆਪਣੇ ਨਾਲ ਚੱਲਣ ਲਈ ਕਹਿ ਦਿੱਤਾ । ਇਸ ਵੇਲੇ ਸਾਡੇ ਤਿੰਨਾਂ ਰਾਖਿਆਂ ਕੋਲ ਡਾਂਗਾ ਵੀ ਸਨ ਤੇ ਛੁਰੇ ਵੀ। ਤੁੱਰਣ ਲੱਗਿਆਂ ਮਾਂ ਆਪਣੇ ਮੂੰਹ ਬੋਲੇ ਭਰਾ, ਭਰਜਾਈ ਤੇ ਨਿਨਾਣ ਦੇ ਗਲ ਲੱਗ ਕੇ ਇਸ ਤਰ੍ਹਾਂ ਰੋਈ ਜਿਵੇ ਉਹ ਆਪਣੇ ਪੇਕੇ ਘਰ ਤੋਂ ਹੀ ਵਿਦਾ ਹੋ ਰਹੀ ਹੋਵੇ। ਇਸ ਨੇਕ ਦਿਲ ਪਰਿਵਾਰ ਨਾਲ ਇਕ ਰਾਤ ਵਿਚ ਹੀ ਸਾਡਾ ਉਮਰਾਂ ਦਾ ਰਿਸ਼ਤਾ ਜੁ ਬਣ ਗਿਆ ਸੀ ।

'ਖੁਦਾ ਹਾਫਿਜ' ਜੇ ਅੱਲ੍ਹਾ ਤਾਲਾ ਨੇ ਚਾਹਿਆ ਤਾਂ ਕਦੇ ਫਿਰ ਵੀ ਮਿਲਾਂਗੇ' ਕਹਿ ਜਦੋਂ ਮਾਮਾ ਸਾਨੂੰ ਨਾਨਕੇ ਘਰ ਛੱਡ ਕੇ ਵਾਪਸ ਜਾਣ ਲੱਗਾ ਤਾਂ ਮਾਂ ਇਕ ਵਾਰ ਫਿਰ ਉਸ ਦੇ ਗਲ ਲੱਗ ਕੇ ਫੁੱਟ ਫੁੱਟ ਰੋਈ ਸੀ। ਜੇ ਮੈਂ ਆਪਣੇ ਪਿਉ ਤੇ ਭਰਾ ਦੇ ਕਾਤਲਾਂ ਦੇ ਚਿਹਰੇ ਅੱਜ ਤੱਕ ਨਵੀ ਭੁੱਲੀ ਤਾਂ ਸਾਡੇ ਲਈ ਫਰਿਸ਼ਤਾ ਬਣ ਕੇ ਇਸ ਨੇਕ ਬੰਦੇ ਦਾ ਚਿਰਹਾ ਵੀ ਮੇਰੇ ਮਨ ਮਸਤਕ ਵਿਚ ਸਾਫ ਰੂਪ ਵਿਚ ਉਕਰਿਆ ਹੋਇਆ ਹੈ।

ਜਦੋਂ ਵੀ ਮੇਰੀ ਨਜ਼ਰ ਵਿੱਚ ਕੋਈ ਉੱਚਾ ਲੰਮਾਂ ਲੰਮਾ, ਗੋਰਾ ਚਿੱਟਾ ਤੇ ਦਗ ਦਗ ਕਰਦੇ ਰੋਹਬਦਾਰ ਚਿਹਰਾ ਚੜ੍ਹਦਾ ਪੈਂਦਾ ਹੈ ਤਾਂ ਮੈਂ ਉਸ ਵਿਚੋ ਆਪਣੇ ਮਾਮੇ ਖੁਦਬਖਸ਼ ਦੇ ਨਕਸ਼ ਤਲਾਸ਼ ਕਰਨ ਲੱਗ ਪੈਂਦੀ ਹਾਂ । ਮਾਮੇ ਨਾਲ ਮਿਲਦੇ ਨਕਸ਼ ਉਦੋਂ ਮੈਨੂੰ ਰਜਿੰਦਰਾ ਹਸਪਤਾਲ ਦੇ ਡਾਕਟਰ ਕਪਿਲ ਵਿੱਚੋ ਵੀ ਵਿਖਾਈ ਦਿੱਤੇ ਸਨ, ਜਦੋਂ ਇਹ ( ਨਿਲੇਸ਼ ਦੇ ਦਾਦਾ ) ਹਸਪਤਾਲ ਵਿਚ ਦਾਖਲ ਸਨ। ਫਿਰਕੂ ਅਧਾਰ ਤੇ ਵੱਖ ਹੋਏ ਦੋ ਮੁਲਕਾਂ ਦੇ ਸ਼ਰੀਕੇ ਨੇ ਮੇਰਾ ਪਿਉ ਤੇ ਭਰਾ ਖੋਹ ਲਏ ਸਨ ਤਾਂ ਜ਼ਮੀਨ ਦੀ ਵੰਡ ਕਾਰਨ ਉਪਜੇ ਭਰਾਵਾਂ ਦੇ ਸ਼ਰੀਕੇ ਨੇ ਮੇਰੇ ਪਤੀ ਨੂੰ ਹਸਪਤਾਲ ਵਿੱਚ ਪਹੁੰਚਾ ਦਿੱਤਾ ਸੀ । ਮੇਰੇ ਜੇਠ ਤੇ ਉਸਦੇ ਮੁੰਡਿਆਂ ਨਾਲ ਸਾਂਝੀ ਵੱਟ ਨੂੰ ਲੈ ਕੇ ਹੋਈ ਲੜਾਈ ਵਿੱਚ ਇਹਨਾਂ ਦੇ ਲੱਤ 'ਤੇ ਗੰਡਾਸੇ ਦਾ ਏਨਾ ਤਿੱਖਾ ਵਾਰ ਹੋਇਆ ਸੀ ਕਿ ਡਾਕਟਰਾਂ ਕੋਲ ਇਨ੍ਹਾਂ ਦੀ ਲੱਤ ਕੱਟਣ ਇਲਾਵਾ ਕੋਈ ਚਾਰਾ ਨਹੀ ਸੀ ਰਿਹਾ । ਇਨ੍ਹਾਂ ਦਾ ਇਲਾਜ਼ ਕਰਦੇ ਡਾਕਟਰ ਕਪਿਲ ਦੇ ਨਕਸ਼ ਮਾਮੇ ਖੁਦਾਬਖਸ਼ ਨਾਲ ਮਿਲਦੇ ਵੇਖ ਕੇ ਇਕ ਵਾਰ ਤਾਂ ਮੈਨੂੰ ਲੱਗਾ ਸੀ ਕਿ ਰੱਬ ਨੇ ਦੂਜੀ ਵਾਰ ਮੇਰੀ ਸਹਾਇਤਾ ਲਈ ਮਾਮੇ ਨੂੰ ਭੇਜ ਦਿੱਤਾ ਹੈ। ਡਾਕਟਰ ਨੇ ਆਪਣੇ ਵੱਲੋਂ ਕੋਈ ਕਸਰ ਵੀ ਬਾਕੀ ਨਹੀਂ ਸੀ ਰੱਖੀ ਪਰ ਆਖਿਰ ਸੀਨੀਅਰ ਡਾਕਟਰਾਂ ਦੀ ਸਲਾਹ ਤੇ ਲੱਤ ਕੱਟਣੀ ਹੀ ਪਈ ਸੀ ਤੇ ਇਨ੍ਹਾਂ ਆਪਣੀ ਰਹਿੰਦੀ ਉਮਰ ਨਕਲੀ ਲੱਤ ਦੇ ਸਹਾਰੇ ਹੀ ਕੱਟੀ ਸੀ। ਮੇਰੇ ਪਿਉ ਤੇ ਭਰਾ ਨੂੰ ਬਚਾ ਤਾਂ ਮਾਮਾ ਵੀ ਨਹੀਂ ਸੀ ਸਕਿਆ ਪਰ ਉਸ ਜੋ ਸਾਡੇ ਲਈ ਕੀਤਾ ਸੀ ਉਹ ਮੈਂ ਸਾਰੀ ਉਮਰ ਭੁੱਲ ਨਹੀਂ ਸਕਦੀ । ਆਪਣੇ ਪੁੱਤਰ ਤੇ ਪੋਤਿਆਂ ਨੂੰ ਮੈਂ ਉਹਨਾਂ ਦੇ ਇਸ ਰੱਬ ਵਰਗੇ ਮਾਮੇ ਦੀ ਕਹਾਣੀ ਏਨੀ ਵਾਰ ਸੁਣਾਈ ਸੀ ਕਿ ਉਹਨਾਂ ਦੇ ਮਨਾਂ ਵਿਚ ਵੀ ਉਸਦਾ ਪੱਕਾ ਵਾਸਾ ਹੋ ਗਿਆ ਸੀ ।

ਵਿਜਟਿੰਗ ਰੂਮ ਦੇ ਬੈਂਚ ਤੇ ਲੇਟੀ ਪਈ ਦੇ ਵੀ ਮੇਰੇ ਅੰਦਰੋਂ ਇਹ ਸੁਆਲ ਵਾਰ ਵਾਰ ਉੱਠ ਰਿਹਾ ਹੈ ਕਿ ਇਹ ਸ਼ਰੀਕੇਬਾਜ਼ੀ ਸਾਰੀ ਉਮਰ ਆਖਿਰ ਬੰਦੇ ਦਾ ਪਿੱਛਾ ਕਿਉਂ ਨਹੀਂ ਛੱਡਦੀ। ਮੇਰੀਆਂ ਦੋ ਪੀੜ੍ਹੀਆਂ ਸ਼ਰੀਕੇ ਬਾਜ਼ੀ ਦੇ ਨਤੀਜੇ ਭੁਗਤ ਚੁੱਕੀਆਂ ਨੇ ਤੇ ਹੁਣ ਤੀਜੀ ਪੀੜ੍ਹੀ ਨੂੰ ਵੀ ਮੁੰਡਿਆਂ ਦੀ ਆਪਸੀ ਸ਼ਰੀਕੇਬਾਜ਼ੀ ਨੇ ਡੰਗ ਲਿਐ।

ਦੋ ਘੰਟਿਆਂ ਤੋਂ ਲੱਕੜ ਦੇ ਬੈਂਚ 'ਤੇ ਸੱਜੇ ਮੋਢੇ ਦੇ ਭਾਰ ਪਈ ਰਹਿਣ ਰਹਿਣ ਨਾਲ ਮੇਰਾ ਮੋਢਾ ਹੰਭ ਗਿਆ ਹੈ । ਮੈਂ ਪਾਸਾ ਪਰਤਿਆ ਹੈ ਤਾਂ ਨਾਲ ਹੀ ਮੇਰੀਆ ਸੋਚਾਂ ਨੇ ਵੀ ਪਾਸਾ ਪਰਤ ਲਿਆ ਹੈ ਤੇ ਇਹ ਅਤੀਤ ਨਾਲੋਂ ਟੁੱਟ ਕੇ ਫਿਰ ਨਿਲੇਸ਼ ਨਾਲ ਜੁੜ ਗਈਆਂ ਨੇ । ਭਾਵੇਂ ਨਿਲੇਸ਼ ਨੂੰ ਸੱਟਾਂ ਮਾਰਨ ਵਾਲੇ ਵਿਰੋਧੀ ਧਿਰ ਦੇ ਮੁੰਡਿਆਂ ਨੂੰ ਪੁਲਿਸ ਨੇ ਫੜ੍ਹ ਲਿਆ ਹੈ ਤੇ ਉਹ ਜੇਲ੍ਹ ਵੀ ਪਹੁੰਚ ਗਏ ਨੇ ਪਰ ਇਸ ਨਾਲ ਨਿਲੇਸ਼ ਦੇ ਲੱਗੀ ਸੱਟ ਦੇ ਜ਼ਖਮ ਤਾਂ ਨਹੀਂ ਆਠਰਣ ਲੱਗੇ ।ਦੋ ਦਿਨਾਂ ਤੋਂ ਮੇਰੇ ਸਾਰੇ ਪਰਿਵਾਰ ਦੀ ਜਾਨ ਸੂਲੀ ਤੇ ਲਟਕ ਰਹੀ ਹੈ... ਜੇ ਨਿਲੇਸ਼ ਕਾਲਜ ਦੀ ਚੋਣ ਜਿੱਤ ਵੀ ਜਾਂਦਾ ਤਾਂ ਕੀ ਉਸਦੀ ਪ੍ਰਧਾਨਗੀ ਸਾਨੂੰ ਕਿਨਾਂ ਕੁ ਤਾਰ ਦੇਵੇਗੀ .. ਐਵੇਂ ਵਾਧੂ ਦੀ ਦੁਸ਼ਮਣੀ ।ਇਹ ਵੀ ਸੋਚ ਰਹੀ ਹਾਂ ਕਿ ਬੰਦਾ ਆਖਿਰ ਚਿੰਤਾ ਮੁਕਤ ਕਿਸ ਉਮਰ ਵਿਚ ਹੁੰਦੈ । ਮੈਂ ਤਾਂ ਸੁਰਤ ਸੰਭਾਲਣ ਤੋਂ ਲੈ ਕੇ ਅੱਜ ਤੱਕ ਸਾਰੀ ਉਮਰ ਚਿੰਤਾਵਾਂ ਵਿਚ ਹੀ ਘਿਰੀ ਰਹੀ ਰਹੀ ਹਾਂ । ਹੁਣ ਮੇਰੀ ਉਮਰ ਗੋਬਿੰਦ – ਭਜਨ ਗਾਉਣ ਦੀ ਹੈ ਪਰ ਮੈਨੂੰ ਅਜੇ ਵੀ ਆਪਣੇ ਦੁੱਖਾਂ ਦੇ ਕੀਰਨੇ ਹੀ ਪਾਉਣੇ ਪੈ ਰਹੇ ਨੇ। ਉਮਰ ਵੱਧਣ ਨਾਲ ਸਗੋਂ ਮੇਰੀ ਚਿੰਤਾ ਤਾਂ ਸਗੋਂ ਹੋਰ ਹੀ ਵੱਧਦੀ ਜਾਂਦੀ ਹੈ।ਇਹੋ ਜਿਹੀਆਂ ਸੋਚਾਂ ਨੇ ਮੈਨੂੰ ਬੇ ਹੱਦ ਬੇ-ਚੈਨ ਕਰ ਦਿੱਤਾ ਹੈ ਤਾਂ ਮੇਰੇ ਲਈ ਬੈਂਚ ਤੇ ਲੇਟੇ ਰਹਿਣਾ ਵੀ ਮੁਸ਼ਕਿਲ ਹੋ ਗਿਆ ਹੈ । ਉਠ ਕੇ ਸੋਟੀ ਦੇ ਸਹਾਰੇ ਪਹਿਲਾਂ ਬੈਂਚ ਦੇ ਨੇੜੇ ਹੀ ਟਹਿਲਣ ਲੱਗ ਪਈ ਹਾਂ ਤੇ ਫਿਰ ਮੇਰੇ ਕਦਮ ਆਪ ਮੁਹਾਰੇ ਨਿਲੇਸ਼ ਦੇ ਕਮਰੇ ਵੱਲ ਵੱਧ ਗਏ ਹਨ।

''ਅੰਮਾ ਏਧਰ ਨਹੀਂ ਜਾਣਾ...।'' ਕਮਰੇ ਤੋ ਬਾਹਰ ਬੈਠੀ ਡਿਊਟੀ ਨਰਸ ਨੇ ਮੈਨੂੰ ਅੰਦਰ ਜਾਣ ਤੋਂ ਵਰਜਿਆ ਹੈ । ਬੇਬਸ ਹੋਈ ਪੁੱਤਰ ਤੇ ਨੂੰਹ ਵਾਲੇ ਬੈਂਚ 'ਤੇ ਉਹਨਾਂ ਦੇ ਨਾਲ ਹੀ

ਆਣ ਬੈਠੀ ਹਾਂ। ਅਸੀਂ ਸਾਰੇ ਇਕ ਦੂਜੇ ਨੂੰ ਦਿਲਾਸੇ ਦਿੰਦੇ ਹੋਏ ਵਕਤ ਲੰਘਾ ਰਹੇ ਹਾਂ। ਸਵੇਰ ਦੇ ਛੇ ਵਜੇ ਡਿਊਟੀ ਨਰਸ ਨੇ ਮੇਰੇ ਪੁੱਤਰ ਨੂੰ ਡਾਕਟਰ ਵੱਲੋਂ ਬੁਲਾਏ ਜਾਣ ਦਾ ਸੁਨੇਹਾ ਦਿੱਤਾ ਹੈ ਤਾਂ ਸਾਡਾ ਉਤਲਾ ਸਾਹ ਉੱਤੇ ਤੇ ਹੇਠਲਾ ਸਾਹ ਹੇਠਾ ਹੀ ਰਹਿ ਗਿਆ ਹੈ। ਪੁੱਤਰ ਜਿਨਾਂ ਚਿਰ ਡਾਕਟਰ ਦੇ ਕਮਰੇ ਵਿੱਚ ਹੈ। ਮੈਂ ਹਨੂੰਮਾਨ ਚਲੀਸੇ ਦਾ ਪਾਠ ਸ਼ੁਰੂ ਕਰ ਦਿੱਤਾ ਹੈ। ਪਰ ਪਾਠ ਨਾਲ ਮੇਰੀ ਸੁਰਤ ਦਾ ਕੋਈ ਤਾਲ ਮੇਲ ਨਹੀਂ ਬੈਠ ਰਿਹਾ। ਪੁੱਤਰ ਡਾਕਟਰ ਦੇ ਕਮਰੇ ਵਿੱਚੋਂ ਹੋ ਕੇ ਸਾਡੇ ਕੋਲ ਆਇਆ ਹੈ ਤਾਂ ਅਸੀਂ ਸਾਰੇ ਟਿਕ ਟਿਕੀ ਲਾਈ ਉਸਦੇ ਮੂੰਹ ਵੱਲ ਵੇਖਣ ਲੱਗ ਪਏ ਹਾਂ।

"ਡਾਕਟਰ ਨੇ ਕਿਹੈ, ਬਈ ਨਿਲੇਸ਼ ਦਾ ਹਾਲਤ ਹੁਣ ਸਥਿਰ ਐ, ਖਤਰੇ ਵਾਲੀ ਕੋਈ ਗੱਲ ਨਹੀਂ ਪਰ ਸਿਰ ਵਿਚ ਖੂਨ ਵੱਧ ਵਹਿ ਜਾਣ ਕਾਰਨ ਖੂਨ ਦੀ ਬੋਤਲ ਹੋਰ ਚੜ੍ਹਾਉਣੀ ਪਵੇਗੀ। ਦੱਸਦਿਆਂ ਪੁੱਤਰ ਦੇ ਚਿਹਰੇ 'ਤੇ ਚਿੰਤਾ ਹੋਰ ਵੱਧ ਗਈ ਹੈ। ਉਹ ਤੇ ਮੇਰਾ ਪੋਤਾ ਅਕਾਸ਼ ਨਿਲੇਸ਼ ਨੂੰ ਹਸਪਤਾਲ ਵਿਚ ਦਾਖਲ ਕਰਾਉਣ ਵੇਲੇ ਹੀ ਆਪਣੇ ਖੂਨ ਦੇ ਚੁੱਕੇ ਹਨ। ਇਸ ਲਈ ਡਾਕਟਰ ਨੇ ਉਨ੍ਹਾਂ ਨੂੰ ਹੋਰ ਖੂਨ ਦੇਣ ਤੋ ਇਕ ਮਹੀਨੇ ਲਈ ਮਨ੍ਹਾਂ ਕੀਤਾ ਹੋਇਆ ਹੈ। ਮੇਰਾ ਪੁੱਤਰ ਬਲੱਡ ਵੱਲ ਵਾਹੋ ਦਾਹੀ ਭੱਜਾ ਹੈ ਤੇ ਵਾਪਸੀ ਤੇ ਉੱਥੇ ਨਿਲੇਸ਼ ਦੇ ਗਰੁੱਪ ਦਾ ਖੂਨ ਨਾ ਮੌਜੂਦ ਹੋਣ ਦੀ ਗੱਲ ਦੱਸੀ ਹੈ । ਬੈਂਕ ਵਾਲਿਆਂ ਨੇ ਇਹ ਦੱਸ ਕੇ ਸਾਡੀ ਚਿੰਤਾ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ ਕਿ ਇਸ ਗੁਰੱਪ ਦਾ ਖੂਨ ਬਹੁਤ ਘੱਟ ਬੰਦਿਆ ਵਿਚ ਹੁੰਦਾ ਹੈ।

ਨਿਲੇਸ਼ ਦੀ ਯੂਨੀਅਨ ਦੇ ਕਈ ਮੁੰਡਿਆਂ ਨੂੰ ਫੋਨ ਕੀਤੇ ਹਨ ਪਰ ਕਿਸੇ ਦਾ ਖੂਨ ਉਸ ਗਰੁੱਪ ਦਾ ਨਹੀਂ ਹੈ, ਜਿਸ ਦੀ ਇਸ ਵੇਲੇ ਸਾਨੂੰ ਲੋੜ ਹੈ। ਕਿਸੇ ਨੂੰ ਸਮਝ ਨਹੀਂ ਆ ਰਹੀ ਕਿ ਕਰੀਏ ਤਾਂ ਕੀ ਕਰੀਏ। ਅਚਾਣਕ ਅਕਾਸ਼ ਦੇ ਇਕ ਦੋਸਤ ਨੇ ਆਪਣਾ ਖੂਨ ਨਿਲੇਸ਼ ਦੇ ਖੂਨ ਨਾਲ ਮਿਲਦਾ ਦੱਸ ਕੇ ਸਾਡੇ ਤਣਾਓ ਨੂੰ ਕੁਝ ਘੱਟ ਕੀਤਾ ਹੈ ਤੇ ਉਸ ਪੰਦਰਾਂ ਮਿੰਟ ਵਿਚ ਹਸਪਤਾਲ ਪਹੁੰਚਣ ਦੀ ਤੱਸਲੀ ਵੀ ਸਾਨੂੰ ਦਿੱਤੀ ਹੈ ਪਰ ਇਹ ਪੰਦਰਾਂ ਮਿੰਟ ਹੀ ਸਾਡੇ ਲਈ ਤਾਂ ਪੰਦਰਾਂ ਯੁਗ ਹੋ ਨਿਬੜੇ ਨੇ । ਵਿਕਾਸ ਦਾ ਦੋਸਤ ਤੇ ਮੇਰਾ ਪੁੱਤਰ ਡਾਕਟਰ ਦੇ ਕਮਰੇ ਵੱਲ ਚੱਲੇ ਗਏ ਹਨ। ਪੰਜ ਕੇ ਮਿੰਟ ਤੋਂ ਬਾਅਦ ਪੁੱਤਰ ਨੇ ਵਾਪਸ ਆ ਕੇ ਦੱਸਿਆ ਹੈ ਕਿ ਉਸਦੇ ਦੋਸਤ ਦਾ ਖੂਨ ਨਿਲੇਸ਼ ਨੂੰ ਚੜ੍ਹਣਾ ਹੋ ਗਿਆ ਹੈ ਤਾਂ ਅਸੀਂ ਥੋੜ੍ਹੀ ਰਾਹਤ ਦਾ ਸਾਹ ਲਿਆ ਹੈ ਤੇ ਮੈਂ ਹਨੂਮਾਨ ਚਾਲੀਸਾ ਦਾ ਵਿਚਾਲੇ ਛੱਡਿਆ ਪਾਠ ਫਿਰ ਸ਼ੁਰੂ ਕਰ ਦਿੱਤਾ ਹੈ।

ਸਵੇਰੇ ਦੇ ਨੌਂ ਕੁ ਵਜੇ ਡਾਕਟਰ ਨੇ ਫਿਰ ਮੇਰੇ ਪੁੱਤਰ ਨੂੰ ਆਪਣੇ ਕਮਰੇ ਵਿਚ ਬੁਲਾਇਆ ਹੈ ਤੇ ਅਸੀਂ ਇਕ ਵਾਰ ਫਿਰ ਕਿਸੇ ਅਣਹੋਣੀ ਵਾਪਰਣ ਦੇ ਫ਼ਿਕਰ ਨਾਲ ਡਰ ਗਏ ਹਾਂ । ਪਰ ਇਸ ਵਾਰ ਜਦੋਂ ਪੁੱਤਰ ਡਾਕਟਰ ਦੇ ਕਮਰੇ ਵਿਚੋਂ ਬਾਹਰ ਆਇਆ ਹੈ ਤਾਂ ਉਸਨੂੰ ਮੁਸਕਰਾਉਂਦੇ ਹੋਏ ਵੇਖ ਕੇ ਅਸੀਂ ਚੈਨ ਦਾ ਲੰਬਾ ਸਾਹ ਲਿਆ ਹੈ।

"ਡਾਕਟਰ ਕਹਿੰਦੈ ਕਿ ਨਿਲੇਸ਼ ਹੁਣ ਹੋਸ਼ ਵਿਚ ਆ ਚੁੱਕੈ ਤੇ ਉਹ ਖਤਰੇ ਤੋਂ ਪੂਰੀ ਤਰ੍ਹਾਂ ਬਾਹਰ ਐ। ਨਰਸਾਂ ਅਜੇ ਉਸਦੀ ਡਰੈਸਿੰਗ ਕਰ ਰਹੀਆਂ ਨੇ..ਆਪਾਂ ਸਾਰੇ ਅੱਧੇ ਘੰਟੇ ਬਾਅਦ ਉਸ ਨੂੰ ਮਿਲ ਸਕਦੇ ਹਾਂ।" ਪੁੱਤਰ ਦੇ ਬੋਲ ਸਾਡੇ ਲਈ ਕਿਸੇ ਇਲਾਹੀ ਬਾਣੀ ਤੋਂ ਘੱਟ ਨਹੀਂ ਹਨ। ਮੈਂ ਮਨ ਹੀ ਮਨ ਪਤਾ ਨਹੀਂ ਮੁਰਲੀ ਵਾਲੇ, ਬਜਰੰਗ ਬਲੀ ਤੇ ਸ਼ੇਰਾਂ ਵਾਲੀ ਮਾਤਾ ਸਮੇਤ ਕਿੰਨੇ ਹੀ ਦੇਵਤਿਆਂ ਦਾ ਧੰਨਵਾਦ ਕੀਤਾ ਹੈ, ਜਿਨ੍ਹਾਂ ਸਾਨੂੰ ਵੱਸਦਿਆਂ ਵਿਚ ਰੱਖ ਲਿਆ ਹੈ ।ਇੱਕ ਇਕ ਮਿੰਟ ਕਰਕੇ ਅਸੀਂ ਅੱਧਾ ਘੰਟਾ ਮਸਾਂ ਹੀ ਲੰਘਾਇਆ ਹੈ ਤੇ ਵਾਹੋ ਦਾਹੀ ਨਿਲੇਸ਼ ਦੇ ਬੈੱਡ ਵੱਲ ਤੁਰ ਪਏ ਹਾਂ।

ਨਿਲੇਸ਼ ਬੈੱਡ 'ਤੇ ਢੋਹ ਲਾ ਕੇ ਬੈਠਾ ਹੈ । ਉਸਦੇ ਨਾਲ ਦੇ ਬੈੱਡ 'ਤੇ ਉਸਨੂੰ ਖੂਨ ਦੇਣ ਵਾਲਾ ਸੋਹਣਾ ਸੁਣੱਖਾ ਮੁੰਡਾ ਵੀ ਬੈਠਾ ਮੁਸ਼ਕਰਾ ਰਿਹਾ ਹੈ। ਮੈਂ ਨਿਲੇਸ਼ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਅੱਗੇ ਵੱਧੀ ਹਾਂ ਪਰ ਨਰਸ ਨੇ ਮੇਰੀ ਬਾਹ ਫੜ੍ਹ ਕੇ ਰੋਕ ਦਿੱਤਾ ਹੈ। "ਅੰਮਾਂ ਏਨੇ ਕਾਹਲੇ ਨਾ ਪਵੋ.. ਅੱਜੇ ਟਾਂਕੇ ਕੱਚੇ ਨੇ ...ਹਫ਼ਤੇ ਤੱਕ ਛੁਟੀ ਮਿਲ ਜਾਵੇਗੀ ਤੁਹਾਡੇ ਪੋਤੇ ਨੂੰ... ਘਰ ਜਾ ਕੇ ਜਿੰਨੀ ਮਰਜ਼ੀ ਘੁੱਟ ਕੇ ਜੱਫੀਆਂ ਪਾ ਲਿਉ ਆਪਣੇ ਲਾਡਲੇ ਨੂੰ ।"

ਦੂਸਰੇ ਬੈੱਡ ਤੇ ਬੈਠੇ ਮੁੰਡੇ ਨੇ ਸਾਡੇ ਸਤਿਕਾਰ ਵਜੋਂ ਉੱਠਣਾ ਚਾਹਿਆ ਹੈ ਪਰ ਮੇਰੇ ਪੁੱਤਰ ਨੇ ਉਸਦੇ ਮੋਢਾ ਪਲੋਸਦਿਆਂ ਕੇ ਉਸਨੂੰ ਬੈਠੇ ਰਹਿਣ ਲਈ ਹੀ ਕਹਿ ਦਿੱਤਾ ਹੈ।

"ਸਲਾਮ ਅੰਮਾ ਜਾਨ...।" ਉਸ ਮੁੰਡੇ ਨੇ ਬੈਠੇ ਬੈਠੇ ਹੀ ਮੇਰੇ ਅੱਗੇ ਸਿਰ ਝੁਕਾਇਆ ਹੈ। ਅੰਮਾਂ ਦੀ ਬਜਾਏ ਅੰਮਾ ਜਾਨ ਤੇ ਨਮਸਤੇ ਦੀ ਬਜਾਏ ਸਲਾਮ ਸੁਣ ਕੇ ਇਕ ਵਾਰ ਤਾਂ ਮੈਂ ਤ੍ਰਭਕ ਜਿਹੀ ਗਈ ਹਾਂ .. ਫਿਰ ਉਸਦਾ ਸਿਰ ਪਲੋਸਦਿਆਂ ਪੁੱਛਿਆਂ ਹੈ, "ਕੀ ਨਾਂ ਐ ਕਾਕਾ ਤੇਰਾ ।"

" ਮੇਰਾ ਨਾਂ ਏਜਾਜ਼ ਅਲੀ ਹੈ ਅੰਮਾ ਜਾਨ.... ਮੈਂ ਤੇ ਵਿਕਾਸ ਇੱਕਠੇ ਹੀ ਪੜ੍ਹਦੇ ਹਾਂ।" ਉਸ ਦੱਸਿਆ ਹੈ ।

"ਤੂੰ ਤਾਂ ਉਹੀਂ ਹੈ ਮੇਰਾ ਬਜਰੰਗ ਬਲੀ ..ਸੰਜੀਵਨੀ ਬੂਟੀ ਲਿਆਉਣ ਵਾਲਾ' ਮੇਰਾ ਮੂੰਹੋ ਆਪ ਮੁਹਾਰੇ ਨਿਕਲਿਆ ਹੈ ਤੇ ਕੁਝ ਪਲ ਪਹਿਲਾਂ ਨਿਲੇਸ਼ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਉੱਠੀਆਂ ਮੇਰੀਆਂ ਬਾਹਾਂ ਨੇ ਹੁਣ ਏਜ਼ਾਜ ਨੂੰ ਆਪਣੇ ਵਿੱਚ ਘੁੱਟ ਲਿਆ ਹੈ ।

ਏਜ਼ਾਜ ਨੂੰ ਭਾਵੇ ਮੇਰੀ ਗੱਲ ਸਮਝ ਨਹੀ ਪਈ ਤੇ ਉਹ ਕੁਝ ਹੈਰਾਨੀ ਜਿਹੀ ਨਾਲ ਮੇਰੇ ਵੱਲ ਵੇਖ ਰਿਹਾ ਹੈ ਪਰ ਮੇਰੇ ਆਪ ਮੁਹਾਰੇ ਦੇ ਬੋਲਾਂ ਨੇ ਮੇਰੇ ਪਰਿਵਾਰ ਦੇ ਸਾਰੇ ਜੀਆਂ ਦੇ ਚਿਹਰੇ ਤੇ ਮੁਸਕਰਾਹਟ ਲਿਆ ਦਿੱਤੀ ਹੈ । ਇੱਥੋ ਤੱਕ ਕੇ ਸਾਡੇ ਅੰਦਰ ਆਉਣ 'ਤੇ ਉਦਾਸ ਵਿਖਾਈ ਦਿੱਤਾ ਨਿਲੇਸ਼ ਵੀ ਹੁਣ ਮੰਦ ਮੰਦ ਮੁਸ਼ਕਰਾ ਰਿਹਾ ਹੈ।

**89682-82700**

## ਦੋ ਕਵਿਤਾਵਾਂ / ਮਨਮੋਹਨ ਸਿੰਘ ਦਾਊਂ



### ਸ਼ਾਇਰੀ ਦਾ ਕਰਮ

ਸ਼ਾਇਰੀ
ਸ਼ਬਦਾਂ ਦੀ ਦਰਗਾਹ ਤੇ
ਜ਼ਿੰਦਗੀ ਲਈ
ਚਾਨਣ ਦੇ ਦੀਵੇ ਜਗਾਉਂਦੀ
ਅੱਖਰਾਂ ਦੇ ਬੀਜ ਕੇਰਦੀ
ਤੇ ਮਿੱਟੀ 'ਚੋਂ ਮਹਿਕ ਭਾਲਦੀ

ਸ਼ਾਇਰੀ
ਅਰਥਾਂ ਦੇ ਦਿਸਹੱਦਿਆਂ ਨੂੰ
ਸਾਗਰਾਂ ਨਾਲ ਮੇਲਦੀ
ਅਨੰਤਤਾ ਦੇ ਅਸੰਖ ਰੂਪ ਚਿਤਵਦੀ
ਹਾਜ਼ਰ ਹੁੰਦੀ ਮਨੁੱਖ ਲਈ
ਹਰ ਜੀਵ ਲਈ
ਮੁਹੱਬਤ ਕਰਨ ਲਈ
ਦਿਲ ਦੀ ਖਾਮੋਸ਼ੀ ਸੁਣਨ ਲਈ
ਅਹਿਸਾਸ ਨੂੰ ਜ਼ਿੰਦਾ ਰੱਖਣ ਲਈ
ਜਜ਼ਬਿਆਂ ਦੀ ਤਰਲਤਾ
ਨੂੰ ਸਾਂਭਣ ਲਈ
ਕਾਇਨਾਤ ਦੀ ਅਕੀਦਤ ਕਰਨ ਲਈ
ਸੂਰਜ ਦਾ ਹੱਥ ਛੂਹਣ ਲਈ
ਤਾਂ ਜੋ ਹੋਰ ਚਾਨਣ ਹੋ ਸਕੇ
ਸ਼ਬਦਾਂ ਦੀ ਲਿਖਤ ਨਾਲ

ਸ਼ਾਇਰੀ
ਆਲਮ ਨੂੰ ਕਲਾਵੇ ਲੈਣ ਦਾ
ਕਰਤਾਰੀ ਹੁਨਰ ਹੈ
ਜੋ ਸਦੀਆਂ ਦਾ ਇਤਿਹਾਸ ਬਣਦੀ
ਮਨੁੱਖ ਦੇ ਲਹੂ ਵਿੱਚ ਘੁਲਦੀ
ਸੰਗਰਾਮ ਕਰਦੀ ਹਾਰ ਨਾ ਮੰਨਦੀ
ਤੂਫ਼ਾਨਾਂ ਸੰਗ ਟਕਰਾਉਂਦੀ
ਮਨੁੱਖ ਦੀ ਹੋਣੀ
ਲਿਸ਼ਕਾਉਂਦੀ ਸ਼ਾਇਰੀ
ਜ਼ਿੰਦਗੀ ਦੇ ਸੁਪਨਿਆਂ ਦੀ ਵਰਣਮਾਲਾ
ਜੋ ਕਦੇ ਪੂਰੀ ਨਾ ਹੁੰਦੀ ਸ਼ਾਇਰੀ
ਅੱਗ ਦੇ ਸਫ਼ੇ ਦਾ ਇੱਕ ਸਫ਼ਰ ਹੈ
ਸ਼ਾਇਰੀ ਉਦਾਸੀਆਂ ਲਈ ਗਾਉਂਦੀ ਰਬਾਬ ਹੈ
ਜੋ ਰੂਹਾਨੀ ਅੱਖਰਾਂ ਨੂੰ ਬ੍ਰਹਮ ਬਣਾਉਂਦੀ।

### ਸ਼ੁਕਰਾਨਾ

ਜੇਠ ਹਾੜ ਦੀ ਰੁੱਤੇ
ਸਿਖਰ ਦੁਪਹਿਰੇ ਤਪਦੇ ਵੇਲੇ
ਮੇਘ ਦੇ ਖਿੱਸਿਓਂ
ਇੱਕ ਕਿਣੀ ਨਿੱਕੜੀ
ਬਿਰਖ ਦੇ ਪੱਤੇ ਤੇ ਆ ਡਿੱਗੀ

ਪੱਤਾ ਖਿੜ ਖਿੜ ਹੱਸਿਆ
ਨਿੰਮਾ ਨਿੰਮਾ ਕੰਬਿਆ
ਟਹਿਣੀ ਵੱਲ ਤੱਕਣ ਲੱਗਿਆ
ਤਣੇ ਥੀਂ ਗੱਲਾਂ ਕਰਦਾ
ਧੁਰ ਜੜ੍ਹ ਮਾਂ ਨਾਲ
ਖੁਸ਼ੀ ਮਨਾਵਣ ਲੱਗਿਆ

ਧੰਨ ਕਿਣੀ ਪਿਆਰੀ ਬਲਿਹਾਰੇ ਜਾਵਾਂ
ਜਿਸ ਤ੍ਰੇਹ ਬੁਝਾਈ
ਸਾਵੇ ਪੱਤਰ ਨੂੰ ਸਾਹ ਆਇਆ
ਰੁਮਕਣ ਲੱਗਿਆ

ਬੰਦਿਆ
ਦਾਤੇ ਦੀਆਂ ਦਾਤਾਂ ਅੱਗੇ
ਤੂੰ ਸ਼ੁਕਰਾਨਾ ਕਰਨਾ ਨਾ ਸਿੱਖਿਆ
ਰੋਸੇ ਸ਼ਿਕਵੇ ਪੱਲੇ ਪਾਵੇਂ

ਕਿਣੀ ਦੀ ਨਿੱਕੀ ਕੁਰਬਾਨੀ ਅੱਗੇ
ਬਿਰਖ ਦੀ ਆਸਾ
ਗੂੜ੍ਹੀਆਂ ਛਾਵਾਂ ਦੇਵਣ ਲੱਗੀ।

## ਮਿਲਣਾ- ਤਿੰਨ ਕਵਿਤਾਵਾਂ / ਮਨਿੰਦਰ ਕੌਰ ਮਨ



**1.**

ਅਨੇਕਾਂ ਕਿਤਾਬਾਂ ਦੇ
ਅਨੇਕਾਂ ਪੰਨਿਆਂ ਦੇ
ਅਨੇਕਾਂ ਹਰਫ਼ਾਂ 'ਚ
ਫੈਲਿਆ ਤੇਰਾ ਵਜੂਦ
ਬੜਾ ਵਿਸ਼ਾਲ ਜਾਪਦਾ
ਸਮੇਟਿਆ ਨੀ ਜਾਂਦਾ
ਪਰ ਇੱਕ ਇੱਕ ਹਰਫ਼
ਇੱਕ ਇੱਕ ਸਤਰ
ਸਮਾ ਜਾਂਦੀ ਮੇਰੇ 'ਚ
ਜਦ ਤੂੰ ਮੇਰੀਆਂ
ਬਾਹਾਂ ਚ ਹੋਵੇਂ...

**2.**

ਜਦੋਂ ਮਿਲਣ ਦਾ
ਕੋਈ ਸਬਬ ਨਹੀਂ ਬਣਦਾ
ਤੇਰੀ ਕਿਤਾਬਾਂ ਦੇ
ਵਰਕਿਆਂ ਨੂੰ ਫੋਲਦਿਆਂ
ਤੇਰੇ ਮਨ ਦੀਆਂ
ਪਰਤਾਂ ਖੋਲਦਿਆਂ
ਇੰਜ ਜਾਪਦਾ
ਜਿਵੇਂ ਤੈਨੂੰ ਮਿਲ ਲਿਆ...

**3.**

ਮਿਲਣ ਤੋਂ ਬਾਅਦ ਵੀ
ਜਦੋਂ ਰਹਿ ਜਾਂਦਾ
ਕੁਝ ਅਧੂਰਾ ਜਿਹਾ
ਤੇਰੀ ਕਵਿਤਾ
ਨੂੰ ਮਿਲਦੀ ਹਾਂ....

## ਹਿੰਦੀ ਕਵਿਤਾਵਾਂ / ਕੌਸ਼ਲ ਕਿਸ਼ੋਰ — ਅਨੁ. ਅਮਰਜੀਤ ਕੌਂਕੇ

### ਔਕਾਤ

ਆਦਮੀ ਦੀ ਔਕਾਤ
ਬੜੀ ਚੀਜ਼ ਹੈ
ਉਹ ਨਾਪੀ ਜਾਂਦੀ ਹੈ ਜੇਬ ਨਾਲ
ਜਾਂ ਉਹ ਰਹਿੰਦੀ ਹੈ ਜੇਬ ਵਿੱਚ

ਬਾਬੂ ਜੀ ਕਹਿੰਦੇ ਸਨ
ਉਹ ਅਕਸਰ ਸੁਣਾਉਂਦੇ
ਕਿ ਤੇਤੇ ਪਾਂਵ
ਪਸਾਰੀਏ ਜੇਤੇ ਲੰਬੀ ਸੌਰ
ਮਤਲਬ ਪੈਰ ਦੀ ਔਕਤ
ਚਾਦਰ ਦੇ ਮੁਤਾਬਿਕ ਹੋਵੇ
ਉਹ ਓਨਾ ਹੀ ਫੈਲੇ
ਜਿੰਨੀ ਚਾਦਰ ਦੇ
ਅੰਦਰ ਗੁੰਜਾਇਸ਼ ਹੋਵੇ

ਉਹ ਸਿੱਖਿਆ
ਜ਼ਿੰਦਗੀ ਦਾ ਸਿਧਾਂਤ ਬਣ ਗਿਆ
ਮਹਾਤਮਾ ਜੀ ਦੇ ਤੋਤੇ ਦੇ ਵਾਂਗ
ਜ਼ੁਬਾਨ ਤੇ ਚੜ੍ਹ ਗਿਆ
ਉਸੇ ਨੂੰ ਰਟਦਾ ਰਹਿੰਦਾ
ਗੱਲ ਦੁਹਰਾਉਂਦਾ ਰਿਹਾ

ਬਾਬੂ ਜੀ ਗਏ
ਤਾਂ ਉਨ੍ਹਾਂ ਦੇ ਨਾਲ
ਚਾਦਰ ਵੀ ਚਲੀ ਗਈ
ਜੇਬ ਦਾ ਹੋਣਾ
ਗੁਜ਼ਰੇ ਜਮਾਨੇ ਦੀ ਗੱਲ ਸੀ
ਔਕਾਤ ਨੂੰ ਵੀ ਪਰ ਲੱਗ ਗਏ
ਉਹ ਉੱਡਣ ਵਾਲਿਆਂ ਦੇ
ਨਾਲ ਉੱਡਣ ਲੱਗੀ
ਉਹ ਭੱਜਣ ਵਾਲਿਆਂ
ਦੇ ਨਾਲ ਭੱਜਣ ਲੱਗੀ
ਉਹ ਗੋਤੇ ਲਾਉਣ ਲੱਗੀ

ਇਹ ਮੁਕਤ ਬਾਜ਼ਾਰ ਸੀ
ਜਿੱਥੇ ਛਿੜਿਆ ਸੀ ਮੁਕਤ-ਰਾਗ
ਗੀਤ ਗਾਏ ਜਾ ਰਹੇ ਸਨ



ਆਭਾਸੀ ਦੁਨੀਆਂ ਦਾ
ਅਜਿਹਾ ਸੰਮੋਹਨ ਸੀ
ਕਿ ਲੱਗਦਾ ਸੀ ਸਭ ਸੱਚਾ ਹੈ
ਲੋਕਲ ਤੋਂ ਗਲੋਬਲ ਤੱਕ
ਸਭ ਆਪਣਾ ਹੈ

ਅਜਿਹਾ ਹੀ ਸੁਪਨਾ ਸੀ
ਜਿਸ ਵਿੱਚ ਆਦਮੀ
ਜਿਉਂ ਰਿਹਾ ਸੀ
ਉਸਨੂੰ ਕਿੱਥੇ ਪਤਾ ਕਿ
ਉਸਦੀ ਔਕਾਤ
ਮਹਾਤਮਾ ਜੀ ਦੇ ਤੋਤੇ ਵਾਂਗ
ਸ਼ਿਕਾਰੀ ਦੇ ਜਾਲ ਵਿੱਚ
ਫਸ ਚੁੱਕੀ ਹੈ.....

### ਅਵਾਰਾ ਕੁੱਤੇ

ਮਾਸ ਸਭ ਤੋਂ
ਵਧੀਆ ਖਾਣਾ ਹੈ
ਜਿਸ ਦਿਨ ਪੱਕਦਾ ਹੈ
ਮਾਸਾਹਾਰੀਆਂ ਦੇ ਲਈ
ਉਹ ਖੁਸ਼ੀ ਦਾ ਦਿਨ ਹੁੰਦਾ ਹੈ
ਭੋਜਨ ਪਰੋਸੇ ਜਾਣ ਦੀ
ਉਡੀਕ ਵਿੱਚ
ਸਾਰਿਆਂ ਦਾ ਮਨ ਉਸੇ ਵਿੱਚ
ਅਟਕਿਆ ਰਹਿੰਦਾ ਹੈ

ਇਹ ਪੱਕਦੇ ਮਾਸ ਦੀ ਖੁਸ਼ਬੂ ਹੈ
ਕਿ ਬਿੱਲੀ ਮੌਕੇ ਦੀ
ਤਾਕ ਵਿੱਚ ਰਹਿੰਦੀ ਹੈ
ਗੇਟ ਤੇ ਕੁੱਤਿਆਂ ਦਾ
ਲਾਰਾਂ ਸਿੱਟਣਾ
ਤੇ ਮੰਡਰਾਉਣਾ ਲੱਗਿਆ ਰਹਿੰਦਾ ਹੈ
ਉਹ ਜਾਣਦੇ ਨੇ ਕਿ
ਜੋ ਬਚੇਗਾ ਉਹੀ ਉਨ੍ਹਾਂ ਦੇ ਹਿੱਸੇ ਆਵੇਗਾ

ਲੋਕਾਂ ਦੇ ਲਈ
ਇਹ ਅਵਾਰਾ ਕੁੱਤੇ ਨੇ
ਉਹ ਇਨ੍ਹਾਂ ਨੂੰ
ਆਪਣਾ ਨਹੀਂ ਸਮਝਦੇ
ਨਗਰ ਪਾਲਿਕਾ ਦੀ
ਕੁੱਤੇ ਫੜਨ ਵਾਲੀ
ਗੱਡੀ ਆਉਂਦੀ ਹੈ
ਤਾਂ ਇਨ੍ਹਾਂ ਨੂੰ
ਫੜਵਾ ਵੀ ਦਿੰਦੇ ਹਨ
ਉਹ ਵਿਦੇਸ਼ੀ ਨਸਲ ਦੇ
ਡੌਗ ਦੇ ਸ਼ੌਕੀਨ ਹਨ
ਟਾਮ ਟਾਮੀ ਟਾਈਗਰ
ਹਿਟਲਰ ਨਾਵਾਂ ਨਾਲ
ਬੁਲਾਉਂਦੇ ਹਨ

ਪਰ ਉਹ ਜਿਨ੍ਹਾਂ ਨੂੰ
ਅਵਾਰਾ ਸਮਝਦੇ ਹਨ
ਉਹੀ ਕੁੱਤੇ
ਮੁਹੱਲੇ ਦੀ ਗਲੀ
ਤੇ ਹਰ ਘਰ ਨੂੰ
ਆਪਣਾ ਸਮਝਦੇ ਹਨ
ਲੋਕ ਰਾਤ ਨੂੰ ਸੌਂਦੇ ਹਨ
ਤਾਂ ਉਹ ਪਹਿਰੇਦਾਰ ਦੇ
ਵਾਂਗ ਜਾਗਦੇ ਹਨ
ਜ਼ਰਾ ਜਿੰਨਾ ਖੜਕਾ ਹੋਵੇ
ਉਨ੍ਹਾਂ ਦਾ ਭੌਂਕਣਾ ਸ਼ੁਰੂ
ਕੀ ਮਜਾਲ ਕਿ
ਰਾਤ ਦੇ ਹਨ੍ਹੇਰੇ ਵਿੱਚ
ਕੋਈ ਅਨਜਾਣ
ਗਲੀ ਵਿੱਚ ਆ ਜਾਏ
ਉਹ ਪੂਰੇ ਮੁਹੱਲੇ ਨੂੰ
ਸਿਰ ਤੇ ਚੁੱਕ ਲੈਂਦੇ ਹਨ
..................

## ਦੋ ਕਵਿਤਾਵਾਂ / ਬ੍ਰਜ ਸ਼੍ਰੀ ਵਾਸਤਵ

### ਸੱਚ ਬੋਲਿਆ ਤਾਂ



ਪਹਿਲੀ ਵਾਰ ਮੈਂ
ਸੱਚ ਬੋਲਿਆ ਤਾਂ ਲੋਕ ਖੁਸ਼ ਹੋਏ

ਦੂਜੀ ਵਾਰ ਬੋਲਿਆ ਤਾਂ
ਕਾਨਾਫੂਸੀ ਹੋਈ

ਤੀਜੀ ਵਾਰ ਬੋਲਿਆ ਤਾਂ
ਮੈਨੂੰ ਸਮਝੌਤੀ ਦਿੱਤੀ ਗਈ
ਘੱਟ ਬੋਲਣ ਦੀ

ਚੌਥੀ ਵਾਰ ਬੋਲਿਆ ਤਾਂ
ਸਭ ਖਾਮੋਸ਼ ਹੋ ਗਏ

ਪੰਜਵੀਂ ਵਾਰ ਬੋਲਿਆ ਤਾਂ
ਧਮਕੀ ਦਿੱਤੀ ਗਈ

ਛੇਵੀਂ ਵਾਰ ਬੋਲਿਆ ਤਾਂ
ਮੈਨੂੰ ਅੱਡ ਕਰ ਦਿੱਤਾ ਗਿਆ

ਸੱਤਵੀਂ ਵਾਰ ਬੋਲਿਆ ਤਾਂ
ਲੋਕਾਂ ਨੇ ਅੱਖਾਂ ਨਾਲ ਘੂਰਿਆ

ਅੱਠਵੀਂ ਵਾਰ ਬੋਲਿਆ ਤਾਂ ਮੈਨੂੰ
ਆਪਣੇ ਹਾਲ ਤੇ ਛੱਡ ਦਿੱਤਾ ਗਿਆ

### ਵਿਰੋਧ

ਉਨ੍ਹਾਂ ਨੂੰ ਕੌਣ ਦੱਸੇ ਵਿਰੋਧ ਕਰਨਾ
ਦੁਸ਼ਮਣੀ ਨਹੀਂ ਹੁੰਦੀ
ਆਪਣੇ ਵਿਚਾਰ ਦੀ ਤਾਕਤ ਨੂੰ
ਰੱਖਣਾ ਹੁੰਦਾ ਹੈ

ਸਾਰਿਆਂ ਤੋਂ ਪਹਿਲਾਂ
ਸੋਸ਼ਿਤ ਨੇ ਵਿਰੋਧ ਕੀਤਾ
ਕਵੀ ਨੇ ਵਿਰੋਧ ਕੀਤਾ
ਫਿਰ ਵਿਰੋਧ
ਇੱਕ ਨੀਤੀ ਬਣ ਗਿਆ
ਫਿਰ ਲੋਕਤੰਤਰ ਬਣਿਆ

ਤੇ ਲੋਕਤੰਤਰ ਵਿੱਚ ਅਸੀਂ
ਆਪਣੇ ਆਪਣੇ
ਸੱਚ ਦੀ ਰੋਸ਼ਨੀ ਵਿੱਚ
ਇੱਕ ਲੋਕ-ਸੱਚ ਲੱਭਿਆ

ਸਾਰਿਆਂ ਨੂੰ
ਵਿਰੋਧ ਮਿਲਿਆ
ਪਰ ਵਿਰੋਧ ਨਾਲ
ਜਿਸਨੇ ਗਿਲਾ ਰੱਖਿਆ
ਉਸਨੂੰ ਗੁੱਸਾ ਆਇਆ
ਗੁੱਸੇ ਨਾਲ ਗੁੱਸਾ
ਮਿਲਿਆ ਤਾਂ ਯੁੱਧ ਹੋਇਆ
ਇਸ ਤਰ੍ਹਾਂ ਵਾਤਾਵਰਣ
ਅਸ਼ੁੱਧ ਹੋਇਆ

ਜੋ ਵਿਰੋਧ ਦੇ
ਬਿੰਦੂਆਂ ਤੇ ਵਿਚਾਰ ਹੋਵੇ
ਤਾਂ ਮਾਹੌਲ ਹੌਲੀ ਹੌਲੀ
ਲੋਕਤੰਤਰਿਕ ਹੋਵੇ
ਖੁਸ਼ਗਵਾਰ ਹੋਵੇ

ਜਿਹੋ ਜਿਹਾ
ਮਨੁੱਖ ਨੂੰ ਚਾਹੀਦਾ ਹੈ
ਉਹੋ ਜਿਹਾ ਸੰਸਾਰ ਹੋਵੇ।

ਅਨੁ: ਅ.ਕ.

## ਗ਼ਜ਼ਲ / ਡਾ. ਧੁੱਗਾ ਗੁਰਪ੍ਰੀਤ



ਭਾਵੇਂ ਤਪਸ਼ ਨੇ ਭਾਫ਼ ਬਣਾ ਦਿੱਤਾ
ਬੱਦਲ਼ ਬਣ ਕੇ ਅੰਬਰੀਂ ਆਵਾਂਗਾ ਮੈਂ
ਮੇਰੇ ਲੋਕਾਂ ਨੂੰ ਪੈ ਗਈ ਜੇ ਲੋੜ ਮੇਰੀ
ਕਣੀ ਕਣੀ ਬਣ ਕੇ ਬਰਸ ਜਾਵਾਂਗਾ ਮੈਂ

ਜੰਮਣ ਭੌਂਅ ਦਾ ਕਰਜ਼ ਹੈ ਸਿਰ ਮੇਰੇ
ਛਾਵਾਂ ਕਰਨੀਆਂ ਕਿੰਝ ਮੈਂ ਹੋਰ ਥਾਵੇਂ
ਲੁੱਟ ਗਿਆ ਹੈ ਜੇ ਸਭ ਕੁਝ ਤਾਂ ਕੀ ਹੋਇਆ
ਜਾਨ ਦੇ ਕੇ ਵੀ ਫ਼ਰਜ਼ ਨਿਭਾਵਾਂਗਾ ਮੈਂ

ਕੰਧਾਂ ਬਚ ਗਈਆਂ ਛੱਤ ਉੱਡ ਗਈ ਹੈ
ਕੀਤੀ ਨ੍ਹੇਰੀਆਂ ਨੇ ਇਹ ਕਰਾਮਾਤ ਕੈਸੀ
ਪਾ ਕੇ ਹੌਸਲੇ ਦੀ ਛੱਤ ਆਸਮਾਨੀ
ਨਵਾਂ ਆਸ਼ਿਆਨਾ ਫਿਰ ਬਣਾਵਾਂਗਾ ਮੈਂ

ਨਾ ਕੁਝ ਭੁੱਲਿਆ ਬਦਲਿਆ ਅੱਜ ਤੀਕਰ
ਮੇਰੇ ਅੰਦਰ ਹੀ ਸੱਭ ਕੁੱਝ ਸੁਲਗਦਾ ਹੈ
ਗਲ਼ਾ ਖੁਸ਼ਕ ਕੀਤਾ ਭਾਵੇਂ ਹਉਂਕਿਆਂ ਨੇ
ਗੀਤ ਬਿਰਹਾ ਦਾ ਫਿਰ ਵੀ ਸੁਣਾਵਾਂਗਾ ਮੈਂ

ਕਿਸਨੂੰ ਮੰਨਾਂ, ਝੁਕਾਵਾਂ ਮੈਂ ਸੀਸ ਕਿੱਥੇ
ਰੱਬ ਲੋਕਾਂ ਨੇ ਸਿਰਜੇ ਆ ਕੂੜ ਥਾਂ ਥਾਂ
ਸ਼ਬਦ ਸ਼ਬਦ ਚੋਂ ਹੀ ਵਾਕ ਵਾਕ ਚੋਂ ਹੀ
ਬਾਬੇ ਨਾਨਕ ਨੂੰ ਹਰ ਪਲ ਧਿਆਵਾਂਗਾ ਮੈਂ

## ਕਹਾਣੀ

# ਦੁਖੀ ਹਿਰਦੇ/ ਅਨੇਮਨ ਸਿੰਘ



ਅੱਜ ਤੋਂ ਦਸ ਦਿਨ ਪਹਿਲਾਂ ਹੀ ਤਾਇਆ ਭਾਨਾ ਸਾਡੇ ਕੋਲੋਂ ਕੋਹਾਂ ਦੂਰ ਚਲਾ ਗਿਆ।

ਐਨੀ ਦੂਰ ਜਿੱਥੋਂ ਅੱਜ ਤੱਕ ਕੋਈ ਵੀ ਮੁੜ ਕੇ ਨਹੀਂ ਆਇਆ ਸੀ। ਮੈਂ ਜਦੋਂ ਦੀ ਸੁਰਤ ਸੰਭਾਲੀ ਸੀ ਤਾਏ ਨੂੰ ਬੜਾ ਕੰਮ ਕਰਦੇ ਦੇਖਿਆ ਸੀ। ਪਰ ਪਿਛਲੇ ਦੋ ਕੁ ਸਾਲਾਂ ਤੋਂ ਉਹ ਆਪਣੀ ਪੁਰਾਣੀ ਕਰਿਆਨੇ ਦੀ ਦੁਕਾਨ 'ਤੇ ਡਹੇ ਮੰਜੇ 'ਤੇ ਹੱਡੀਆਂ ਦੀ ਮੁੱਠ ਬਣਿਆ ਪਿਆ ਰਹਿੰਦਾ ਸੀ।....ਦੁਕਾਨ ਦੇ ਪਿਛਲੇ ਪਾਸੇ ਹੀ ਉਹਦੇ ਲਈ ਬਾਥਰੂਮ ਬਣਿਆ ਹੁੰਦਾ ਸੀ। ਜਿੱਥੇ ਉਹ ਹਾਜਤ ਕਰ ਲੈਂਦਾ।

ਆਸੇ-ਪਾਸੇ ਤੋਂ ਬੇਖ਼ਬਰ ਉਹ ਆਪਣੀ ਹੀ ਦੁਨੀਆਂ 'ਚ ਸਮੋਇਆ ਰਹਿੰਦਾ। ਬਿਨਾਂ ਕਿਸੇ ਨਾਲ ਵਿਚਰੇ। ਇਹ ਜਿਵੇਂ ਉਸਦਾ ਪਿਛਲੇ ਕਈ ਸਾਲਾਂ ਤੋਂ ਰੁਟੀਨ ਬਣ ਗਿਆ ਸੀ। ਲੋਕ ਤਾਂ ਉਸਨੂੰ ਪਾਗਲ ਵੀ ਕਹਿਣ ਲੱਗ ਪਏ ਸਨ। ਉਹ ਮੰਜੇ 'ਤੇ ਪਿਆ ਹੀ ਬੁੜਬੁੜਾਉਂਦਾ ਰਹਿੰਦਾ ਸੀ। ਸਾਰੇ ਪਿੰਡ ਨੂੰ ਪਤਾ ਸੀ ਕਿ ਉਸ ਦੀ ਦੇਖਭਾਲ ਕੋਈ ਨਹੀਂ ਕਰਦਾ।

ਸ਼ਾਇਦ ਪਾਗਲ ਹੀ ਤਾਂ ਸੀ ਉਹ। ਇਸੇ ਲਈ ਤਾਂ ਉਸਦੇ ਭਤੀਜੇ ਉਸਨੂੰ ਇਕੱਲਾ ਛੱਡ ਕੇ ਆਪ ਸ਼ਹਿਰ ਜਾ ਕੇ ਰਹਿਣ ਲੱਗ ਪਏ ਸਨ। ਕਿੰਨੇ ਚਿਰ ਤੋਂ ਉਸ ਕੋਲ ਧੀਰੇ ਸੈਂਸੀ ਤੋਂ ਬਿਨਾਂ ਹੋਰ ਕੋਈ ਨਾ ਆਇਆ ਸੀ।

ਧੀਰਾ ਹੀ ਸੀ ਇੱਕ, ਜਿਸਨੂੰ ਦੇਖ ਉਸਦਾ ਬੁੜਬੁੜਾਉਣਾ ਕੁਝ ਪਲਾਂ ਲਈ ਸ਼ਾਂਤ ਹੋ ਜਾਂਦਾ। ਉਹ ਉਸਦੇ ਕੱਪੜੇ ਬਦਲਦਾ, ਉਸਦਾ ਬਿਸਤਰਾ ਬਦਲ ਜਾਂਦਾ। ਕਦੇ ਉਸਦੀਆਂ ਚਾਦਰਾਂ ਤੇ ਉਸਦੇ ਮੈਲੇ ਲੀੜੇ ਬਦਲ ਜਾਂਦਾ। ਆਪਣੇ ਘਰੋਂ ਉਸ ਲਈ ਖਾਣਾ ਬਣਵਾ ਕੇ ਦੇ ਜਾਂਦਾ ਸੀ।

ਧੀਰੇ ਸੈਂਸੀ ਨਾਲ ਹੀ ਜਿਵੇਂ ਉਸਦੀ ਇਕ ਸਾਂਝ ਬਣ ਗਈ ਹੋਵੇ। ਉਹ ਹੀ ਜਿਵੇਂ ਉਸਦਾ ਸਭ ਕੁਝ ਬਣ ਕੇ ਰਹਿ ਗਿਆ ਹੋਵੇ। ਪਚਾਸੀ ਸਾਲਾਂ ਦੀ ਉਮਰੇ ਉਸਨੂੰ ਧੀਰੇ ਦਾ ਹੀ ਇਕ ਸਹਾਰਾ ਸੀ, ਜੋ ਉਸਦੀ ਦੇਖਭਾਲ ਕਰਦਾ। ਜਦੋਂ ਦੇ ਤਾਏ ਦੇ ਭਤੀਜੇ ਮਾਨਸਾ ਜਾ ਵੱਸੇ ਸਨ, ਉਹਨਾਂ ਧੀਰੇ ਨੂੰ ਤਾਏ ਦੀ ਸੰਭਾਲ ਦੀ ਡਿਊਟੀ ਲਗਾ ਦਿੱਤੀ ਤੀ। ਧੀਰੇ ਨੂੰ ਇਸ ਬਦਲੇ ਤਾਏ ਦੇ ਭਤੀਜਿਆਂ ਵੱਲੋਂ ਪੰਜ ਹਜ਼ਾਰ ਰੁਪਏ ਮਹੀਨੇ ਦੇ ਮਿਲਦੇ ਸਨ। ਉਹ ਬਿਨਾਂ ਸੂਗ ਕੀਤੇ ਤਾਏ ਦੀ ਸੰਭਾਲ ਕਰਦਾ ਆ ਰਿਹਾ ਸੀ। ਪਿਛਲੇ ਚਾਰ-ਪੰਜ ਸਾਲਾਂ ਤੋਂ।

ਪਰ ਹੁਣ ਜਦੋਂ ਤਾਏ ਦੀ ਮੌਤ ਹੋ ਚੁੱਕੀ ਸੀ। ਤਾਂ ਜਿਵੇਂ ਭਤੀਜੇ ਤੇ ਭਤੀਜ ਨੂੰਹਾਂ ਇਕਦੱਮ ਆ ਉਮੜੇ ਸਨ। ਸਸਕਾਰ ਪਿੰਡ 'ਚ ਕਰਨ ਲਈ। ਉਸ ਦੀ ਅਰਥੀ ਨੂੰ ਖ਼ੂਬ ਸਜਾਇਆ ਗਿਆ ਸੀ। ਕਈ ਰੰਗਾਂ ਦੇ ਗੁਬਾਰੇ ਲਗਾਏ ਗਏ ਸਨ। ਘਰ ਤੋਂ ਲੈ ਕੇ ਸਮਸ਼ਾਨਾਂ ਤੱਕ ਢੋਲ ਵੱਜਦੇ ਗਏ ਸਨ। 'ਰਾਮ ਨਾਮ ਸੱਤ ਹੈ' ਦੀਆਂ ਆਵਾਜ਼ਾਂ ਦੇ ਨਾਲ ਉਸ ਦੀ ਅਰਥੀ ਤੋਂ ਕਈ ਤਰ੍ਹਾਂ ਦਾ ਮੇਵਾ ਤੇ ਚਾਂਦੀ ਸੁੱਟੇ ਗਏ ਸਨ।

ਤੇ ਅੱਜ ਤਾਏ ਭਾਨੇ ਦੀ ਅਖ਼ੀਰੀ ਰਸਮ ਦੀ ਸਮਾਪਤੀ ਵੀ ਹੋ ਜਾਵੇਗੀ। ਗਰੁੜ ਦੇ ਪਾਠ ਦਾ ਭੋਗ ਦੁਪਹਿਰ ਦੇ ਇੱਕ ਵਜੇ ਮਾਨਸਾ ਦੇ ਤਾਜ ਭਵਨ ਵਿਖੇ ਪਵੇਗਾ। ਇਹ ਮੇਰੇ ਘਰ 'ਚ ਆਏ ਇੱਕ ਕਾਰਡ 'ਤੇ ਲਿਖਿਆ ਸੀ। ਮੇਰਾ ਜੀਅ ਤਾਂ ਨਹੀਂ ਕਰਦਾ ਸੀ ਕਿ ਮੈਂ ਤਾਏ ਦੇ ਭੋਗ 'ਤੇ ਜਾਵਾਂ ਪਰ ਗੁਆਂਢ 'ਚ ਰਹਿੰਦਾ ਹੋਣ ਕਾਰਨ ਮੈਨੂੰ ਨਾ ਚਾਹੁੰਦੇ ਹੋਏ ਵੀ ਜਾਣਾ ਪੈਣਾ ਸੀ। ਇਸੇ ਲਈ ਮੈਂ ਨਾ ਚਾਹੁੰਦੇ ਹੋਏ ਵੀ ਮਾਨਸਾ ਜਾ ਰਿਹਾ ਸਾਂ।

ਅਜੇ ਮੈਂ ਤਾਜ ਭਵਨ ਦੇ ਕੋਲ ਹੀ ਸਾਂ ਕਿ ਮੇਰੀਆਂ ਅੱਖਾਂ ਸਾਹਮਣੇ ਪੈਲੇਸ ਦੇ ਦਰਵਾਜ਼ੇ ਦੇ ਬਾਹਰ ਸ਼ਮਿਆਨੇ 'ਤੇ ਟੰਗੀਆਂ ਕਈ ਰੰਗਾਂ ਦੀਆਂ ਝੰਡੀਆਂ ਲਹਿਰਾ ਰਹੀਆਂ ਨਜ਼ਰ ਆਉਣ ਲੱਗੀਆਂ। ਗੇਟ ਕੋਲ ਅੱਪੜਦਿਆਂ ਉੱਪਰ ਬੰਨ੍ਹੀਆਂ ਝੰਡੀਆਂ ਨੂੰ ਦੇਖ ਕੇ ਮੈਨੂੰ ਅਚੰਭਾ ਲੱਗਾ ਜਿਵੇਂ ਮੈਂ ਮਰਗਤ 'ਤੇ ਨਹੀਂ ਸਗੋਂ ਖੁਸ਼ੀ ਦੇ ਪਲਾਂ 'ਚ ਸ਼ਾਮਿਲ ਹੋ ਰਿਹਾ ਹਾਂ।....ਤੇ ਹਵਾ 'ਚ ਲਹਿਰਾਉਂਦੀਆਂ ਇਹ ਝੰਡੀਆਂ ਜਿਵੇਂ ਮੈਨੂੰ 'ਜੀ ਆਇਆਂ' ਕਰ ਰਹੀਆਂ ਹਨ।

ਭਵਨ ਦੇ ਅੰਦਰ ਵੜਦੇ ਸਾਰ ਹੀ ਮੈਨੂੰ ਇਕ ਪਾਸੇ ਸ਼ੈੱਡ ਹੇਠਾਂ ਬੈਠੇ ਹਲਵਾਈਆਂ ਦੀਆਂ ਭੱਠੀਆਂ 'ਤੇ ਬਣਾਏ ਜਾ ਰਹੇ ਅਲੱਗ ਅਲੱਗ ਪਕਵਾਨਾਂ ਦੀਆਂ ਲਫ਼ਟਾਂ ਆਉਣ ਲੱਗੀਆਂ। ਭਵਨ 'ਚ ਵਿਆਹ ਵਰਗਾ ਮਾਹੌਲ ਸੀ। ਦੂਜੇ ਪਾਸੇ ਖੁੱਲ੍ਹੇ ਪੰਡਾਲ 'ਚ ਪੰਡਤ ਜੀ ਗਰੁੜ ਪਾਠ ਦਾ ਉਚਾਰਣ ਕਰ ਰਹੇ ਸਨ। ਭਵਨ ਦੇ ਹਾਲ 'ਚ ਜ਼ਮੀਨ 'ਤੇ ਸਫੈਦ ਚਾਦਰਾਂ ਵਿਛੀਆਂ ਹੋਈਆਂ ਸਨ। ਤੇ ਬਹੁਤ ਸਾਰੇ ਲੋਕ ਇੱਥੇ ਬੈਠੇ ਇਕ-ਦੂਜੇ ਦੇ ਚਿਹਰੇ ਤੱਕ ਰਹੇ ਸਨ। ਖੂੰਜੇ 'ਚ ਲੱਗੇ ਸਾਊਂਡ ਤੋਂ ਪੰਡਤ ਦੇ ਗੁਣਗਾਣ ਦੀ ਆਵਾਜ਼ ਮੇਰੇ ਕੰਨਾਂ ਤੱਕ ਕਦੇ ਕਦੇ ਹਵਾ ਨਾਲ ਮੇਰੇ ਤੱਕ ਪਹੁੰਚ ਜਾਂਦੀ ਸੀ।

ਸੁਖ ਨਾਲ ਤਾਏ ਭਾਨੇ ਦਾ ਪਰਿਵਾਰ ਵੀ ਬੜਾ ਵੱਡਾ ਸੀ। ਹੈ ਭਾਵੇਂ ਤਾਇਆ ਅਜੇ ਛੜਾ ਹੀ ਸੀ। ਪਰ ਉਸ ਦੇ ਭਰਾ ਦੇ ਪੁੱਤ-ਪੋਤੇ ਕਿੰਨੇ ਸਨ। ਘਰ ਦੇ ਮੈਂਬਰਾਂ ਨੂੰ ਵੇਖ ਕੇ ਮੈਨੂੰ ਉਹ ਕਾਰਡ ਜੋ ਤਾਏ ਦੇ ਭੋਗ ਦਾ ਸੰਦੇਸ਼ਾ ਸੀ, ਬਿਲਕੁਲ ਝੂਠ ਜਾਪਦਾ ਸੀ।

ਪਰ ਇੱਥੇ ਤਾਂ ਕਿਸੇ ਮੈਂਬਰ ਦਾ ਵੀ ਦੁਖੀ ਹਿਰਦਾ ਨਹੀਂ ਸੀ। ਇੱਥੇ ਸਭ ਦੇ ਚਿਹਰਿਆਂ 'ਤੇ ਚਹਿਲ-ਪਹਿਲ ਸੀ। ਸਭ ਬੜੀ ਫੁਰਤੀ ਨਾਲ ਕਾਰਜ ਸੰਪੰਨ ਕਰ ਰਹੇ ਸਨ। ਇਹ

ਵੇਖ ਕੇ ਲੱਗਦਾ ਨਹੀਂ ਸੀ ਕਿ ਮੈਂ ਮਰਗ ਦੇ ਭੋਗ 'ਤੇ ਆਇਆਂ ਉਹ ਵੀ ਇੱਕ ਛੜੇ ਦੇ ਭੋਗ 'ਤੇ।

ਹਾਂ, ਪਰ ਇਹ ਹੈ ਸੱਚ ਕਿ ਤਾਇਆ ਭਾਨਾ ਛੜਾ ਸੀ। ਉਮਰ ਖਾਸੀ ਭੋਗੀ ਸੀ ਉਹਨੇ। ਪੂਰੇ ਨੱਬਿਆਂ ਦੀ। ਪੰਡਾਲ ਵਿਚ ਤਾਏ ਦੇ ਭਤੀਜੇ ਸੰਤ ਰਾਮ ਦੀ ਕਿਸੇ ਰਿਸ਼ਤੇਦਾਰ ਨਾਲ ਕੀਤੀਆਂ ਜਾ ਰਹੀਆਂ ਗੱਲਾਂ ਦੀ ਆਵਾਜ਼ ਗੂੰਜ ਰਹੀ ਸੀ, ''ਵੀਰਵਾਰ ਦੇ ਦਿਨ ਮਰਿਐ ਤਾਇਆ....ਸਿੱਧਾ ਸਵਰਗਾਂ 'ਚ ਗਿਆ ਹੋਣੈ...।''

ਕੁਝ ਦੇਰ ਬਾਅਦ ਪੰਡਤ ਜੀ ਨੇ ਗਰੁੜ ਦੇ ਪਾਠ ਦਾ ਭੋਗ ਮੁਕੰਮਲ ਕਰਕੇ ਤਿਲ-ਫੁਲ ਨੂੰ ਸਾਂਭਣਾ ਸ਼ੁਰੂ ਕਰ ਦਿੱਤਾ। ਇਕੱਠ ਕਾਫ਼ੀ ਹੋਣ ਕਰਕੇ ਪੰਡਤ ਜੀ ਦੇ ਚਿਹਰੇ 'ਤੇ ਵੀ ਰੌਣਕ ਸੀ। ਰੀਤ-ਰਿਵਾਜ਼ ਤਾਂ ਛੜੇ ਆਦਮੀ ਦੇ ਕਾਹਦੇ ਹੋਣੇ ਸਨ। ਭਵਨ ਦੇ ਪਿਛਲੇ ਪਾਸੇ ਆਏ ਗਏ ਲਈ ਲੰਗਰ ਵੀ ਚੱਲ ਰਿਹਾ ਸੀ। ਉੱਥੇ ਵਿਆਹ ਵਰਗਾ ਮਾਹੌਲ ਸੀ। ਪੂੜੀਆਂ, ਛੋਲੇ, ਚੌਲ, ਰਾਇਤਾ, ਦਾਲ ਮਖਣੀ, ਮਿਕਸ ਵੈਜ, ਤੰਦੂਰੀ ਮਿੱਸੀ ਰੋਟੀ, ਗਜ਼ਰੇਲਾ ਤੇ ਗੁਲਾਬ ਜਾਮਣਾਂ ਸਜੀਆਂ ਦੇਖ ਕੇ ਲੱਗਦਾ ਨਹੀਂ ਸੀ ਕਿ ਮੈਂ ਤਾਏ ਦੇ ਭੋਗ 'ਤੇ ਆਇਆ ਸਾਂ। ਆਏ-ਗਏ ਲੋਕ, ਜਿਹਨਾਂ 'ਚੋਂ ਜ਼ਿਆਦਾ ਸ਼ਹਿਰੀ ਤੇ ਕੁਝ ਪੇਂਡੂ ਸਨ, ਆਸੇ-ਪਾਸੇ ਮੇਜ਼ਾਂ ਕੋਲ ਖੜ੍ਹ ਪ੍ਰੀਤੀ ਭੋਜਨ ਛਕ ਰਹੇ ਸਨ। ਇੰਝ ਲੱਗਦਾ ਸੀ ਜਿਵੇਂ ਕਈ ਦਿਨਾਂ ਤੋਂ ਇਹ ਸਾਰੇ ਭੁੱਖੇ ਹੋਣ।

ਮੈਂ ਵੀ ਇਹਨਾਂ 'ਚ ਸ਼ਾਮਿਲ ਸਾਂ ਪਰ ਮੇਰਾ ਜੀਅ ਨਹੀਂ ਸੀ ਕਰਦਾ ਕਿ ਕੁਝ ਖਾਵਾਂ। ਸ਼ਾਇਦ ਇਹ ਵੀ ਇਕ ਤਰ੍ਹਾਂ ਦੀ ਰਸਮ ਹੀ ਸੀ। ਇਸ ਲਈ ਮੈਂ ਨਾ ਚਾਹੁੰਦੇ ਹੋਏ ਵੀ ਇਕ ਪੂੜੀ ਬਦੋਬਦੀ ਸੰਘੋਂ ਲੰਘਾ ਇਸ ਮਾਹੌਲ 'ਚੋਂ ਨਿਕਲਣ ਲਈ ਉੱਠ ਖੜਿਆ। ਸ਼ਾਇਦ ਇਸ ਲਈ ਇਹ ਵੀ ਇਕ ਰਸਮ ਹੀ ਸੀ। ਤਾਏ ਨੂੰ ਵੱਡਾ ਜੁ ਕੀਤਾ ਗਿਆ ਸੀ।

ਉਸ ਭੀੜ-ਭਾੜ ਵਾਲੇ ਵਾਤਾਵਰਨ 'ਚੋਂ ਨਿਕਲ ਕੇ ਮੈਂ ਪਿੰਡ ਵੱਲ ਪਰਤ ਆਇਆ ਸਾਂ। ਅਜੇ ਮੈਂ ਪੁਰਾਤਨ ਖੂਹ ਕੋਲੋਂ ਹੀ ਲੰਘ ਰਿਹਾ ਸਾਂ ਕਿ ਕੇਹਰੂ ਅਮਲੀ ਜੋ ਬੋਹੜ ਦੀ ਛਾਵੇਂ ਬੈਠਾ ਸੀ, ਉਸ ਦੀ ਆਵਾਜ਼ ਮੇਰੇ ਕੰਨੀ ਪਈ-

''ਛੜੇ ਦੇ ਭੋਗ ਤੋਂ ਆਇਐਂ ਲੱਗਦੈਂ...ਲੱਡੂ ਨੀਂ ਵੰਡੇ ਬਾਣੀਆਂ ਨੇ.....!'

ਮੈਂ ਉਸ ਦੀ ਗੱਲ ਵੱਲ ਜ਼ਿਆਦਾ ਧਿਆਨ ਨਾ ਦਿੱਤਾ। ਉਸ ਕੋਲ ਖੜ੍ਹਨਾ ਚੰਗਾ ਨਾ ਸਮਝਿਆ ਕਿਉਂਕਿ ਮੈਂ ਅੱਜ ਬਹੁਤ ਉਦਾਸ ਸਾਂ। ਵੈਸੇ ਮੈਂ ਪਹਿਲਾਂ ਕਈ ਵਾਰ ਇੱਥੇ ਖੂਹ 'ਤੇ ਰੁਕਿਆ ਸਾਂ। ਇੱਥੇ ਸੱਥ 'ਚ ਹੀ ਤਾਏ ਭਾਨੇ ਨੂੰ ਲੰਘਦਾ ਵੇਖ ਕੇ ਗੱਲਾਂ ਛਿੜ ਪੈਂਦੀਆਂ ਸਨ ਕਿ ਤਾਇਆ ਬੜਾ ਕਾਮਾ ਸੀ। ਸੱਥ 'ਚੋਂ ਹੀ ਮੈਨੂੰ ਪਤਾ ਲੱਗਾ ਸੀ ਕਿ ਤਾਏ ਦੀ ਜ਼ਿਆਦਾ ਉੱਠਣੀ-ਬੈਠਣੀ ਭਗਤੇ ਸਾਧ ਨਾਲ ਸੀ। ਇਹ ਦੋਵੇਂ ਬੜੇ ਪੱਕੇ ਮਿੱਤਰ ਸਨ।

ਭਗਤਾ ਸਾਧ ਵੀ ਤਾਏ ਦੇ ਭੋਗ 'ਤੇ ਗਿਆ ਸੀ। ਉਸ ਨੇ ਵੀ ਖਾਣਾ ਨਹੀਂ ਖਾਧਾ ਸੀ। ਮੈਂ ਸਾਹਮਣੇ ਖੜ੍ਹਾ ਚੋਰ-ਝਾਤ ਨਾਲ ਇਹ ਸਭ ਆਪਣੇ ਅੱਖੀਂ ਦੇਖਿਆ ਸੀ। ਉਸ ਸਮੇਂ ਵੀ ਮੇਰੇ ਮਨ 'ਤੇ ਸਵਾਲ ਉੱਭਰਿਆ ਸੀ ਕਿ ਜਦੋਂ ਸਾਰੇ ਜਣੇ ਪੇਟ ਭਰ ਕੇ ਖਾਣਾ ਖਾ ਰਹੇ ਹਨ ਤਾਂ ਇਹ ਭਗਤਾ ਵੀ ਮੇਰੇ ਵਾਂਗ ਭੁੱਖਾ-ਭਾਣਾ ਕਿਉਂ ਰਹਿ ਰਿਹਾ ਹੈ? ਆਖ਼ਰ ਮੈਂ ਹੀ ਆਪਣੇ ਮਨ ਨੂੰ ਸਮਝਾ ਲਿਆ ਕਿ ਭਗਤਾ ਸਾਧ ਵੀ ਮੇਰੇ ਵਾਂਗ ਤਾਏ ਦੀ ਮੌਤ ਤੋਂ ਬਾਅਦ ਹੋ ਰਹੇ ਜਸ਼ਨਾਂ ਨੂੰ ਦੇਖ ਕੇ ਉਦਾਸ ਹੋ ਰਿਹਾ ਹੋਵੇਗਾ।

ਸਾਡੇ ਪਿੰਡ ਦੇ ਕੁਝ ਲੋਕ ਹੀ ਤਾਏ ਦੇ ਭੋਗ 'ਚ ਸ਼ਹਿਰ ਜਾ ਸ਼ਾਮਿਲ ਹੋਏ ਸਨ। ਉਹਨਾਂ 'ਚੋਂ ਭਗਤਾ ਵੀ ਸੀ। ਕੁਝ ਸਾਡੇ ਗੁਆਂਢ 'ਚੋਂ ਸਨ ਤੇ ਕੁਝ ਉਹ ਜਿਨ੍ਹਾਂ ਦੀ ਆੜਤ ਤਾਏ ਦੇ ਭਤੀਜਿਆਂ ਨਾਲ ਚੱਲਦੀ ਆ ਰਹੀ ਸੀ, ਸਾਲਾਂ ਤੋਂ। ਭਗਤਾ ਸਾਧ ਵੀ ਇਨ੍ਹਾਂ 'ਚ ਸ਼ਾਮਿਲ ਸੀ। ਭਗਤੇ ਸਾਧ ਦਾ ਡੇਰਾ ਸਾਡੇ ਪਿੰਡੋਂ ਬਾਹਰਵਾਰ ਸ਼ਾਮਲਾਟ ਜ਼ਮੀਨ 'ਤੇ ਬਣਿਆ ਸੀ। ਮੇਰਾ ਘਰ ਵੀ ਇਸੇ ਰਾਹ 'ਤੇ ਪੈਂਦਾ ਹੈ।

ਘਰ ਦੇ ਦਰਵਾਜ਼ੇ ਕੋਲ ਆ ਕੇ ਮੇਰੇ ਪੈਰ ਚੱਲਣੋਂ ਰੁਕੇ ਨਹੀਂ ਹਨ। ਮੈਂ ਘਰ ਦੇ ਬਾਰ ਕੋਲੋਂ ਲੰਘ ਪਿੰਡੋਂ ਬਾਹਰ ਬਣੇ ਭਗਤੇ ਸਾਧ ਦੇ ਡੇਰੇ ਦੀਆਂ ਬਰੂਹਾਂ ਪਾਰ ਕਰ ਆਇਆ ਹਾਂ। ਡੇਰੇ ਅੰਦਰ ਬਣੇ ਮੈਦਾਨ 'ਚ ਕੁਝ ਬੱਚੇ ਖੇਡ ਰਹੇ ਸਨ। ਭਗਤਾ ਆਪਣੇ ਮੰਜੇ 'ਤੇ ਬੈਠਾ ਮਾਲਾ ਫੇਰ ਰਿਹਾ ਸੀ। ਬੱਚਿਆਂ ਦੀ ਆਵਾਜ਼ ਉਸ ਦੇ ਕਮਰੇ ਤੱਕ ਵੀ ਆਉਂਦੀ ਸੁਣਾਈ ਦੇ ਰਹੀ ਸੀ।

''ਬਾਬਾ ਜੀ, ਕੀ ਹਾਲ ਐ?'' ਮੈਂ ਮੰਜੇ 'ਤੇ ਬੈਠੇ ਭਗਤੇ ਨੂੰ ਹਲੂਣਦੇ ਹੋਏ ਪੁੱਛਿਆ ਸੀ। ਸਾਰੇ ਪਿੰਡ ਦੇ ਲੋਕ ਭਗਤੇ ਨੂੰ ਬਾਬਾ ਹੀ ਆਖਦੇ ਸਨ। ਇਸੇ ਕਾਰਨ ਮੈਂ ਵੀ ਉਸਨੂੰ ਬਾਬਾ ਆਖ ਕੇ ਹੀ ਸੰਬੋਧਨ ਕੀਤਾ।

''ਠੀਕ ਆਂ, ਤੂੰ ਸੁਣਾ?'' ਭਗਤੇ ਨੇ ਆਪਣੀ ਚੁੱਪ ਤੋੜਦਿਆਂ ਜੁਆਬ ਦਿੱਤਾ।

''ਬਾਬਾ ਜੀ...ਅੱਜ ਤਾਂ ਰੱਜ ਕੇ ਆਏ ਲੱਗਦੇ ਓਂ..ਭੋਗ ਆਲਿਆਂ ਦੇ ਘਰੋਂ...।'' ਮੈਂ ਜਾਣ-ਬੁੱਝ ਕੇ ਭਗਤੇ ਨੂੰ ਟਕੋਰਿਆ ਸੀ।

''ਓ...ਕਾਹਦੇ ਰੱਜ....ਜਿਉਂਦੇ ਨੂੰ ਪਾਣੀ ਨ੍ਹੀਂ ਪੁੱਛਦੇ.....ਤੇ ਬਾਅਦ 'ਚ ਲੱਡੂ ਪਕਾਉਂਦੇ ਐ!''

ਗੱਲ ਕਰਦੇ ਹੋਏ ਭਗਤੇ ਦੇ ਚਿਹਰੇ 'ਤੇ ਬੜੀ ਉਦਾਸੀ ਛਾ ਗਈ ਸੀ। ਇਹ ਵਿਚਾਰਾ ਵੀ ਘਰ-ਬਾਰ ਹੁੰਦੇ ਹੋਏ ਇਕੱਲਾ ਰਹਿ ਗਿਆ ਸੀ। ਇੱਕੋ-ਇੱਕ ਪੁੱਤ ਨੇ ਜ਼ਮੀਨ ਆਪਣੇ ਨਾਂ ਕਰਵਾ ਕੇ ਇਸ ਨੂੰ ਘਰੋਂ ਬਾਹਰ ਕੱਢ ਦਿੱਤਾ। ਪਰ ਭਗਤੇ ਦੇ ਬੁੱਢੇ ਸਰੀਰ 'ਚ ਅਜੇ ਵੀ ਜੋਸ਼ ਸੀ। ਸਾਡੇ ਪਿੰਡ ਦੇ ਲੋਕਾਂ ਨੇ ਭਗਤੇ ਨੂੰ ਡੇਰੇ ਦੀ ਸੇਵਾ ਲਈ ਇੱਥੇ ਲੈ ਆਂਦਾ। ਜੋ ਤਿਲ-ਫੁੱਲ ਕੋਈ ਦੇ ਜਾਂਦਾ, ਸਿਰ ਮੱਥੇ ਆਖ ਕੇ ਕਬੂਲ ਕਰ

ਲੈਂਦਾ।

''ਬਾਬਾ,...ਤੇਰਾ ਤਾਂ ਸੁਣਿਐ ਭਾਨਾ ਦੋਸਤ ਸੀ?'' ਮੈਂ ਸੋਚਾਂ 'ਚੋਂ ਬਾਹਰ ਨਿਕਲ ਕੇ ਭਗਤੇ ਨੂੰ

ਫਿਰ ਪੁੱਛਿਆ।

''ਓਏ ਕਾਕਾ, ਇੱਕ ਦੂਜੇ ਦਾ ਦੁੱਖ-ਸੁਖ ਗੱਲਾਂ ਕਰਕੇ ਵੰਡਾ ਲੈਂਦੇ ਸਾਂ.....ਜੇ ਦੋਸਤ ਹੁੰਦਾ ਤਾਂ ਮੈਨੂੰ ਇਕੱਲੇ ਨੂੰ ਇਓਂ ਛੱਡ ਕੇ ਕਿਉਂ ਚਲਾ ਜਾਂਦਾ।'' ਭਗਤਾ ਗੱਲ ਕਰਦਿਆਂ ਕਾਫ਼ੀ ਮੁਰਝਾ ਜਿਹਾ ਗਿਆ।

''ਬਾਬਾ, ਭਾਨੇ ਨੇ ਵਿਆਹ ਕਿਉਂ ਨ੍ਹੀਂ ਸੀ ਕਰਾਇਆ?'' ਮੈਂ ਭਗਤੇ ਦੇ ਚਿਹਰੇ 'ਤੇ ਛਾਈ ਉਦਾਸੀ ਨੂੰ ਬਦਲਣ ਲਈ ਹੋਰ ਸਵਾਲ ਛੇੜਿਆ ਸੀ।

''ਵਿਆਹ....! ਭਾਨੇ ਦੀ ਬੜੀ ਲੰਬੀ ਕਹਾਣੀ ਏ। ਦੋ ਭਰਾ ਤੀ....ਬੜੇ ਕਾਮੇ....ਜ਼ਮੀਨ ਤੀ ਇਨਾਂ ਦਾ ਪਿਓ ਸੋਨੀ ਰਾਮ ਤੀ, ਬੜਾ ਅੜਬ ਬਾਣੀਆ ਤੀ...। ਉਹਦੀ ਇਲਾਕੇ 'ਚ ਬੜੀ ਪੜਤ ਬਣੀ ਹੋਈ ਤੀ....ਕਹਿੰਦੇ ਕਹਾਉਂਦੇ ਨੂੰ ਵਾਹਣੀ ਪਾਈ ਰੱਖਦਾ। ਮਜ਼ਾਲ ਤੀ ਕੋਈ ਕੁਸਕ ਜਾਂਦਾ। ਜੱਟਾਂ ਦੀ ਆੜਤ ਕਰਦਾ ਤੀ...ਆੜਤ ਤੋਂ ਈ ਦੇਖਲੈ ਅੱਠ ਕੀਲੇ ਪੈਲੀ ਦੇ ਬਣਾ ਗਿਆ ਤੀ। ਇਹ ਦੋ ਭਰਾ, ਪਿਓ ਦੇ ਨਾਲ ਆੜਤ ਕਰਵਾਉਂਦੇ। ਪਰ ਭਾਨਾ ਤਾਂ ਜ਼ਿਆਦਾ ਖੇਤੀ ਕਰਦਾ ਤੀ। ਬਚਨੀ ਦਾ ਪਹਿਲਾਂ ਵਿਆਹ ਭਾਨੇ ਨਾਲ ਕਰਦੇ ਤੀ। ਇਹਦਾ ਛੋਟਾ ਭਾਈ, ਅੱਖੋਂ ਬੱਜਾ ਤੀ। ਇਕ ਅੱਖ 'ਚ ਟੀਰ ਪੈਂਦਾ ਤੀ। ਇਹਨੇ ਸੋਚਿਆ, ਮੇਰਾ ਭਾਈ ਕੁਆਰਾ ਰਹਿਜੂ, ਏਹਨੇ ਆਏ ਰਿਸ਼ਤੇ ਤੋਂ ਜਵਾਬ ਦੇਤਾ। ਕੁੜੀ ਵਾਲਿਆਂ ਨੇ ਚੰਗਾ ਘਰ ਬਾਰ ਦੇਖ ਇਸੇ ਘਰ 'ਚ ਈ ਰਿਸ਼ਤੇ ਦੀ ਠਾਣ ਲੀ, ਤੇ ਅੰਤ ਭਾਨੇ ਦੇ ਭਾਈ ਰੌਣਕੀ ਨਾਲ ਕਰਤਾ ਬਚਨੀ ਦਾ ਰਿਸ਼ਤਾ।

ਜ਼ਿੰਦਗੀ 'ਚ ਭਾਨੇ ਨੇ ਬੜੀ ਮੁਸੀਬਤ ਝੇਲੀ। ਪਹਿਲਾਂ ਬਾਪੂ ਇਕਦੱਮ ਛੱਡ ਗਿਆ। ਤੇ ਜਦੋਂ ਵਿਆਹ ਕਰਾਉਣ ਦੀ ਤਿਆਰੀ 'ਚ ਸੀ ਤਾਂ ਭਰਾ ਨੂੰ ਕਰੰਟ ਨੇ ਆਪਣੀ ਲਪੇਟ 'ਚ ਲੈ ਲਿਆ....। ਬਚਨੀ (ਭਾਨੇ ਦੀ ਭਰਜਾਈ) ਦੀ ਕੁੱਛੜ ਚਾਰ ਜਵਾਕ ਸਨ। ਨਿਆਣੀ ਉਮਰ 'ਚ ਹੀ ਵਿਚਾਰੀ ਵਿਧਵਾ ਹੋ ਗਈ। ਪਿੰਡ ਦੇ ਲੋਕਾਂ ਅਤੇ ਰਿਸ਼ਤੇਦਾਰਾਂ ਨੇ ਬਥੇਰਾ ਕਿਹਾ ਭਾਨੇ ਨੂੰ 'ਚਾਦਰ' ਪਾਉਣ ਬਾਰੇ। ਪਰ ਮੰਨਿਆ ਨ੍ਹੀਂ।....ਤੈਨੂੰ ਪਤਾ ਈ ਐ ਹਿੰਦੂ ਧਰਮ ਦੇ ਰੀਤੀ-ਰਿਵਾਜ਼ਾਂ ਦਾ। ਭਾਨਾ ਸ਼ੁਰੂ ਤੋਂ ਹੀ ਥੋੜ੍ਹਾ ਅੜਬ ਸੁਭਾਅ ਦਾ ਸੀ ਪਰ ਮਨ ਦਾ ਸਾਫ਼ ਸੀ। ਉਹ ਕਿੰਨਾ ਜ਼ੋਰ ਪਾਉਣ ਦੇ ਬਾਵਜੂਦ ਅੜਿਆ ਰਿਹਾ। ਕਹਿੰਦਾ-''ਜਦੋਂ ਮੈਂ ਭਾਬੀ ਨੂੰ ਆਪਣੀ ਮਾਂ ਸਮਝਿਆ ਹੋਇਆ ਏ ਤਾਂ ਆਪਣੀ ਮਾਂ ਨੂੰ ਘਰਵਾਲੀ ਕਿਵੇਂ ਬਣਾ ਲਵਾਂ?''

....ਰਿਸ਼ਤੇਦਾਰ, ਸਕੇ-ਸੰਬੰਧੀ ਉਸਦਾ ਜਵਾਬ ਸੁਣ ਮੌਨ ਧਾਰ ਗਏ। ਪਰ ਇੰਨਾ ਜ਼ਰੂਰ ਸੀ ਕਿ ਭਾਨੇ ਨੇ ਭਾਬੀ ਅਤੇ ਉਸਦੇ ਨਿਆਣਿਆਂ ਦੀ ਦੇਖਭਾਲ ਲਈ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ ਸੀ।...

ਕੰਮ ਕਰਨ 'ਚ ਤਾਂ ਭਾਨਾ ਸਿਰੇ ਦਾ ਜੱਟ ਬਾਣੀਆ ਸੀ।....ਮਜ਼ਾਲ ਕੀ ਸੀ ਕਿਸੇ ਦੀ ਕਿ ਭਾਨੇ ਦੇ ਹੁੰਦਿਆਂ ਘਰ ਵੱਲ ਕੋਈ ਪਰਾਇਆ ਅੱਖ ਚੁੱਕ ਦੇਖ ਲੈਂਦਾ। ਪੜ੍ਹਿਆ-ਲਿਖਿਆ ਤਾਂ ਡਾਲ ਵੀ ਨ੍ਹੀਂ ਸੀ ਪਰ 'ਸਾਬ-ਕਿਤਾਬ 'ਚ ਸਾਰਿਆਂ ਨੂੰ ਮਾਤ ਪਾ ਦਿੰਦਾ ਸੀ। ਘਰ ਦੇ ਗੁਜ਼ਾਰੇ ਲਈ ਉਹ ਆਪਣੀ ਜ਼ੱਦੀ ਚਾਰ-ਪੰਜ ਏਕੜ 'ਚ ਖੇਤੀ ਕਰ ਲੈਂਦਾ ਸੀ। ਦੁੱਧ ਲਈ ਉਸ ਨੇ ਤਿੰਨ ਦੁਧਾਰੂ ਪਸ਼ੂ ਰੱਖੇ ਹੋਏ ਸਨ। ....

...ਜ਼ਿਆਦਾ ਇਸ ਇਲਾਕੇ 'ਚ ਪਹਿਲਾਂ ਮੁਸਲਮਾਨ ਈ ਰਹਿੰਦੇ ਸਨ। ਤੇ ਏਥੇ ਤਾਂ ਮੁਸਲਮਾਨਾਂ ਦੇ ਕਈ ਘਰ ਸਨ।....ਜਦੋਂ ਹੱਲਾ ਹੋਇਆ ਨਾ.....। ਉਦੋਂ ਬੜੀ ਤਬਾਹੀ ਹੋਈ ਸੀ....।....ਮੁਸਲਮਾਨਾਂ ਦਾ ਪਿੰਡ ਹੋਣ ਕਰਕੇ ਇੱਥੇ ਰਹਿਣਾ ਬੜਾ ਔਖਾ ਸੀ।....ਉਹਨਾਂ ਭੜਕੇ ਹੋਇਆਂ ਨੇ ਆਪਣੀ ਸਲਾਮਤੀ ਲਈ ਕਈਆਂ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ ਸੀ.....।....ਪਰ ਭਾਨੇ ਦੇ ਘਰ ਵੱਲ ਉਹਨਾਂ ਵੀ ਕਦੇ ਨ੍ਹੀਂ ਸੀ ਤੱਕਿਆ।...

ਆਹ ਜਿਹੜਾ ਭਤੀਜਾ ਭੋਗ 'ਤੇ ਆਏ ਗਏ ਨੂੰ ਹੱਥ ਜੋੜ ਜੋੜ ਜੀ ਆਇਆ ਕਹਿ ਰਿਹਾ ਸੀ। ਜਦੋਂ ਛੋਟੇ ਹੁੰਦੇ ਨੂੰ ਇਹਨੂੰ ਨਮੋਨੀਆਂ ਵਿਗੜ ਗਿਆ। ਤੇ ਉਪਰੋਂ ਇਹਦੇ ਅੰਦਰ ਖ਼ੂਨ ਵੀ ਨਾ ਮਾਤਰ ਰਹਿ ਗਿਆ ਸੀ। ਡਾਕਟਰਾਂ ਨੇ ਜਵਾਬ ਦੇ ਦਿੱਤਾ ਸੀ। ਭਾਨੇ ਨੇ ਪੂਰਾ ਜ਼ੋਰ ਲਾਇਆ। ਡਾਕਟਰਾਂ ਨੇ ਖ਼ੂਨ ਦੀ ਮੰਗ ਕੀਤੀ। ਭਾਨੇ ਨੇ ਦੋਵੇਂ ਬਾਹਾਂ ਡਾਕਟਰਾਂ ਅੱਗੇ ਕਰਦਿਆਂ ਕਿਹਾ, ਕਿੰਨਾ ਮਰਜ਼ੀ ਕੱਢ ਲਓ ਪਰ ਮੇਰੇ ਭਤੀਜੇ ਨੂੰ ਸਹੀ ਸਲਾਮਤ ਬਚਾ ਲੈਣਾ। ਇਹ ਭਾਨੇ ਦੀ ਬਦੌਲਤ ਹੀ ਸੀ ਕਿ ਸੰਤ ਰਾਮ ਕੁਝ ਦਿਨਾਂ 'ਚ ਹੀ ਤੰਦਰੁਸਤ ਹੋ ਗਿਆ।

ਭਾਨੇ ਨੇ ਆਪਣੇ ਦੋਵੇਂ ਭਤੀਜੇ ਤੇ ਭਤੀਜੀਆਂ ਦੇ ਵਿਆਹ ਪੂਰੇ ਠਾਠ ਨਾਲ ਕੀਤੇ। ਰਿਸ਼ਤੇਦਾਰ ਵੀ ਅੱਸ਼-ਅੱਸ਼ ਕਰ ਉੱਠੇ। ਪੂਰਾ ਦਿੱਤਾ-ਲਿਆ। ਕੋਈ ਕਸਰ ਭਤੀਜੀਆਂ ਦੇ ਦਾਜ 'ਚ ਨਾ ਛੱਡੀ। ਭਤੀਜੇ ਵੀ ਚੰਗੇ ਖਾਨਦਾਨਾਂ 'ਚ ਵਿਆਹੇ। ਬਚਨੀ ਵੀ ਪੂਰੀ ਖੁਸ਼-ਖੁਸ਼ ਸਾਰੇ ਕਾਰਜ ਭਾਨੇ ਨੂੰ ਪੁੱਛ ਕੇ ਨਿਪਟਾ ਰਹੀ ਸੀ। ਉਸ ਵੀ ਬਾਪ ਵਾਲਾ ਸਾਰੇ ਕਾਰਜ ਭਾਨੇ ਤੋਂ ਹੀ ਕਰਵਾਏ ਵਿਆਹਾਂ 'ਚ।

ਪਰ ਰੱਬ ਦੀ ਕਰਨੀ ਨੇ ਬਚਨੀ ਨੂੰ ਵੀ ਆਪਣੇ ਕੋਲ ਬੁਲਾ ਲਿਆ।...ਜਿਹੜੀ ਜ਼ਮੀਨ 'ਚ ਭਾਨੇ ਨੇ ਮਿੱਟੀ ਨਾਲ ਮਿੱਟੀ ਹੁੰਦੇ ਪੰਜ ਤੋਂ ਦਸ ਏਕੜ 'ਚ ਬਦਲ ਦਿੱਤਾ ਸੀ, ਉਸਨੂੰ ਬਚਨੀ ਦੇ ਮਰਨ ਮਗਰੋਂ ਉਹਦੇ ਭਤੀਜਿਆਂ ਨੇ ਝੱਟ ਹੜੱਪ ਲਿਆ।.....ਭਾਨੇ ਦਾ ਮੰਜਾ ਘਰ ਤੋਂ ਬਾਹਰ ਪਸ਼ੂਆਂ ਦੇ ਵਾਗਲ 'ਚ ਚਲਾ ਗਿਆ।...ਉਹ ਪਸ਼ੂਆਂ ਨੂੰ ਪੱਠੇ ਪਾਉਂਦਾ, ਧਾਰਾਂ ਕੱਢਦਾ ਤੇ ਫਿਰ ਉਸ ਨੂੰ ਦੋ ਟੁੱਕ ਦੀ ਆਸ ਹੁੰਦੀ ਸੀ। ਭਤੀਜ ਨੂੰਹਾਂ ਵੀ ਉਸ ਨੂੰ ਰੋਟੀ ਦੇਣ ਤੋਂ ਪਾਸਾ ਵੱਟਦੀਆਂ ਸਨ। ਭਤੀਜੇ ਪੜ੍ਹ-ਲਿਖ ਕੀ ਗਏ...ਬੱਸ ਭਾਨਾ ਤਾਂ ਉਹਨਾਂ ਭਾਣੇ ਧਰਤੀ 'ਤੇ

ਭਾਰ ਸੀ।....ਜਦੋਂ ਕਦੇ ਜ਼ਿਆਦਾ ਦੁਖੀ ਹੁੰਦਾ ਤਾਂ ਮੇਰੇ ਕੋਲ ਆ ਕੇ ਦੁੱਖ ਸਾਂਝਾ ਕਰ ਲੈਂਦਾ। .....ਮੈਂ ਤਾਂ ਉਸ ਨੂੰ ਬੜਾ ਆਖਦਾ ਰਿਹਾ ਕਿ ਛੱਡ ਭਾਨਿਆਂ ਇਹੋ-ਜਿਹੇ ਪਰਿਵਾਰ ਨੂੰ...।...ਪਰ ਉਹ ਜਵਾਬ ਦਿੰਦਾ ਸੀ-'ਭਰਾ ਤੇ ਭਾਬੀ ਕੀ ਸੋਚਣਗੇ....ਕਿ ਅਸੀਂ ਨ੍ਹੀਂ ਰਹੇ ਤਾਂ ਤੂੰ ਵੀ ਮੇਰੇ ਪੁੱਤਰਾਂ ਨੂੰ ਪਰਾਇਆ ਕਰ ਦਿੱਤਾ।....'

...ਭਤੀਜੇ ਸਾਰਾ ਦਿਨ ਭਾਨੇ ਤੋਂ ਕੰਮ ਕਰਵਾਉਂਦੇ ਰਹਿੰਦੇ ਸਨ। ਨੂੰਹਾਂ ਵੀ ਹੁਕਮ ਚਲਾਉਂਦੀਆਂ ਰਹਿੰਦੀਆਂ ਸਨ।...ਭਾਨੇ ਨੂੰ ਲੱਗਦਾ ਸੀ ਜਿਵੇਂ ਯੁਗ ਬਦਲ ਗਿਆ ਹੋਵੇ...। ਆਹ...ਜਿਹੜੇ ਜਵਾਕਾਂ ਨੂੰ ਉਹ ਸਾਰਾ ਕੁੱਛੜ ਚੁੱਕੀ ਪਿੰਡ ਦੀਆਂ ਗਲੀਆਂ-ਮੁਹੱਲਿਆਂ 'ਚ ਘੁਮਾਉਂਦਾ ਰਿਹਾ ਸੀ...ਉਹ ਅੱਜ ਆਖਦੇ ਨੇ ਕਿ 'ਤਾਇਆ ਬੁੜਾ-ਠੇਰਾ ਘਰ 'ਚ ਚੰਗਾ ਨ੍ਹੀਂ ਲੱਗਦਾ.....। ਨਾ ਮਰਦਾ ਏ ਤੇ ਨਾ ਹੀ ਖਹਿੜਾ ਛੱਡਦਾ ਏ...।... ਕਿੰਨਾ ਕਿਹਾ ਕਿ ਆਹ ਪਸ਼ੂਆਂ 'ਚ ਰਹਿ ਕੇ ਹੱਥ ਨਾ ਲਬੇੜ...ਪਰ ਹੈ ਕੀ ਕਿ ਮੰਨੇ ਕਿਸੇ ਦੀ।...

ਭਤੀਜੇ ਵੀ ਅੱਗੋਂ ਪੁੱਤਰਾਂ ਦੇ ਬਾਪ ਬਣ ਗਏ ਸਨ।...ਘਰ 'ਚ ਨੂੰਹਾਂ ਦੇ ਪੇਕਿਆਂ ਤੋਂ ਕੋਈ ਨਾ ਕੋਈ ਆਇਆ ਹੀ ਰਹਿੰਦਾ ਸੀ। ਭਾਨੇ ਨੂੰ ਵੇਖ ਕੇ ਉਹ ਵੀ ਮੱਥੇ 'ਚ ਤਿਓੜੀਆਂ ਪਾ ਲੈਂਦੇ ਸਨ।...ਉਸ ਵੇਲੇ ਨੂੰਹਾਂ ਨੂੰ ਭਾਨਾ ਬੜਾ ਬੁਰਾ ਲੱਗਦਾ ਸੀ।...ਇਸ ਲਈ ਉਹ ਆਪਣੇ ਘਰ ਵਾਲਿਆਂ ਨੂੰ ਭਾਨੇ ਦੇ ਵਿਰੁੱਧ ਭੜਕਾਉਂਦੀਆਂ ਰਹਿੰਦੀਆਂ ਸਨ।....ਭਾਨੇ ਦੀ ਸਿਹਤ ਵੀ ਹੁਣ ਪਹਿਲਾਂ ਵਰਗੀ ਨ੍ਹੀਂ ਰਹੀ ਸੀ। ਅੱਖਾਂ 'ਚ ਵੀ ਮੋਤੀਏ ਨੇ ਜਾਲ਼ਾ ਬਣਾ ਲਿਆ ਸੀ। ਤਪਦਿਕ ਨੇ ਉਹਨੂੰ ਹੋਰ ਵੀ ਲਪੇਟ 'ਚ ਲੈ ਲਿਆ। ਉਹ ਸਾਰਾ ਦਿਨ ਘਰ 'ਚ 'ਖਊਂ-ਖਊਂ' ਕਰਦਾ ਰਹਿੰਦਾ ਸੀ।...ਕਦੇ-ਕਦੇ ਮਨ ਕਰਦਾ ਤਾਂ ਸੂਤ ਦੇ ਪਿੰਨੇ ਨੂੰ ਹੱਥ 'ਚ ਫੜੀ ਘੁਮਾਉਂਦਾ ਰਹਿੰਦਾ....। ਜੇ ਭਤੀਜੇ ਅਜਿਹਾ ਕਰਨ ਤੋਂ ਰੋਕਦੇ ਤਾਂ ਕਹਿੰਦਾ-'ਮੈਂ ਆਪਣੇ ਖ਼ੱਫਣ ਲਈ ਸੂਤ ਵੱਟਦਾ ਆਂ...!....ਤਾਂ ਜੋ ਮੇਰੇ ਮਰਨ ਤੋਂ ਬਾਅਦ ਤੁਹਾਨੂੰ ਕੋਈ ਔਖ ਨਾ ਹੋਵੇ...।'

....ਭਤੀਜਿਆਂ ਦੇ ਕੋਲ ਪੈਸਾ ਕਾਫ਼ੀ ਹੋ ਗਿਆ ਸੀ। ਤੀਵੀਂਆਂ ਦੇ ਵਾਰ-ਵਾਰ ਕਹਿਣ 'ਤੇ ਉਹਨਾਂ ਨੇ ਪੁਰਾਣੀ ਹਵੇਲੀ ਵਾਲੀ ਜਗ੍ਹਾ ਨੂੰ ਢਾਹ ਕੇ ਨਵੀਂ ਬਣਾਉਣ ਦੀ ਬਜਾਏ ਮਾਨਸਾ ਆ ਕੇ ਨਵੀਂ ਕਾਲੋਨੀ 'ਚ ਦੋ ਕੋਠੀਆਂ ਮੁੱਲ ਖਰੀਦ ਲਈਆਂ। ਤੇ ਆਪਣਾ ਸਾਰਾ ਕਾਰੋਬਾਰ ਪਿੰਡੋਂ ਸਮੇਟ ਮਾਨਸਾ ਆ ਸ਼ੁਰੂ ਕਰ ਦਿੱਤਾ। ਆੜ੍ਹਤ ਚੰਗੀ ਸੀ। ਲੋਕ ਵੀ ਸਾਰੇ ਉਨ੍ਹਾਂ ਕੋਲ ਮਾਨਸਾ ਆਉਣ ਲੱਗੇ ਸਨ।

ਉੱਧਰ ਭਾਨਾ ਵੀ ਕਾਫ਼ੀ ਕਮਜ਼ੋਰ ਹੋ ਗਿਆ ਸੀ।....ਸ਼ਾਇਦ ਭਤੀਜਿਆਂ ਦੇ ਮਾਨਸਾ ਜਾ ਕੇ ਰਹਿਣ ਦਾ ਉਸ ਨੂੰ ਅੰਦਰੋਂ ਕਾਫ਼ੀ ਦੁੱਖ ਪਹੁੰਚਿਆ ਹੋਵੇ.....ਭਤੀਜੇ ਲੋਕ ਲਾਜ ਕਾਰਨ ਇਕ ਵਾਰ ਤਾਂ ਤਾਏ ਨੂੰ ਬਿਮਾਰ ਦੇਖ ਆਪਣੇ ਕੋਲ ਲੈ ਆਏ ਮਾਨਸਾ। ਉਸ ਦੀ ਆਵਾਜ਼ 'ਚ ਵੀ ਹੁਣ ਦਿਨੋਂ-ਦਿਨ ਕੁੜੱਤਣ ਆ ਗਈ ਸੀ।....ਭਤੀਜਿਆਂ ਦੇ ਪੁੱਤਰ ਉਸ ਨੂੰ 'ਛੜਾ ਬੁੱਢਾ....ਛੜਾ ਬੁੱਢਾ' ਆਖ ਕੇ ਤੰਗ-ਪ੍ਰੇਸ਼ਾਨ ਕਰਦੇ ਸਨ। ਜੇ ਉਹ ਉਹਨਾਂ ਦੇ ਮਗਰ ਪੈ ਕੇ ਅਜਿਹਾ ਕਰਨ ਤੋਂ ਰੋਕਦਾ ਤਾਂ ਭਤੀਜੇ ਲੋਹਾ-ਲਾਖਾ ਹੋ ਉਸਨੂੰ ਹੀ ਝਿੜਕਣ ਲੱਗ ਪੈਂਦੇ।...ਭਾਨਾ ਵੀ ਖ਼ਰਵੀਂ ਬੋਲੀ 'ਚ ਉਹਨਾਂ ਨੂੰ ਗਾਲਾਂ ਕੱਢ ਦਿੰਦਾ। ਉਸ ਦੇ ਬਿਮਾਰ ਸਰੀਰ ਨੂੰ ਦੇਖ ਕੇ ਕੋਈ ਵੀ ਉਸ ਕੋਲ ਨਾ ਆਉਂਦਾ। ਜੇ ਕਦੇ ਪਿਸ਼ਾਬ ਕਰਨ ਲਈ ਤੁਰ ਪੈਂਦਾ ਤਾਂ ਰਸਤੇ 'ਚ ਹੀ ਧੜੰਮ ਕਰਕੇ ਡਿੱਗ ਪੈਂਦਾ। ਇਸ ਉਮਰ 'ਚ ਡਾਕਟਰ ਵੀ ਬੁੱਢੇ ਸਰੀਰ 'ਚ ਤਾਕਤ ਪਾਉਣ ਤੋਂ ਅਸਮਰੱਥ ਸਨ।.....ਉਹ ਮੰਜੇ 'ਤੇ ਬੈਠਾ ਹੀ ਰੋਟੀ-ਟੁਕ ਕਰ ਲੈਂਦਾ।....ਮੰਜੇ 'ਤੇ ਹੀ ਟੱਟੀ-ਪਿਸ਼ਾਬ ਕਰ ਦਿੰਦਾ।....ਨੂੰਹਾਂ ਨੇ ਕਦੇ ਉਸ ਦਾ ਬਿਸਤਰਾ, ਚਾਦਰ ਵਗੈਰਾ ਬਦਲਣ ਦੀ ਕੋਸ਼ਿਸ਼ ਨ੍ਹੀਂ ਕੀਤੀ ਸੀ। ਜਦੋਂ ਤਾਏ ਦੀ ਸਿਹਤ ਹੋਰ ਵੀ ਕਮਜ਼ੋਰ ਦਿੱਸਣ ਲੱਗੀ ਤਾਂ ਆਪਣੀ ਪਤਨੀਆਂ ਦੇ ਗੁੱਸੇ ਕਾਰਨ ਉਹ ਫਿਰ ਉਸਨੂੰ ਕਾਰ 'ਚ ਪਿੰਡ ਛੱਡ ਗਏ।

ਪਿੰਡ ਤਾਏ ਦੇ ਭਤੀਜਿਆਂ ਨੇ ਧੀਰੇ ਸੈਂਸੀ ਨੂੰ ਪੰਜ ਹਜ਼ਾਰ ਰੁਪਏ ਤਨਖਾਹ 'ਤੇ ਪੱਕਾ ਕਰ, ਤਾਏ ਦੀ ਸੰਭਾਲ ਲਈ ਪੱਕੀ ਡਿਊਟੀ ਲਗਾ ਦਿੱਤੀ ਸੀ। ਉਹ ਹੀ ਉਸ ਨੂੰ ਕੁਝ ਖਾਣ ਲਈ ਦੇ ਜਾਂਦਾ। ਤੇ ਉਸਦੇ ਮੈਲੇ ਕੱਪੜੇ ਆਦਿ ਬਦਲ ਜਾਂਦਾ। ਮਰਨ ਤੋਂ ਕੁਝ ਚਿਰ ਪਹਿਲਾਂ ਤਾਂ ਉਸ ਦੀ ਹਾਲਤ ਹੋਰ ਵੀ ਬਦਤਰ ਹੋ ਗਈ ਸੀ। ਧੀਰੇ ਨੇ ਕਈ ਵਾਰ ਤਾਏ ਦੇ ਭਤੀਜਿਆਂ ਨੂੰ ਸੁਨੇਹਾ ਲਗਾਇਆ ਕਿ ਭਾਨਾ ਹੁਣ ਕੁਝ ਦਿਨਾਂ ਦਾ ਹੀ ਮਹਿਮਾਨ ਹੈ, ਤੁਸੀਂ ਆ ਜਾਵੋ, ਪਰ ਉਹ ਟਾਲ-ਮਟੋਲ ਹੀ ਕਰ ਜਾਂਦੇ।

....ਜੇ ਕਦੇ-ਕਦੇ ਲੰਘਦਾ-ਟੱਪਦਾ ਮੈਂ ਉੱਧਰ ਜਾਂਦਾ ਤਾਂ ਉਸ ਨੂੰ ਮੇਰੇ ਬੋਲਣ ਤੋਂ ਈ ਪਤਾ ਲੱਗਦਾ ਕਿ ਮੈਂ ਉਹਦਾ ਦੋਸਤ ਭਗਤਾ ਹਾਂ....।...ਅੱਖਾਂ 'ਚੋਂ ਦਿੱਸਣਾ ਤਾਂ ਉਹਨੂੰ ਕਦੋਂ ਦਾ ਹੱਟ ਗਿਆ ਸੀ।...ਉਸਦੇ ਆਖ਼ਰੀ ਸਮੇਂ ਦਾ ਤਾਂ ਕਾਕਾ ਤੈਨੂੰ ਵੀ ਪਤੈ ਈ ਐ.....ਅਜਿਹੀ ਸੀ ਮੇਰੇ ਯਾਰ ਭਾਨੇ ਦੀ ਜ਼ਿੰਦਗੀ.....ਅੰਤਲੇ ਸਮੇਂ ਦੋਜਖ਼ ਹੰਢਾਉਂਦਾ ਰਿਹਾ। ਸਾਰੀ ਉਮਰ ਜਿਹਨਾਂ ਪਿੱਛੇ ਲਾਈ ...ਉਹਨਾਂ ਉਹਦੀ ਵਾਤ ਵੀ ਨਾ ਪੁੱਛੀ....ਨਰਕ ਭੋਗਦਾ ਮਰ ਗਿਆ ਭਾਨਾ।...ਰੱਬ ਉਸ ਦਾ ਸੁਰਗਾਂ 'ਚ ਵਾਸਾ ਕਰੇ...।''

ਭਗਤੇ ਦੇ ਮੂੰਹੋਂ ਤਾਏ ਭਾਨੇ ਦੇ ਜੀਵਨ ਦੇ ਬਿਤਾਏ ਪਲ ਸੁਣ ਕੇ ਮੈਂ ਵੀ ਬੜਾ ਦੁਖੀ ਹੋ ਗਿਆ ਸਾਂ। ਪਰ ਮੈਂ ਦੇਖਿਆ ਭਗਤੇ ਦੀਆਂ ਅੱਖਾਂ 'ਚੋਂ ਵੀ ਪਰਲ-ਪਰਲ ਗਲੇਡੂ ਵਹਿ ਰਹੇ ਸਨ ਅਤੇ ਉਹ ਸਾਫ਼ੇ ਨਾਲ ਆਪਣੀਆਂ ਅੱਖਾਂ ਦਾ ਪਾਣੀ ਪੂੰਝ ਰਿਹਾ ਸੀ। ਮੇਰੇ ਆਉਣ ਕਾਰਨ ਸ਼ਾਇਦ ਭਗਤਾ ਵੀ ਬੜਾ ਦੁਖੀ ਹੋਇਆ ਸੀ। ਇਸ ਲਈ ਮੈਂ ਭਗਤੇ ਕੋਲ ਹੋਰ ਰੁੱਕ ਕੇ ਉਸਨੂੰ ਹੋਰ ਉਦਾਸ ਨਹੀਂ ਕਰਨਾ ਚਾਹੁੰਦਾ ਸੀ।

''ਚੰਗਾ, ਬਾਬਾ ਜੀ....ਮੈਂ ਚੱਲਦਾਂ ਹੁਣ....,

## ਕਵਿਤਾਵਾਂ / ਹਰਦੀਪ ਸੱਭਰਵਾਲ



### ਹਾਸਾ

ਤੇ ਬਾਇੱਜਤ ਬਰੀ ਹੋਣ ਵੇਲੇ
ਕਤਲ ਹੋਏ ਬੰਦੇ ਦੀ
ਧੀ ਵੱਲ ਵੇਖਦੇ ਵਕਤ
ਹਾਸਾ, ਉਸਦੇ ਬੁੱਲਾਂ ਤੇ ਫੈਲ ਗਿਆ

ਕੋਈ ਆਖ ਰਿਹਾ ਸੀ
ਬੰਦਾ ਮਰਦਾ ਤਾਂ ਆਪਣੀ ਮੌਤ ਹੀ ਹੈ
ਬਾਕੀ ਤਾਂ ਬਹਾਨਾ ਹੀ ਬਣਦਾ

ਮੈਂ ਕਈ ਵਾਰ ਵੇਖਦਾ ਹਾਂ
ਤੇਜਾਬ ਨਾਲ ਸਾੜੇ ਹੋਏ
ਕਿਸੇ ਕੁੜੀ ਦੇ ਚਿਹਰੇ ਨੂੰ
ਗਲ 'ਚ ਟਾਇਰ ਪਾ ਕੇ ਜਿਊਂਦੇ
ਸਾੜੇ ਗਏ ਬੰਦੇ ਦਾ ਪਰਿਵਾਰ
ਗੱਡੀ ਹੇਠ ਕੁਚਲੇ ਗਏ ਬੰਦੇ ਦੀ ਲੋਥ
ਡਾਂਗਾਂ ਨਾਲ ਅੱਧਮੋਏ ਕੀਤੇ ਗਏ ਜਿਸਮ
ਜਾਂ ਸਿੱਧਾ ਇਕ ਹੀ ਗੋਲੀ
ਨਾਲ ਉਡ ਗਿਆ ਸਰੀਰ
ਪਰ ਉਥੇ ਕਦੇ ਵੀ ਬਹਾਨੇ ਨਹੀਂ ਦਿਸਦੇ
ਹਾਸੇ ਹੀ ਦਿਸਦੇ ਨੇ, ਨਿਆਂ ਕਰਦੇ ਹੋਏ

ਅਸਮਾਨ ਕਿੰਨਾ ਵੀ
ਫੈਲਿਆ ਨਜਰ ਆਵੇ
ਪਰ ਬਹੁਤ ਸਾਰੇ ਲੋਕਾਂ ਲਈ ਸੁੰਗੜ ਜਾਂਦਾ ਹੈ

ਤੇ ਹਾਸਾ ਸਿਰਫ ਬੁੱਲਾਂ ਤੇ ਹੀ ਨਹੀਂ ਫੈਲਦਾ।

### ਸਮਾਨਾਰਥੀ

ਕੁਝ ਦਿਨਾਂ ਤੋਂ
ਦੂਰੀ ਅਤੇ ਨੇੜਤਾ
ਜਿਵੇਂ ਸਮਾਨਾਰਥੀ ਬਣ ਗਏ ਨੇ

ਜਿੰਨਾ ਅਸੀਂ ਕਿਸੇ ਦੇ ਨੇੜੇ ਜਾਂਦੇ ਹਾਂ
ਉਨ੍ਹਾਂ ਹੀ ਉਸ ਤੋਂ ਦੂਰ ਹੋ ਜਾਂਦੇ ਹਾਂ
ਤੇ ਪਤਾ ਨਹੀਂ ਕਿਉਂ
ਜਿਹੜੇ ਦੂਰ ਚਲੇ ਜਾਂਦੇ ਨੇ
ਉਹ ਨੇੜੇ ਮਹਿਸੂਸ ਹੋਣ ਲੱਗ ਪੈਂਦੇ ਨੇ

ਜਾ ਤਾਂ ਦੂਰੀ ਨੇੜਤਾ ਦੀ ਧੁਰੀ ਬਣ ਗਈ ਹੈ,
ਜਾਂ ਨੇੜਤਾ, ਦੂਰੀ ਦੇ ਆਲੇ ਦੁਆਲੇ
ਚੱਕਰ ਕੱਟਣ ਲੱਗ ਪਈ

ਹਾਲਾਂਕਿ
ਦੂਰੀ ਅਤੇ ਨੇੜਤਾ ਦੇ
ਸਮਾਨਾਰਥਕ ਬਣ ਜਾਣ ਨਾਲ ਵੀ
ਇਨ੍ਹਾਂ ਦੋਹਾਂ ਦੇ ਅਰਥ ਨਹੀਂ ਬਦਲੇ

ਨਾ ਤਾਂ ਦੂਰੀ ਹੀ ਕੁਝ ਘਟੀ
ਨਾ ਹੀ ਨੇੜਤਾ ਵਧੀ

ਪਰ ਇਸ ਸਭ ਨਾਲ
ਹੁਣ ਮਰਨ ਹੀ ਲੱਗ ਪਈਆਂ
ਸਾਡੀਆਂ ਅੰਦਰੂਨੀ ਸੂਖਮ, ਕੋਮਲ
ਭਾਵਨਾਵਾਂ...।

ਤਾਇਆ ਭਾਨਾ ਸੱਚਮੁੱਚ ਹੀ ਬੜਾ ਸਾਊ ਸੁਭਾਅ ਵਾਲਾ ਤੇ ਕਾਮਾ ਸੀ।'' ਆਖ ਮੈਂ ਭਗਤੇ ਦੇ ਕਮਰੇ 'ਚੋਂ ਬਾਹਰ ਆ ਗਿਆ।

ਬਾਹਰ ਡੇਰੇ ਦੇ ਖੁੱਲ੍ਹੇ ਮੈਦਾਨ 'ਚ ਇਕ ਕੈਂਟਰ 'ਚ ਕੁਝ ਜਣੇ ਬੱਚਿਆਂ ਨੂੰ ਲੱਡੂ ਵੰਡ ਰਹੇ ਸਨ। ਕੋਲ ਆਉਣ 'ਤੇ ਪਤਾ ਚੱਲਿਆ। ਤਾਏ ਭਾਨੇ ਦੇ ਭਤੀਜਿਆਂ ਨੇ ਤਾਏ ਦੀ ਯਾਦ 'ਚ ਡੇਰੇ ਲੱਡੂਆਂ ਦਾ ਪ੍ਰਸ਼ਾਦ ਵੰਡਿਆ ਹੈ। ਉਦਾਸ ਮਨ ਨਾਲ ਮੈਂ ਡੇਰੇ ਤੋਂ ਬਾਹਰ ਨਿਕਲ ਆਇਆ ਸਾਂ। ਗੇਟ ਕੋਲ ਬੱਚੇ ਲੱਡੂ ਖਾਂਦੇ ਹੋਏ ਉੱਚੀ-ਉੱਚੀ ਰੌਲਾ ਪਾ ਰਹੇ ਸਨ-'ਛੜੇ ਭਾਨੇ ਦੇ ਲੱਡੂ....ਛੜੇ ਤਾਏ ਭਾਨੇ ਦੇ ਲੱਡੂ'.....।

ਇਹ ਸੁਣ ਮੈਨੂੰ ਝਟਕਾ ਜਿਹਾ ਲੱਗਾ। ਪਰ ਇਸ ਵਿਚ ਬੱਚਿਆਂ ਦਾ ਵੀ ਕੀ ਕਸੂਰ ਸੀ। ਇਹ ਸੋਚ ਮੈਂ ਘਰ ਵੱਲ ਕਾਹਲੀ-ਕਾਹਲੀ ਤੁਰ ਪਿਆ। ਰਸਤੇ 'ਚ ਮੇਰੇ ਕੰਨਾਂ 'ਚ ਤਾਏ ਭਾਨੇ ਦੇ ਵੱਡੇ ਭਤੀਜੇ ਸੰਤ ਰਾਮ ਦੀ ਆਵਾਜ਼ 'ਵੀਰਵਾਰ ਦੇ ਦਿਨ ਮਰਿਐ ਤਾਇਆ....ਸਿੱਧਾ ਸੁਰਗਾਂ 'ਚ ਗਿਆ ਹੋਣੈ...।' ਗੂੰਜ ਰਹੀ ਸੀ ਅਤੇ ਮੇਰੀਆਂ ਅੱਖਾਂ ਸਾਹਮਣੇ ਤਾਏ ਭਾਨੇ ਦੇ ਭੋਗ ਦਾ ਆਇਆ ਕਾਰਡ ਸੀ।

– 98720-92101

## ਹਿੰਦੀ ਕਵਿਤਾਵਾਂ

### ਦੋ ਕਵਿਤਾਵਾਂ / ਵੰਦਨਾ ਮਿਸ਼ਰਾ



### ਮੰਗਲ ਖਰਾਬ ਸੀ

ਬਣ ਨਹੀਂ ਰਹੀ ਸੀ ਪਤੀ ਦੀਆਂ
ਬੁਰੀਆਂ ਆਦਤਾਂ ਨਾਲ
ਤੇ ਜੋਤਿਸ਼ ਦੇ ਅਨੁਸਾਰ
ਮੰਗਲ ਖਰਾਬ ਸੀ ਬਹੂ ਦਾ
ਪੇਕਿਆਂ ਤੋਂ ਦੁਬਾਰਾ ਆਈ ਤਾਂ
ਬਾਂਹ ਵਿੱਚ ਕਾਲੇ ਕੱਪੜੇ ਵਿੱਚ
ਬੰਨ੍ਹਿਆ ਤਬੀਤ ਸੀ
ਸੱਸ ਦੀ ਤੇਜ਼ ਨਜ਼ਰ
ਉਸਨੂੰ ਦੇਖ ਚੁੱਕੀ ਸੀ
ਅਧਪਾਗਲ ਜਿਹਾ ਪਤੀ
ਮਾਂ ਦੇ ਦੁਪੱਟੇ ਨਾਲ
ਪਿਆਰ ਵਿੱਚ ਨਹੀਂ
ਸਵਾਰਥ ਨਾਲ ਬੰਨ੍ਹਿਆ ਹੋਇਆ
ਸਾਰੀਆਂ ਬੁਰੀਆਂ ਆਦਤਾਂ ਤੇ
ਪਰਦਾ ਪਾਉਣਾ ਮਾਂ ਦਾ ਕੰਮ ਸੀ

ਇੱਕ ਦਿਨ ਪਤਾ ਨਹੀਂ
ਕਿਸ ਲੋਰ ਵਿੱਚ ਬੋਲ ਗਿਆ
ਪਤਨੀ ਦੇ ਪੱਖ ਵਿੱਚ ਕੁਝ
ਅੱਗਬਬੂਲਾ ਹੋ ਗਈ ਮਾਂ
ਸਾਰਾ ਕੰਮ ਇਸੇ ਤਬੀਤ ਦਾ ਹੈ
ਗੁੱਸੇ ਨਾਲ ਕੈਂਚੀ ਸੁੱਟੀ
ਅਤੇ ਤੁਰੰਤ ਤਬੀਤ ਨੂੰ
ਕੱਟਣ ਦਾ ਹੁਕਮ ਹੋਇਆ

ਆਗਿਆਕਾਰੀ ਪੁੱਤਰ ਦੱਸੇ ਗਏ
ਪੰਡਿਤ ਦੇ ਕੋਲ ਗਈ ਪਤਾ ਲਾਉਣ
ਕੀ ਹੈ ਇਸ ਤਬੀਤ ਵਿੱਚ
ਕੋਈ ਕੀ ਖਾ ਕੇ ਬਦਲ ਦੇਵੇਗਾ
ਕਿਸੇ ਦੀ ਕਿਸਮਤ ਕਿਸੇ ਦੀ ਹੋਣੀ
ਬਹੂ ਜਾਣਦੀ ਹੈ ਕਿ
ਜਿਸਦੇ ਨੌਂ ਗ੍ਰਹਿ ਖਰਾਬ ਹੋਣ
ਉਸਦਾ ਸਿਰਫ਼ ਮੰਗਲ ਠੀਕ ਹੋ ਕੇ ਵੀ
ਕੀ ਕਰ ਲਵੇਗਾ.....

### ਕੋਈ ਇੱਕ ਦਿਨ

ਉਨ੍ਹਾਂ ਨੇ ਦਿਨ ਵਿੱਚ ਨਹੀਂ ਸੁਣਾਈਆਂ
ਆਪਣੇ ਬੱਚਿਆਂ ਨੂੰ ਕਹਾਣੀਆਂ
ਕਿ ਰਾਹ ਨਾ ਭੁੱਲ ਜਾਏ ਮਾਮਾ
ਰੱਖੜੀ ਭਾਈ ਦੂਜ ਤੇ
ਨਹੀਂ ਮਿਲੇ ਭਰਾਵਾਂ ਨੇ ਕਿਹਾ
ਕਿ ਹਰ ਦਿਨ ਹੈ ਭੈਣ ਦਾ
ਤੇ ਭੈਣਾਂ ਸਾਲੋ ਸਾਲ
ਲਭਦੀਆਂ ਰਹੀਆਂ
ਭਰਾ ਦੇ ਜੀਵਨ ਵਿੱਚ
ਕੋਈ ਇੱਕ ਦਿਨ.....

### ਦੇਹ / ਇਪਸਿਤਾ ਸਾਰੰਗੀ

ਇੱਕ ਕੁੜੀ ਦੀ
ਦੇਹ ਜਾਂ ਮਨ ਦਾ ਮਨ ਨਹੀਂ ਹੁੰਦਾ
ਮਨ ਹੀ ਨਹੀਂ ਹੁੰਦਾ ਇੱਕ ਕੁੜੀ ਦਾ

ਜਨਮ ਤੋਂ ਅੰਤ ਤੱਕ
ਉਸਦਾ ਸਰੀਰ ਕਿੰਨਾ
ਕੱਜਿਆ ਰਹੇਗਾ ਕਿੰਨਾ ਨਗਨ
ਇਹ ਫੈਸਲਾ ਵੀ ਕੋਈ ਹੋਰ ਕਰਦਾ ਹੈ

ਕੁੜੀ ਦੇ ਸਰੀਰ ਤੇ ਵੀ
ਜੋਬਨ ਆਉਂਦਾ ਹੈ
ਗੀਤ ਗਾਏ ਉਹ ਵੀ
ਝੂਮਦੀ ਹੈ ਜੰਗਲੀ ਹਵਾ ਦੇ ਨਾਲ
ਸੁਪਨੇ ਸਜਾਉਂਦੀ ਹੈ
ਰੰਗ ਬਰੰਗੇ ਜੀਵਨ ਦਾ
ਪਰ ਖ਼ਿਆਲ ਵਿੱਚ ਹੀ ਸਿਰਫ਼
ਸਿਰਫ਼ ਮਨ ਹੀ ਮਨ

ਗੀਤ ਗੁਨਗੁਨਾਏ ਤਾਂ ਵੇਸਵਾ
ਨੱਚੇ ਤਾਂ ਨਟਨੀ
ਸੁਪਨੇ ਵਿੱਚ ਜੇ ਜਿਉਣ ਲੱਗੇ ਤਾਂ
ਸ਼ੰਕਾਵਾਂ ਅਨੇਕ

ਸ਼ੰਕਾਵਾਂ ਨਾਲ ਡਰਾਂ ਨਾਲ
ਬੰਨ੍ਹ ਦਿੱਤਾ ਜਾਂਦਾ ਹੈ
ਕੁੜੀ ਦਾ ਸਰੀਰ

ਜਦੋਂ ਕਦੇ ਉਸਦੇ ਸਰੀਰ ਨੂੰ
ਆਪਣੇ ਅਧਿਕਾਰ ਵਿੱਚ
ਲੈ ਲੈਂਦਾ ਹੈ ਕੋਈ ਜਾਦੂਗਰ
ਉਦੋਂ ਉਸਦਾ ਸਰੀਰ
ਪਾਟੇ ਹੋਏ ਗਦੇਲੇ ਵਾਂਗ
ਘਸੀਟਿਆ ਜਾਂਦਾ ਹੈ ਇਧਰ ਉਧਰ
ਵਾਰ ਵਾਰ
ਕੁੜੀ ਦਾ ਸਰੀਰ ਸੁੰਦਰ
ਅਣਚਾਹਿਆ ਦੁਤਕਾਰਿਆ
ਇੱਕ ਮਹਾਕਾਲ ਫਲ.....।

ਅਨੁ. ਅ.ਕ.



## ਵੰਗਾਰ / ਪ੍ਰਭਜੋਤ ਸੋਹੀ

ਮੇਰੇ ਪਿੰਡ ਦੇ
ਬੱਚਿਉ..ਨੌਜਵਾਨ ਦੋਸਤੋ..
ਮੈਂ ਜਾਣਦੈਂ ਕਿ ਤੁਸੀਂ
ਧਰ ਰਹੇ ਹੋ ਜਵਾਨੀ 'ਚ ਪੈਰ
ਹੌਲੀ-ਹੌਲੀ
ਕੁਝ ਇਕ ਭਰ ਜਵਾਨ ਵੀ ਨੇ
ਤੁਹਾਡੇ ਵਿੱਚੋਂ...
ਤੁਸੀਂ ਵੇਖਦੇ ਹੋ ਰੰਗੀਨ ਸੁਪਨੇ
ਸ਼ੀਸ਼ੇ 'ਚ ਤੱਕਦੇ ਹੋ
ਚਿਹਰਾ ਆਪਣਾ ਵਾਰ ਵਾਰ...
ਅੰਤਾਂ ਦਾ ਹੌਸਲਾ
ਸਿਰੇ ਦਾ ਜੋਸ਼ ਅੰਨੀ ਤਾਕਤ ਤੇ
ਚੜ੍ਹਦੀ ਕਲਾ
ਜਵਾਨੀ ਦੇ ਲਖਾਇਕ ਨੇ ਤੇ
ਹੋਣੇ ਵੀ ਚਾਹੀਦੇ ਨੇ
ਪਰ ਦੋਸਤੋ ਮੋਢਿਆਂ ਉਤੋਂ ਦੀ
ਥੁੱਕਣ ਦੀ ਉਮਰ
ਜਿੰਨੀ ਬੇਪਰਵਾਹ ਹੁੰਦੀ ਹੈ
ਉਨੀ ਹੀ ਲਾਪਰਵਾਹ ਵੀ...
ਉਸ ਨੂੰ ਛੇਤੀ ਕੀਤਿਆਂ
ਸਮਝ ਨਹੀਂ ਆਉਂਦਾ
ਸਰੂਰ ਤੇ ਫਿਤੂਰ ਵਿਚਲਾ ਫ਼ਰਕ
ਇਸ ਅੱਥਰੀ ਅਵੱਸਥਾ 'ਚ
ਪੱਲੇ ਨੀ ਪੈਂਦੀਆਂ
ਦੁਸ਼ਮਣ ਦੀਆਂ ਸ਼ਤਰੰਜੀ ਚਾਲਾਂ
ਦੁਸ਼ਮਣ ਜੋ ਬੇਹੱਦ ਸ਼ਾਤਿਰ ਹੈ
ਦੁਸ਼ਮਣ ਜੋ ਬੇਹੱਦ ਘਾਤਕ ਹੈ
ਦੁਸ਼ਮਣ ਜੋ ਬੇਹੱਦ ਹਰਾਮੀ ਵੀ ਹੈ
ਕਿਉਂਕਿ ਓਹ ਪਰਦੇ ਪਿਛੋਂ
ਖੇਡਦੈ ਆਪਣੀ ਘਿਨਾਉਣੀ ਖੇਡ
ਤੇ ਤੁਹਾਨੂੰ ਪਤਾ ਵੀ ਨੀ ਲੱਗਦਾ
ਕਦ ਤੁਸੀਂ
ਬਣ ਜਾਂਦੇ ਹੋ ਉਸਦੀਆਂ ਚਾਲਾਂ ਦੇ
ਮੋਹਰੇ ਮਹਿਜ਼...
ਕਦ ਤੁਹਾਡੇ ਹੱਥਾਂ 'ਚ ਫੜ੍ਹੇ
ਮੋਬਾਈਲ ਫੋਨ ਬਣ ਜਾਂਦੇ ਨੇ
ਉਸਦੇ ਹਥਿਆਰ
ਕਦ ਘਰੇ ਬੈਠਕ 'ਚ ਟੀ.ਵੀ
ਦੇਖਦੇ ਦੇਖਦੇ
ਤੁਹਾਡੀਆਂ ਨਸਾਂ 'ਚ ਪ੍ਰਵੇਸ਼ ਕਰ ਜਾਂਦੈ



ਉਸਦਾ ਤਕਨੀਕੀ ਜ਼ਹਿਰ
ਪਿਆਰੇ ਨੌਜਵਾਨੋ
'ਨੱਚਣ ਕੁੱਦਣ ਮਨ ਕਾ ਚਾਉ' ਹੈ
ਜ਼ਰੂਰ ਹੈ...ਪਰ
ਨੱਚਣ ਕੁੱਦਣ ਲਈ ਵਰਤੇ ਜਾਂਦੇ
ਨੰਗੇ ਬੋਲ ਤੇ ਭੜਕਾਊ ਸੰਗੀਤ
ਕਦ ਤੁਹਾਡੀ ਮੱਤ
ਤੁਹਾਡਾ ਵਿਵੇਕ
ਤੁਹਾਡੀ ਚੇਤਨਾ
ਵਰਗਲ੍ਹਾ ਲੈਂਦਾ ਹੈ
ਤੁਸੀਂ ਕਿਆਸ ਵੀ ਨਹੀਂ ਕਰ ਸਕਦੇ...
ਪੈਂਤੀ ਕੁ ਕਿਲੋ ਭਾਰ ਵਾਲਾ
ਅਖੌਤੀ ਲੋਕ ਗਾਇਕ ਜਦ
ਕਾਨਿਆਂ ਵਰਗੇ ਪੱਟਾਂ ਤੇ ਹੱਥ
ਮਾਰ ਕੇ ਸੱਥ 'ਚ ਸੱਥਰ
ਵਿਛਾਉਣ ਦੀ ਗੱਲ ਕਰਦੈ
ਤਾਂ ਸੱਚੀਂ ਦੱਸਿਉ...
ਤੁਹਾਨੂੰ ਹਾਸਾ ਨੀ ਆਉਂਦਾ

ਮੈਨੂੰ ਪਤੈ ਨਹੀਂ ਆਉਂਦਾ
ਸਗੋਂ ਤੁਸੀਂ ਤਾਂ ਉਸਦੇ
ਸ਼ਬਦ ਜਾਲ੍ਹ 'ਚ ਫਸ
ਆਪਣੇ ਆਪ ਨੂੰ ਅਖੌਤੀ ਜੱਟਵਾਦ ਦੇ
'ਭਰਮਾਊ ਕਿਰਦਾਰ' 'ਚ
ਲੈਂਦੇ ਹੋ ਢਾਲ੍ਹ
ਤੇ ਜਦੇ ਹੀ ਸਫ਼ਲ ਹੋ ਜਾਂਦੀ ਹੈ
ਤੁਹਾਡੇ ਦੁਸ਼ਮਣ ਦੀ ਸ਼ਤਰੰਜੀ ਚਾਲ...
ਤੇ ਫਿਰ ਤੁਹਾਡੇ 'ਚੋਂ ਕੋਈ
ਗਰੀਬ ਪਿਉ ਦੀ ਸੰਘੀ 'ਚ ਗੂਠਾ ਦੇ
ਕੇ ਲੈ ਲੈਂਦੈ ਬੁਲਟ
ਤੇ ਵਜਾਉਂਦੈ ਪਟਾਕੇ

ਤੇ ਕੋਈ ਸੱਥ 'ਚ
ਲੜਾਈ ਮੁੱਲ ਲੈ
ਠਾਣਿਆਂ 'ਚ ਰੋਲ੍ਹਦੈ
ਦਾਨੇ ਸਾਨੇ ਬਾਪ ਦੀ ਦਾੜ੍ਹੀ...
ਇਹ ਗੰਦਾ ਤੇ ਉਕਸਾਊ
ਲਿਖਣ ਤੇ ਗਾਉਣ ਵਾਲ੍ਹੇ
ਦੁਸ਼ਮਣ ਦੇ ਪਿਆਦੇ ਨੇ
ਜਿਨ੍ਹਾ ਲਈ ਸਿਹਤਮੰਦ,
ਉਸਾਰੂ ਤੇ ਕ੍ਰਾਂਤੀਕਾਰੀ ਗੀਤ
ਹੁਣ ਬੇਰਿਵਾਜ਼ੇ ਨੇ...
ਅੱਜ ਤੁਹਾਡਾ ਪੰਜਾਬ ਇੱਕ
ਬੇਹੱਦ ਮੁਸ਼ਕਿਲ ਘੜੀ ਚੋਂ ਰਿਹੈ ਗੁਜ਼ਰ
ਤੇ ਕਰ ਰਿਹੈ ਭਾਲ੍ਹ
ਕਿਸੇ ਭਗਤ ਸਿੰਘ ਵਰਗੇ ਨਾਇਕ ਦੀ

ਹਾਂ ਭਗਤ ਸਿੰਘ ਜੋ
ਕਦੇ ਕੋਈ ਤੁਹਾਡੇ ਚੋਂ ਹੀ ਉਠੇਗਾ
ਜਿਸਨੂੰ ਪਿਉ ਦੀ ਦਾੜ੍ਹੀ
ਤੇ ਭੈਣਾਂ ਦੀ ਚੁੰਨੀ ਦੀ
ਹੋਵੇਗੀ ਸ਼ਰਮ ਜਿਸਨੂੰ
ਸਰੂਰ ਤੇ ਫਿਤੂਰ ਵਿਚਲੇ
ਫ਼ਰਕ ਦਾ ਹੋਵੇਗਾ ਭਲੀਭਾਂਤ ਪਤਾ...
ਜ਼ੋ ਚੂਲ੍ਹਾਂ ਹਿਲਾ ਕੇ ਰੱਖ ਦੇਵੇਗਾ
ਸਿਰਫ ਮੁਨਾਫੇ ਤੇ ਕੇਂਦਰਿਤ
ਇਸ ਲੋਟੂ ਨਿਜ਼ਾਮ ਦੀਆਂ...
ਐ ਬੱਚਿਉ
ਐ ਨੌਜਵਾਨ ਮਿੱਤਰੋ
ਆਪਣੇ ਅੰਦਰਲੇ ਨਾਇਕ ਨੂੰ
ਜਗਾਉਣ ਦਾ ਵੇਲ੍ਹਾ ਹੈ ਹੁਣ...
ਆਪਣੀਆਂ ਕਮਜ਼ੋਰੀਆਂ ਤੇ ਕਾਬੂ
ਪਾਉਣ ਦਾ ਵੇਲ੍ਹਾ ਹੈ ਹੁਣ...
ਹੁਣ ਫੈਸਲੇ ਦੀ ਘੜੀ ਹੈ
ਤੇ ਬੱਸ ਇਕੋ ਹੀ ਅੜੀ ਹੈ ਕਿ
ਕਿਸੇ ਦੇ ਹੱਥਾਂ ਦੀ ਕੱਠਪੁੱਤਲੀ
ਨਹੀਂ ਬਣਨਾਂ ਅਸੀਂ
ਸੁਹਣੀ ਸਿਹਤ ਤੇ ਸੁਚੇ ਵਿਚਾਰ ਲੈ ਕੇ
ਹੱਕ ਸੱਚ ਦੇ ਨਾਲ ਹੈ ਖੜਨਾਂ
ਅਸੀਂ...
ਹੱਕ ਸੱਚ ਦੇ ਨਾਲ ਹੈ ਖੜਨਾਂ ਅਸੀਂ।

ਕਹਾਣੀ

# ਸੇਕ / ਸੁਖਵਿੰਦਰ ਸਿੰਘ ਢਿੱਲੋਂ



ਮਹਿੰਦਰ ਕੌਰ ਘਰ ਦੇ ਚੁੱਲ੍ਹੇ 'ਤੇ ਕੰਮ ਕਰਦੀ-ਕਰਦੀ ਆਲੇ-ਦੁਆਲੇ ਨੂੰ ਇਉਂ ਝਾਕ ਰਹੀ ਸੀ ਜਿਵੇਂ ਕਿਸੇ ਦੀ ਉਡੀਕ ਕਰਦੀ ਹੋਵੇ। ਕਦੇ ਘਰ ਦੇ ਗੇਟ ਵੱਲ ਵੇਖਦੀ ਤੇ ਕਦੇ ਵਰਾਂਡੇ 'ਚ ਲੱਗੇ ਟਾਈਮ ਪੀਸ ਤੋਂ ਟਾਈਮ ਦੇਖਦੀ। ਐਤਵਾਰ ਹੋਣ ਕਰਕੇ ਜਵਾਕਾਂ ਦਾ ਸਕੂਲ ਅੱਜ ਬੰਦ ਸੀ। ਇਸ ਕਰਕੇ ਉਹ ਦਿਨ ਚੜ੍ਹਨ ਤੱਕ ਬੇਫਿਕਰੀ ਨਾਲ ਸੁੱਤੇ ਪਏ ਸਨ ਤੇ ਨਾਜਰ ਸਿੰਘ ਉਹਦਾ ਘਰਵਾਲਾ, ਸਾਝਰੇ ਦਾ ਕਣਕ ਭਰਨ ਗਿਆ ਹੋਇਆ ਸੀ।

ਮਹਿੰਦਰ ਕੌਰ ਬੇਧਿਆਨੀ ਜਿਹੀ ਨਾਲ ਵਿਹੜੇ ਵਿੱਚ ਕੰਮ ਕਰਦੀ ਫਿਰ ਰਹੀ ਸੀ। ਅਸਲ ਧਿਆਨ ਉਹਦਾ ਕਿਸੇ ਹੋਰ ਪਾਸੇ ਸੀ। ਨਾਲ ਦੀ ਕੰਧ ਉਹਦੇ ਦਿਉਰ ਭਾਵ ਨਾਜਰ ਸਿੰਘ ਦੇ ਛੋਟੇ ਭਾਈ ਮੇਜਰ ਨਾਲ਼ ਸਾਂਝੀ ਹੈ। ਉਹ ਵਿਹੜੇ 'ਚ ਕੰਮ ਕਰਦੀ-ਕਰਦੀ ਕਈ ਵਾਰ ਚੋਰਾਂ ਵਾਂਗ ਕੰਧ ਉੱਤੇ ਦੀ ਦੂਜੇ ਪਾਸੇ ਨਿਗ੍ਹਾ ਮਾਰ ਚੁੱਕੀ ਸੀ। ਵਿਹੜੇ ਵਿੱਚ ਕੋਈ ਹਲਚਲ ਨਹੀਂ ਸੀ ਪਰ ਫੇਰ ਵੀ ਉਹ ਆਪਣੇ ਮਨ ਨੂੰ ਧਰਵਾਸ ਦੇਣ ਖਾਤਰ ਥੋੜ੍ਹੀ ਦੇਰ ਬਾਅਦ ਵਿਹੜੇ ਵਿੱਚ ਝਾਤੀ ਮਾਰ ਹੀ ਲੈਂਦੀ। ਨਾਲ ਦੇ ਘਰ ਝਾਤੀ ਮਾਰਨਾ ਮਹਿੰਦਰ ਕੌਰ ਦੀ ਆਦਤ ਸੀ। ਦੂਜੇ ਪਾਸੇ ਝਾਤੀ ਮਾਰਨ ਕਰਕੇ ਹੀ ਮਹਿੰਦਰ ਕੌਰ ਦੀ ਨਬਜ਼ ਸਹੀ ਚਲਦੀ ਸੀ।

ਝਾਤੀ ਮਾਰਨ ਦਾ ਅਸਲ ਕਾਰਨ ਇਹ ਸੀ ਕਿ ਉਹਦੀ ਦਰਾਣੀ ਦੇ ਜਵਾਕ ਹੋਣ ਵਾਲਾ ਸੀ। ਸਵੇਰੇ ਤਿੰਨ ਕੁ ਵਜੇ ਜਦੋਂ ਉਹਨੂੰ ਹਸਪਤਾਲ ਲੈ ਕੇ ਜਾਣ ਲੱਗੇ ਤਾਂ ਮਹਿੰਦਰ ਕੌਰ ਦੀ ਖੜਕੇ ਨਾਲ ਜਾਗ ਖੁੱਲ੍ਹ ਗਈ ਸੀ ਜਾਂ ਇਹ ਵੀ ਮੰਨ ਸਕਦੇ ਹਾਂ ਕਿ ਉਹ ਬਿੜਕਾਂ ਲੈਣ ਦੀ ਮਾਰੀ ਸੁੱਤੀ ਹੀ ਨਾ ਹੋਵੇ। ਉਹਨੇ ਸਾਰਾ ਕੁਝ ਕੰਧ ਨਾਲ ਕੰਨ ਲਾ ਕੇ ਸੁਣ ਲਿਆ ਸੀ। ਅੱਗੇ ਵੀ ਉਹ ਇੱਦਾਂ ਹੀ ਕੰਧ ਨਾਲ ਕੰਨ ਲਾ ਕੇ ਉਧਰਲੀਆਂ ਗੱਲਾਂ ਸੁਣਦੀ ਰਹਿੰਦੀ ਸੀ। ਦਿਨ ਵਿੱਚ ਤਾਂ ਕਈ ਵਾਰ ਗੱਲ ਪੂਰੀ ਨਾ ਸੁਣਦੀ ਪਰ ਟਿਕੀ ਰਾਤ ਵਿੱਚ ਉਹਨੇ ਆਪਣੀ ਦਰਾਣੀ ਤੇ ਉਹਦੀ ਮਾਂ ਦੀਆਂ ਗੱਲਾਂ ਪੂਰੇ ਧਿਆਨ ਨਾਲ ਸੁਣੀਆਂ ਸਨ। ਗੱਲਾਂ ਸੁਣਨ ਵੇਲੇ ਮਹਿੰਦਰ ਕੌਰ ਜਮਾਂ ਉਵੇਂ ਹੀ ਸ਼ਹਿ ਕੇ ਬੈਠਦੀ ਜਿਵੇਂ ਸ਼ਿਕਾਰ ਵੇਲੇ ਬਿੱਲੀ ਕਰਦੀ ਹੈ। ਨਾਲੇ ਇਹੋ ਜਿਹੀਆਂ ਗੱਲਾਂ ਨੂੰ ਸੁਣਨ ਲਈ ਤਾਂ ਉਹਦੇ ਕੰਨਾਂ ਦੀ ਸ਼ਕਤੀ ਵੀ ਦੂਣੀ ਹੋ ਜਾਂਦੀ ਸੀ। ਪਿੰਡ ਵਿੱਚ ਗੱਲ ਮਸ਼ਹੂਰ ਸੀ ਕਿ ਮਹਿੰਦਰ ਕੁਰ ਤਾਂ ਚੁਗਲੀ ਸੁਣ ਕੇ ਮਰੀ ਪਈ ਵੀ ਜਿਉਂਦੀ ਹੋ ਸਕਦੀ ਹੈ। ਕਈ ਤੀਵੀਂਆਂ ਤਾਂ ਇਹ ਵੀ ਕਹਿੰਦੀਆਂ ਕਿ ਮਹਿੰਦਰ ਕੌਰ ਨੂੰ ਜੇ ਚਾਰ ਡੰਗ ਰੋਟੀ-ਪਾਣੀ ਨਾ ਮਿਲੇ ਤਾਂ ਵੀ ਉਹ ਮਰਦੀ ਨਹੀਂ ਪਰ ਜੇ ਚੁਗਲੀ ਨਾ ਸੁਣੇ ਤਾਂ ਦਿਹਾੜੀ ਨੀ ਕੱਢਦੀ।

ਜਦ ਉਹਦੀ ਦਰਾਣੀ ਦੀ ਮਾਂ ਇਹ ਕਹਿ ਕੇ ਸਮਾਨ ਗੱਡੀ ਵਿੱਚ ਰੱਖਣ ਲੱਗੀ ਕਿ, 'ਹੇ ਸੱਚੇ ਪਾਸ਼ਾ! ਐਰਕੀਂ ਮਿਹਰ ਕਰਦੀਂ, ਮੇਰੀ ਧੀ ਨੂੰ ਕੋਈ ਚੰਗੀ ਚੀਜ ਬਖਸ਼ ਦੇ, ਗਾਹਾਂ ਨੂੰ ਮੇਰੇ ਜਮਾਈ ਦਾ ਬਾਰ ਬੀ ਖੁੱਲ੍ਹਾ ਰਹੇ'। ਇਹਨਾਂ ਗੱਲਾਂ ਤੋਂ ਮਹਿੰਦਰ ਕੌਰ ਨੇ ਅੰਦਾਜ਼ਾ ਲਾ ਲਿਆ ਸੀ ਕਿ ਹੋਣਾ ਤਾਂ ਅਪਰੇਸ਼ਨ ਹੀ ਹੈ। ਜਵਾਕ ਵੀ ਅੱਜ ਹੀ ਹੋਊ। ਇਸੇ ਕਰਕੇ ਉਹਨੂੰ ਅਚਵੀ ਜਿਹੀ ਲੱਗੀ ਹੋਈ ਸੀ।

ਉਹਦੀ ਦਰਾਣੀ ਕੋਲ ਪਹਿਲਾਂ ਹੀ ਤਿੰਨ ਕੁੜੀਆਂ ਸਨ। ਇੱਕ ਛੇ ਕੁ ਸਾਲ ਦੀ ਤੇ ਦੋ ਜੌੜੀਆਂ। ਜੌੜੀਆਂ ਕੁੜੀਆਂ ਦੇ ਜਨਮ ਲੈਣ ਤੱਕ ਦੋਹੇ ਟੱਬਰ ਘਿਓ-ਖਿਚੜੀ ਸਨ ਪਰ ਇੱਕ ਦਿਨ ਉਹਦੀ ਦਰਾਣੀ ਜਦੋਂ ਆਪਣੀ ਮਾਂ ਕੋਲ ਬੈਠੀ ਗੱਲਾਂ ਕਰਦੀ ਕਹਿਣ ਲੱਗੀ ਕਿ, 'ਮੰਮੀ ਹੁਣ ਤਾਂ ਸਾਨੂੰ ਧੀਆਂ ਹੀ ਬਥੇਰੀਆਂ ਨੇ, ਕੀ ਲੈਣੈ ਮੁੰਡਿਆਂ ਤੋਂ, ਹਿੱਸੇ ਬਹਿੰਦੀ ਜਮੀਨ ਸਾਰੀਆਂ ਨੂੰ ਦੇ ਦਾਂਗੇ, ਮੈਨੂੰ ਤਾਂ ਇਹ ਕੁੜੀਆਂ ਮੁੰਡਿਆਂ ਵਰਗੀਆਂ ਹੀ ਨੇ, ਵਧੀਆ ਪੜ੍ਹਾਮਾਂਗੇ, ਮੁੰਡਿਆਂ ਮਾਂਗ ਸਹਾਰਾ ਬਣਨਗੀਆਂ'। ਜਦ ਇਹ ਗੱਲ ਮਹਿੰਦਰ ਕੌਰ ਨੂੰ ਪਤਾ ਲੱਗੀ ਤਾਂ ਉਹਦੇ ਕਾਲਜੇ ਅੱਗ ਦੇ ਭਾਂਬੜ ਮੱਚ ਗਏ। ਇਹ ਗੱਲ ਸੁਣਦੇ ਸਾਰ ਉਹਦੀ ਹਾਲਤ ਇਉਂ ਸੀ ਕਿ ਜੇ ਉਹ ਮੂੰਹ ਖੋਲ੍ਹਦੀ ਤਾਂ ਦੈਂਤਾਂ ਵਾਂਗ ਅੱਗ ਦੀ ਲਾਟ ਦੂਰ ਤੱਕ ਜਾਂਦੀ ਤੇ ਉਹਦੀ ਦਰਾਣੀ ਸਮੇਤ ਅੱਧਾ ਪਿੰਡ ਫੂਕ ਦਿੰਦੀ। ਉਹਨੇ ਸੋਚਿਆ ਜੇ ਜ਼ਮੀਨ ਮੇਰੇ ਦੋਹੇ ਮੁੰਡਿਆਂ ਨੂੰ ਦੇਣ ਦੀ ਗੱਲ ਕਰਦੇ ਤਾਂ ਠੀਕ ਸੀ ਪਰ ਹੁਣ ਤਾਂ ਬਾਜੀ ਉਲਟੀ ਪੈ ਗਈ ਸੀ।

ਬੱਸ ਉਸ ਦਿਨ ਤੋਂ ਮਗਰੋਂ ਘਰ ਵਿੱਚ ਇਹੋ ਜਿਹਾ ਕਲੇਸ਼ ਛਿੜਿਆ ਕਿ ਘਰ ਦੇ ਵਿਚਾਲੇ ਕੰਧ ਕਰਨ ਦੀ ਨੌਬਤ ਆ ਪਹੁੰਚੀ। ਨਾਜਰ ਤੇ ਮੇਜਰ ਸਿੰਘ ਦਾ ਆਪਸ ਵਿੱਚ ਬਹੁਤ ਪਿਆਰ ਸੀ ਪਰ ਮਹਿੰਦਰ ਕੌਰ ਦੀਆਂ ਚੱਕਵੀਆਂ ਗੱਲਾਂ ਤੇ ਬਹੁਤੀਆਂ ਸੱਚੀਆਂ-ਝੂਠੀਆਂ ਮੂਹਰੇ ਉਹਦਾ ਦਿਮਾਗ ਵੀ ਬੰਦ ਹੋ ਗਿਆ। ਨਾਲੇ ਜਿੱਥੇ ਜ਼ਮੀਨ ਦੀ ਗੱਲ ਚਲਦੀ ਹੋਵੇ ਉਥੇ ਜੱਟ ਦਿਮਾਗ ਤੋਂ ਸੋਚਣਾ ਬੰਦ ਕਰ ਦਿੰਦਾ ਹੈ। ਜ਼ਮੀਨ ਪਿੱਛੇ ਤਾਂ ਆਪਣੇ ਜੰਮਣ ਵਾਲਿਆਂ ਨੂੰ ਨੀ ਬਖਸ਼ਦਾ। ਫੇਰ ਆਹ ਭਾਈ-ਭੈਣ ਤੇ ਚਾਚੇ-ਤਾਏ ਤਾਂ ਬਹੁਤ ਛੋਟੀਆਂ ਗੱਲਾਂ ਨੇ। ਹੁਣ ਤਾਂ ਨਾਜਰ ਤੇ ਮੇਜਰ ਦਾਰੂ ਵੀ ਅੱਡ-ਅੱਡ ਪੀਂਦੇ। ਦੂਰੀਆਂ ਵਧਦੀਆਂ ਗਈਆਂ ਤੇ ਅਖੀਰ ਨੂੰ ਖੇਤਾਂ ਵਿਚਾਲੇ ਪੱਕੀਆਂ ਵੱਟਾਂ ਤੇ ਘਰਾਂ ਵਿਚਾਲੇ ਪੱਕੀਆਂ ਕੰਧਾਂ ਨਿਕਲ ਗਈਆਂ।

ਅੱਡ ਹੋਣ ਤੋਂ ਮਗਰੋਂ ਨਾਜਰ ਵੱਡਾ ਹੋਣ ਕਰਕੇ ਕਈ ਵਾਰ ਦਾਰੂ ਪੀ ਕੇ ਮੇਜਰ ਤੇ ਉਹਦੀ ਕਬੀਲਦਾਰੀ ਬਾਰੇ ਸੋਚਦਾ ਪਰ ਉਹਦੀ ਘਰਵਾਲੀ ਦਾਰੂ ਕਾਰਨ ਘਟੇ ਹੋਏ ਜ਼ਹਿਰ ਨੂੰ ਹੋਰ

ਭਰ ਦਿੰਦੀ। ਉਹ ਜ਼ਮੀਨ ਬਾਰੇ ਪੰਜ-ਸੱਤ ਇਹੋ ਜਿਹੀਆਂ ਜ਼ਹਿਰੀਆਂ ਗੱਲਾਂ ਕਰਦੀ ਕਿ ਨਾਜਰ ਸਿੰਘ ਦਾ ਗੁੱਸਾ ਫੇਰ ਤਾਹਾਂ ਚੜ੍ਹ ਜਾਂਦਾ। ਜਿਹੜੇ ਭਰਾ ਪਹਿਲਾਂ ਘਿਓ-ਸ਼ੱਕਰ ਰਹਿੰਦੇ ਸੀ ਹੁਣ ਗੱਲ-ਗੱਲ 'ਤੇ ਲੜਨ-ਮਰਨ ਨੂੰ ਫਿਰਦੇ। ਮੇਜਰ ਦੀ ਘਰਵਾਲੀ ਪੜ੍ਹੀ-ਲਿਖੀ ਹੋਣ ਕਾਰਨ ਮੁੰਡੇ-ਕੁੜੀ ਵਿੱਚ ਬਹੁਤਾ ਫਰਕ ਨਾ ਸਮਝਦੀ ਪਰ ਮੇਜਰ 'ਤੇ ਉਹਦੀ ਮਾਂ ਇਸ ਗੱਲ ਦੇ ਵਿਰੋਧੀ ਸਨ। ਉਹਨਾਂ ਨੂੰ ਤਾਂ ਬੱਸ ਮੁੰਡਾ ਚਾਹੀਦਾ ਸੀ ਭਾਵੇਂ ਕਿਸੇ ਵੀ ਤਰੀਕੇ। ਇਸ ਕਰਕੇ ਮੇਜਰ ਦੀ ਘਰਵਾਲੀ ਨੇ ਹਾਰ ਕੇ ਅੱਕ ਚੱਬਿਆ ਤੇ ਚੌਥੇ ਜਵਾਕ ਦੀ ਮਾਂ-ਬਣਨ ਵਾਲੀ ਸੀ।

ਮੇਜਰ ਦੇ ਸਾਰੇ ਟੱਬਰ ਦਾ ਇਸ ਗੱਲ 'ਤੇ ਜ਼ੋਰ ਲੱਗਾ ਸੀ ਕਿ ਐਤਕੀ ਮੁੰਡਾ ਹੀ ਹੋਵੇ ਤੇ ਉਧਰ ਮਹਿੰਦਰ ਕੌਰ ਦਿਨ-ਰਾਤ ਇਹ ਸੁੱਖਾਂ-ਸੁੱਖਦੀ ਕਿ ਉਹਨਾਂ ਦੇ ਇਸ ਵਾਰ ਵੀ ਕੁੜੀ ਹੋਵੇ। ਕਾਫੀ ਸਮੇਂ ਤੋਂ ਦੋਹਾਂ ਘਰਾਂ ਦੀ ਆਪਸੀ ਬੋਲਚਾਲ ਤੇ ਵਰਤ-ਵਿਹਾਰ ਵੀ ਬੰਦ ਸੀ। ਪਹਿਲਾਂ ਮੇਜਰ ਦੀਆਂ ਕੁੜੀਆਂ ਖੇਡਣ ਆ ਜਾਂਦੀਆਂ ਸਨ ਪਰ ਕੁਝ ਮਹੀਨਿਆਂ ਤੋਂ ਉਹਨਾਂ ਦਾ ਆਉਣਾ ਵੀ ਬੰਦ ਸੀ।

ਨੌਂ ਵੱਜਣ ਵਾਲੇ ਹੋ ਗਏ ਸਨ। ਕੋਈ ਖ਼ਬਰ ਨਹੀਂ ਪਤਾ ਲੱਗ ਰਹੀ ਸੀ। ਸਾਂਝੀ ਨੂੰ ਨਾਜਰ ਦੀ ਰੋਟੀ ਦੇ ਕੇ ਮਹਿੰਦਰ ਕੌਰ ਨੂੰ ਘਰ ਵਿੱਚ ਟਿਕ ਕੇ ਬਹਿਣਾ ਔਖਾ ਹੋ ਗਿਆ। ਉਹਨੇ ਸਾਰੇ ਅਨੁਮਾਨ ਜਿਹੇ ਲਾ ਕੇ ਪੱਕਾ ਸੋਚ ਲਿਆ ਸੀ ਕਿ ਹੁਣ ਤੱਕ ਤਾਂ ਅਪ੍ਰੇਸ਼ਨ ਹੋ ਗਿਆ ਹੋਵੇਗਾ। ਇਹ ਗੱਲ ਸੋਚ ਕੇ ਉਸ ਨੇ ਤੁਰੀ ਜਾਂਦੀ ਨੇ ਹੀ ਪੈਰਾਂ 'ਚ ਰਬੜ ਦੇ ਬੂਟ ਪਾਏ, ਕਿੱਲੇ ਤੋਂ ਸ਼ਾਲ ਦੀ ਬੁੱਕਲ ਮਾਰੀ ਤੇ ਗਲੀ ਵਿੱਚ ਨੂੰ ਹੋ ਤੁਰੀ। ਉਹਨੇ ਆਪਣੀ ਹਮਾਇਤਣ ਤਾਰੋ ਬਾਹਮਣੀ ਕੋਲ ਜਾਣ ਬਾਰੇ ਸੋਚਿਆ। ਮਹਿੰਦਰ ਕੌਰ ਤੋਂ ਬਾਅਦ ਤਾਰੋ ਹੀ ਸੀ ਜਿਹਨੂੰ ਹਰ ਭੇਤ ਦਾ ਪਤਾ ਹੁੰਦਾ ਸੀ ਕਿਉਂਕਿ ਤਾਰੋ ਦੋਹਾਂ ਘਰਾਂ ਦੇ ਆਉਂਦੀ-ਜਾਂਦੀ ਸੀ ਨਾਲੇ ਚੁਗਲੀ ਵਿੱਚ ਤਾਰੋ ਵੀ ਅੱਵਲ ਦਰਜੇ ਦੀ ਸੁਨਹਿਰੀ ਤਗਮਾ ਜੇਤੂ ਖਿਡਾਰਨ ਸੀ ਤੇ ਮਹਿੰਦਰ ਕੌਰ ਪਦਮ-ਭੂਸ਼ਨ।

ਜਦ ਮਹਿੰਦਰ ਕੌਰ ਆਪਣੇ ਘਰ ਦਾ ਮੋੜ ਮੁੜੀ ਤਾਂ ਉਧਰੋਂ ਤਾਰੋ ਵੀ ਤੁਰੀ ਆਉਂਦੀ ਦਿਸੀ। ਜਦ ਤਾਰੋ ਨੇ ਮਹਿੰਦਰ ਕੌਰ ਨੂੰ ਦੇਖਿਆ ਤਾਂ ਉਹ ਉਦੋਂ ਹੀ ਸਮਝ ਗਈ ਕਿ ਉਹਦੀ ਸਹੇਲੀ ਕੀ ਕਰਨ ਆਈ ਸੀ? ਜਦ ਤਾਰੋ ਜਮਾਂ ਮਹਿੰਦਰ ਕੌਰ ਦੇ ਨੇੜੇ ਆਈ ਤਾਂ ਉਹਨੇ ਬਿਨਾ ਸਤ-ਪਸੱਤ ਤੋਂ ਸਿੱਧੀ ਕੰਮ ਦੀ ਗੱਲ ਕਹੀ, 'ਕੁੜੀ ਹੋਈ ਆ, ਮੈਂ ਤਾਂ ਤੈਨੂੰ ਦੱਸਣ ਈ ਆਉਂਦੀ ਤੀ, ਬੱਸ ਘਰ ਦੇ ਕੰਮਾਂ ਨੇ ਬਿਹਲ ਨੀ ਦੱਤੀ, ਪਤਾ ਤਾਂ ਮੈਨੂੰ ਕੱਦਾ ਲੱਗ ਗਿਆ ਤੀ, ਮੈਂ ਸੋਚਿਆ ਸ਼ੈਦ ਤੈਨੂੰ ਬੀ ਐਧਰੋਂ-ਉਧਰੋਂ ਪਤਾ ਲੱਗ ਈ ਗਿਆ ਹੋਊ'। ਤਾਰੋ ਦੀ ਗੱਲ ਸੁਣ ਕੇ ਮਹਿੰਦਰ ਕੌਰ ਦੇ ਦਿਲ ਦੀਆਂ ਹੋ ਗਈਆਂ। ਉਹਦੇ ਤੋਂ ਆਪਣੀ ਖੁਸ਼ੀ ਸਾਂਭੀ ਨੀ ਜਾਂਦੀ ਸੀ।

'ਮੈਨੂੰ ਤਾਂ ਪਤਾ ਈ ਤਾ ਬੀ ਹੋਣੀ ਤਾਂ ਕੁੜੀ ਓ ਆ, ਮੈਂ ਤਾਂ ਉਹਦੀ ਰੂਹ ਦੇਖ ਕੇ ਨਿਆਣਿਆਂ ਦੇ ਭਾਪੇ ਨੂੰ ਬੀ ਕਈ ਬਾਰ ਕਿਹਾ ਤੀ' ਮਹਿੰਦਰ ਕੌਰ ਤਾਰੋ ਨੂੰ ਇੱਦਾਂ ਸਮਝਾ ਰਹੀ ਸੀ ਜਿਵੇਂ ਸੱਚੀਂ ਕੋਈ ਨਜੂਮੀ ਹੋਵੇ। ਦੋਹਾਂ ਨੇ ਰਾਹ ਵਿੱਚ ਖੜ੍ਹ ਕੇ ਹੀ ਇੱਕ-ਦੋ ਗੱਲਾਂ ਹੋਰ ਕਰੀਆਂ ਤੇ ਆਪੋ-ਆਪਣੇ ਘਰਾਂ ਨੂੰ ਚਲੀਆਂ ਗਈਆਂ। ਮਹਿੰਦਰ ਕੌਰ ਖੁਸ਼ੀ ਵਿੱਚ ਸਾਰਾ ਦਿਨ ਆਪਣੇ-ਆਪ ਨਾਲ ਗੱਲਾਂ ਕਰੀ ਗਈ।

ਆਥਣ ਤੱਕ ਸਾਰੇ ਪਿੰਡ ਵਿੱਚ ਖ਼ਬਰ ਫੈਲ਼ ਗਈ ਕਿ ਮੇਜਰ ਦੇ ਚੌਥੀ ਬਾਰ ਫੇਰ ਕੁੜੀ ਹੋਈ ਹੈ। ਜਦੋਂ ਰੋਟੀ ਖਾਣ ਲੱਗੇ ਮਹਿੰਦਰ ਕੌਰ ਨੇ ਨਾਜਰ ਨਾਲ ਗੱਲ ਕੀਤੀ ਤਾਂ ਨਾਜਰ ਦੀਆਂ ਗੱਲਾਂ ਵਿੱਚ ਕੁਝ ਨਰਮੀ ਜਿਹੀ ਦਿਸੀ। ਛੋਟਾ ਭਰਾ ਹੋਣ ਕਾਰਨ ਨਾਜਰ ਨੂੰ ਇਸ ਗੱਲ ਦਾ ਦੁੱਖ ਸੀ ਕਿ ਇਸ ਬਾਰ ਮੁੰਡਾ ਕਿਉਂ ਨੀ ਹੋਇਆ। ਜਦ ਮਹਿੰਦਰ ਕੌਰ ਨੇ ਇਹ ਗੱਲ ਭਾਂਪੀ ਤਾਂ ਬੁਝਦੀ ਹੋਈ ਅੱਗ ਤੇ ਭੋਰਾ ਤੁਪਕਾ ਸੁੱਟਦੀ ਹੋਈ ਕਹਿੰਦੀ, 'ਤੂੰ ਬਾਹਲਾ ਹੇਜ ਨਾ ਦਖਾ ਭਾਈ ਦਾ, ਜਦ ਹੁਣ ਬਰਤ ਨਾ ਬਿਹਾਰ, ਕੰਧਾਂ ਵਿੱਚ ਨੂੰ ਨਿਕਲੀਆਂ ਪਈਆਂ ਨੇ, ਨਾਲੇ ਜੇ ਐਡੀ ਗੱਲ ਤੀ ਤਾਂ ਉਹ ਬੀ ਕਹਿ ਸਕਦੇ ਤੀ ਬੀ ਜ਼ਮੀਨ ਤੇਰੇ ਮੁੰਡਿਆਂ ਨੂੰ ਦਮਾਂਗੇ, ਤੁਸੀਂ ਕੁੜੀਆਂ ਦੇ ਬਿਆਹ ਗੱਜ-ਬੱਜ ਕੇ ਕਰ ਦਿਓ, ਫੇਰ ਤਾਂ ਆਪਾਂ ਵੀ ਹੰਭਲਾ ਮਾਰ ਲੰਦੇ ਕੋਈ, ਇਹੀ ਆ ਬੀ ਚਾਰ ਸਾਲ ਔਖ-ਸੌਖ ਕੱਟ ਲੰਦੇ, ਆਪਣੇ ਨਿਆਣਿਆਂ ਨੂੰ ਜਮੀਨ ਤਾਂ ਦੁਗਣੀ ਹੁੰਦੀ, ਹੁਣ ਔਤੀ ਜਾਊ ਭੰਗ ਦੇ ਭਾਣੇ'।

ਮਹਿੰਦਰ ਕੌਰ ਦੀਆਂ ਗੱਲਾਂ ਸੁਣ ਕੇ ਨਾਜਰ ਦਾ ਧਿਆਨ ਥੋੜ੍ਹਾ ਜਿਹਾ ਮੁੜ ਪਿਆ। ਉਹਨੂੰ ਵੀ ਮਹਿਸੂਸ ਹੋਇਆ ਕਿ ਮਹਿੰਦਰ ਕੌਰ ਠੀਕ ਕਹਿ ਰਹੀ ਹੈ ਕਿਉਂਕਿ ਜ਼ਮੀਨ ਸਾਂਭਣ ਵਾਲੇ ਉਹਦੇ ਮੁੰਡੇ ਗੱਭਰੂ ਹੋ ਰਹੇ ਸਨ। ਨਾਲੇ ਜੱਟ ਦੇ ਨਾਂ ਤਾਂ ਭਾਵੇਂ ਸਾਰੀ ਦੁਨੀਆਂ ਦੀ ਜ਼ਮੀਨ ਲਾ ਦਿਓ ਉਹ ਤਾਂ ਵੀ ਨਾ ਰੱਜੇ। ਹਸਪਤਾਲ ਚੋਂ ਛੁੱਟੀ ਮਿਲਦੇ ਹੀ ਹਾਰੇ ਹੋਏ ਸਿਪਾਹੀਆਂ ਵਾਂਗ ਮੇਜਰ ਤੇ ਉਹਦੀ ਘਰਵਾਲੀ ਘਰ ਵਾਪਸ ਆ ਗਏ। ਜਦੋਂ ਘਰ ਵੜੇ ਤਾਂ ਮੇਜਰ ਦੀ ਸੱਸ ਦੀਆਂ ਭੁੱਬਾਂ ਨਿਕਲ ਗਈਆਂ। 'ਹਾਏ ਵੇ ਡਾਢਿਆ ਰੱਬਾ, ਤੇਰਾ ਦੱਸ ਮੇਰੀ ਧੀ ਨੇ ਕੀ ਚੱਕ ਲਿਆ, ਜਿਹੜਾ ਤੂੰ ਨਿਆਣੀ ਦੇ ਪੇਸ਼ ਪਿਐਂ, ਜੇ ਕੋਈ ਚੰਗਾ ਜੀਅ ਦੇ ਦੰਦਾ ਗਾਹਾਂ ਨੂੰ ਬਾਰ ਖੁੱਲ੍ਹਾ ਰਹਿ ਜਾਂਦਾ' ਐਨਾ ਕਹਿ ਕੇ ਉਹ ਹੁਬਕੀ-ਹੁਬਕੀ ਰੋਣ ਲੱਗੀ।

'ਕੋਈ ਨਾ ਬੀਬੀ ਰੋ ਨਾ, ਰੱਬ ਸਭ ਦੀ ਸੁਣਦੈ, ਆਹ ਲੰਬੜਾਂ ਦੇ ਵੀ ਚਾਰ ਕੁੜੀਆਂ 'ਤੇ ਨੂੰ ਜੌੜੇ ਮੁੰਡੇ ਹੋਏ ਨੇ, ਕੋਈ ਨਾ ਸਬਰ ਕਰ, ਸਭ ਕੁਸ ਦਊਗਾ ਦਾਤਾ' ਤਾਰੋ ਬਾਹਮਣੀ ਨੇ ਮੇਜਰ ਦੀ ਸੱਸ ਨੂੰ ਦਿਲਾਸਾ ਦਿੰਦਿਆਂ ਕਿਹਾ। ਮੇਜਰ ਦੀ ਘਰਵਾਲੀ ਰੋ ਨਹੀਂ ਰਹੀ ਸੀ ਪਰ ਉਹਦੀ ਸ਼ਕਲ ਤੇ ਚਿਹਰੇ ਦਾ ਉਡਿਆ ਰੰਗ ਦੇਖ ਕੇ ਲਗਦਾ ਸੀ ਕਿ ਅੰਦਰੋਂ-ਅੰਦਰੀਂ ਨਿੱਘਰੀ ਪਈ ਸੀ।

ਮਹਿੰਦਰ ਕੌਰ ਕੰਧ ਨਾਲ ਕੰਨ ਲਾ ਕੇ ਸਾਰੀ ਗੱਲ ਸੁਣ ਰਹੀ ਸੀ ਪਰ ਉਹਦੇ ਪੱਥਰ ਦਿਲ 'ਤੇ ਬੂੰਦ ਨਾ ਪਈ।

ਜਿਸ ਦਿਨ ਦੀ ਹਸਪਤਾਲ ਤੋਂ ਛੁੱਟੀ ਮਿਲੀ ਸੀ ਮੇਜਰ ਰੋਜ ਦਾਰੂ ਨਾਲ ਰੱਜ ਕੇ ਘਰ ਆਉਂਦਾ। ਦਾਰੂ ਤਾਂ ਉਹ ਅੱਗੇ ਵੀ ਪੀਂਦਾ ਸੀ ਪਰ ਹੁਣ ਵਾਂਗ ਨਹੀਂ। ਹੁਣ ਤਾਂ ਉਹਨੇ ਸਾਰੀਆਂ ਕਸਰਾਂ ਕੱਢ ਦਿੱਤੀਆਂ ਸੀ। ਮੋਟਰ 'ਤੇ ਦੁਪਹਿਰ ਤੋਂ ਹੀ ਪੀਣੀ ਸ਼ੁਰੂ ਕਰ ਦਿੰਦਾ। ਨਾਲ ਕਦੇ ਆਪਣਾ ਸਾਂਝੀ ਜਾਂ ਪਿੰਡ ਦੇ ਕਿਸੇ ਬੰਦੇ ਨੂੰ ਲਾ ਲੈਂਦਾ। ਮੁਫਤ ਦੀ ਸ਼ਰਾਬ ਪੀਣ ਵਾਲੇ ਨਿੱਤ ਹੀ ਉਹਦੀ ਉਡੀਕ ਵਿੱਚ ਰਹਿੰਦੇ। ਘਰ ਜਾ ਕੇ ਉੱਚੀ-ਉੱਚੀ ਰੋਂਦਾ ਤੇ ਗਾਲਾਂ ਕੱਢਦਾ। ਇਹ ਸਾਰੀਆਂ ਗੱਲਾਂ ਨਾਜਰ ਸਿੰਘ ਤੇ ਮਹਿੰਦਰ ਕੌਰ ਨੂੰ ਵੀ ਸੁਣਦੀਆਂ। ਨਾਜਰ ਦਾ ਦਿਲ ਪਿਘਲ ਜਾਂਦਾ ਪਰ ਮਹਿੰਦਰ ਕੌਰ ਉਦੋਂ ਹੀ ਤੇਲ ਦਾ ਤੁਪਕਾ ਪਾ ਕੇ ਬੁਝਦੀ ਲਾਟ ਦੇ ਭਾਂਬੜ ਬਣਾ ਦਿੰਦੀ।

ਪਿੰਡ ਵਿੱਚ ਵੀ ਇਹੀ ਗੱਲਾਂ ਚਲਦੀਆਂ ਕਿ ਮੇਜਰ ਤਾਂ ਚੌਥੀ ਕੁੜੀ ਦੇ ਦੁੱਖ 'ਚ ਪੀਂਦਾ ਹੈ। ਲਗਭਗ ਸਾਰੇ ਹੀ ਬੰਦੇ ਮੇਜਰ ਸਿੰਘ 'ਤੇ ਤਰਸ ਖਾਂਦੇ। ਮੇਜਰ ਹੁਣ ਘਰੋਂ ਵੀ ਨਿਕਲਣੋਂ ਹਟ ਗਿਆ। ਦਾਰੂ ਦੀ ਪੇਟੀ ਸਾਂਝੀ ਤੋਂ ਮੰਗਵਾ ਕੇ ਅੰਦਰ ਹੀ ਰੱਖ ਲੈਂਦਾ। ਜੇ ਪਿੰਡ ਚੋਂ ਕੋਈ ਬੰਦਾ ਮਿਲਣ ਆਉਂਦਾ ਤਾਂ ਘਰਦੇ ਉਹਨੂੰ ਦਰਾਂ ਵਿੱਚੋਂ ਹੀ ਮੋੜ ਦਿੰਦੇ।

ਸਾਰੇ ਪਿੰਡ ਦੇ ਲੋਕ ਮੇਜਰ 'ਤੇ ਤਰਸ ਕਰਦੇ ਤੇ ਨਾਲ ਹੀ ਨਾਜਰ ਨੂੰ ਗਾਲਾਂ ਵੀ ਕੱਢਣ ਲੱਗੇ। ਸਭ ਨੂੰ ਇਸ ਗੱਲ ਦਾ ਪਤਾ ਸੀ ਕਿ ਮੇਜਰ ਜੇ ਡਰਦਾ ਸੀ ਤਾਂ ਕੱਲੇ ਨਾਜਰ ਸਿੰਘ ਤੋਂ ਪਰ ਨਾਜਰ ਸਿੰਘ ਤਾਂ ਉਹਦੇ ਘਰ ਇੱਕ ਬਾਰ ਵੀ ਨਾ ਗਿਆ। ਹਰ ਬੰਦਾ ਇਹੀ ਕਹਿੰਦਾ ਕਿ ਜੇ ਨਾਜਰ ਦੇ ਮਨ ਵਿੱਚ ਭੋਰਾ ਪਿਆਰ ਹੁੰਦਾ ਤਾਂ ਛੋਟੇ ਭਾਈ ਦਾ ਦੁੱਖ ਵੰਡਾਉਣ ਜਰੂਰ ਜਾਂਦਾ। ਇਸ ਸਾਰੀ ਕਾਰਵਾਈ ਬਾਰੇ ਨਾਜਰ ਨੂੰ ਵੀ ਖਬਰ ਸੀ ਪਰ ਉਹਦੀ ਕੋਈ ਪੇਸ਼ ਨਹੀਂ ਚਲਦੀ ਸੀ। ਛੋਟੇ ਭਰਾ ਦਾ ਦੁੱਖ ਤਾਂ ਉਹ ਵੰਡਾਉਣਾ ਚਾਹੁੰਦਾ ਸੀ ਪਰ ਆਪਣੇ ਟੱਬਰ ਦੇ ਖਿਲਾਫ ਕਿਵੇਂ ਜਾਂਦਾ? ਲੋਕਾਂ ਦੀਆਂ ਚੁਭਵੀਆਂ ਸੁਣ ਕੇ ਨਾਜਰ ਨੂੰ ਬਹੁਤ ਦੁੱਖ ਲੱਗਾ ਪਰ ਲਗਾਮ ਉਹਦੀ ਮਹਿੰਦਰ ਕੌਰ ਦੇ ਹੱਥ ਵਿੱਚ ਸੀ ਤੇ ਅੱਖਾਂ 'ਤੇ ਜ਼ਮੀਨ ਦੇ ਖੋਪੇ।

ਇੱਕ ਦਿਨ ਸਵੇਰ ਦਾ ਖੇਤ ਗਿਆ ਨਾਜਰ ਸਿੰਘ ਆਥਣ ਤੱਕ ਨਾ ਮੁੜਿਆ। ਕਦੇ-ਕਦਾਈਂ ਤਾਂ ਉਹ ਨੇਰ੍ਹਾ ਕਰ ਦਿੰਦਾ ਸੀ ਪਰ ਅੱਜ ਤਾਂ ਕੋਈ ਖਾਸ ਕੰਮ ਨਹੀਂ ਸੀ ਖੇਤਾਂ ਵਿੱਚ। ਮਹਿੰਦਰ ਕੌਰ ਨੇ ਆਪਣੇ ਵੱਡੇ ਮੁੰਡੇ ਨੂੰ ਖੇਤ ਪਤਾ ਕਰਨ ਭੇਜਿਆ। ਜਦੋਂ ਉਹਨੇ ਆ ਕੇ ਦੱਸਿਆ ਕਿ ਨਾਜਰ ਸਿੰਘ ਖੇਤਾਂ ਵਿੱਚ ਨਹੀਂ ਸੀ ਤੇ ਨਾ ਹੀ ਸਾਂਝੀ। ਇਹ ਗੱਲ ਸੁਣ ਕੇ ਮਹਿੰਦਰ ਕੌਰ ਨੂੰ ਥੋੜ੍ਹੀ ਜਿਹੀ ਚਿੰਤਾ ਹੋਈ ਪਰ ਹਾਲੇ ਤਾਂ ਅੱਠ ਹੀ ਵੱਜੇ ਸਨ, ਇਸ ਕਰਕੇ ਬਹੁਤੀ ਚਿੰਤਾ ਵਾਲੀ ਗੱਲ ਨਹੀਂ ਸੀ। ਉਹਨੂੰ ਪਤਾ ਸੀ ਕਿ ਅੱਗੇ ਵੀ ਕਈ ਬਾਰ ਨਾਜਰ ਤੇ ਸਾਂਝੀ ਅੱਡੇ ਵਿੱਚ ਦਾਰੂ ਪੀਣ ਚਲੇ ਜਾਂਦੇ ਸਨ। ਇਹ ਗੱਲ ਉਦੋਂ ਹੀ ਹੁੰਦੀ ਜਦੋਂ ਨਾਜਰ ਸਿੰਘ ਦਾ ਆਂਡਾ ਜਾਂ ਮੀਟ ਖਾਣ ਦਾ ਮੂਡ ਹੁੰਦਾ ਕਿਉਂਕਿ ਮਹਿੰਦਰ ਕੌਰ ਮੀਟ-ਮੁਰਗਾ ਘਰ ਅੰਦਰ ਵੜਨ ਨਹੀਂ ਦਿੰਦੀ ਸੀ। ਚੁਗਲੀਆਂ ਨੂੰ ਛੱਡ ਕੇ ਮਹਿੰਦਰ ਕੌਰ ਜਮਾਂ ਸ਼ੁੱਧ ਵੈਸ਼ਨੂੰ ਸੀ।

ਸਾਢੇ ਕੁ ਨੌਂ ਵਜੇ ਮਹਿੰਦਰ ਕੌਰ ਨੂੰ ਮੇਜਰ ਦੇ ਗੇਟ ਖੜਕਣ ਦੀ ਤੇ ਦੋ-ਤਿੰਨ ਬੰਦਿਆਂ ਦੀ ਅਵਾਜ ਸੁਣਾਈ ਦਿੱਤੀ। ਜਦ ਉਹਨੇ ਪੀੜ੍ਹੀ 'ਤੇ ਚੜ੍ਹ ਕੇ ਉਧਰ ਦੇਖਿਆ ਤਾਂ ਉਹਦਾ ਦਿਮਾਗ ਫਟਣ ਵਾਲਾ ਹੋ ਗਿਆ। ਨਾਜਰ, ਮੇਜਰ, ਇੱਕ ਅਣਪਛਾਤਾ ਮਧਰੇ ਕੱਦ ਦਾ ਬੰਦਾ ਤੇ ਉਹਦਾ ਸਾਂਝੀ ਚਾਰੇ ਜਣੇ ਸ਼ਰਾਬੀ ਹੋਏ ਵਿਹੜੇ ਵਿੱਚ ਵੜੇ। ਤਿੰਨ ਜਣੇ ਤਾਂ ਡਰਾਇੰਗ ਰੂਮ ਵਿੱਚ ਬੈਠ ਗਏ ਤੇ ਸਾਂਝੀ ਬਾਹਰੇ ਵਰਾਂਡੇ ਵਿੱਚ ਬੈਠ ਕੇ ਰੋਟੀ ਖਾਣ ਲੱਗਾ। ਇਹ ਮਹਾਂ ਭਿਆਨਕ ਦ੍ਰਿਸ਼ ਦੇਖ ਕੇ ਮਹਿੰਦਰ ਕੌਰ ਦੇ ਦਿਮਾਗ ਦਾ ਤਾਪਮਾਨ ਪੈਮਾਨੇ ਦੀ ਹੱਦ ਤੋਂ ਵੀ ਬਾਹਰ ਪਹੁੰਚ ਗਿਆ। ਸਿਆਲ ਦੇ ਦਿਨਾਂ ਵਿੱਚ ਵੀ ਉਹਨੂੰ ਇਉਂ ਗਰਮੀ ਆਈ ਜਿਵੇਂ ਜੇਠ ਦਾ ਦੁਪਹਿਰਾ ਤਪਦਾ ਹੋਵੇ। ਉਹਨੂੰ ਇਉਂ ਲੱਗਾ ਜਿਵੇਂ ਬਾਜੀ ਜਿੱਤ ਕੇ ਹਾਰ ਗਈ ਹੋਵੇ। ਮੇਜਰ ਦੀ ਘਰਵਾਲੀ ਤੇ ਉਹਦੀ ਮਾਂ ਵੀ ਇਸ ਕੌਤਕ ਤੋਂ ਹੈਰਾਨ ਸਨ।

'ਫਿੱਟੇ ਮੂੰਹ ਤੇਰੇ ਜਣਦਿਆਂ ਦੇ, ਬਸ਼ਰਮਾ ਬੱਸ ਆਹੀ ਕਸਰ ਰਹਿ ਗੀ ਤੀ, ਉਹ ਬੀ ਕਰਤੀ ਪੂਰੀ ਕੰਜਰ ਨੇ, ਆਹ ਦੇਖ ਲੋ ਨਿਆਣਿਓਂ! ਥੋਡਾ ਬਾਪ ਬੜ ਗਿਆ ਜਾ ਕੇ ਸ਼ਰੀਕਾਂ ਦੇ, ਥੁੱਕ ਕੇ ਚੱਟ ਲਿਆ ਬਸ਼ਰਮ ਨੇ, ਮੈਂ ਤਾਂ ਜਿਉਂਦੀ ਮਾਰਤੀ, ਵੇ ! ਮੈਨੂੰ ਪਾਣੀ ਦੀ ਘੁੱਟ ਦੇ ਦੋ' ਮਹਿੰਦਰ ਕੌਰ ਨੂੰ ਗਾਲਾਂ ਨਹੀਂ ਸੁੱਝ ਰਹੀਆਂ ਸੀ। ਉਹਦਾ ਸਰੀਰ ਝੂਠਾ ਪੈ ਗਿਆ। ਉਹ ਕੰਧ ਨਾਲ ਹੀ ਢਾਸਣਾ ਲਾ ਕੇ ਬੈਠ ਗਈ। ਇੱਕ ਬਾਰ ਤਾਂ ਉਹਦਾ ਜੀਅ ਕੀਤਾ ਕਿ ਮੇਜਰ ਦੇ ਘਰ ਜਾਵੇ ਤੇ ਆਪਣੇ ਘਰਵਾਲੇ ਦੀ ਗਿੱਚੀ ਫੜ ਕੇ ਲਿਆਵੇ ਪਰ ਨਾਲ ਹੀ ਉਹਨੇ ਸੋਚਿਆ ਕਿ ਜੇ ਸ਼ਰਾਬੀ ਹੋਏ ਨਾਜਰ ਸਿੰਘ ਨੇ ਉਹਦੀ ਬੇਇਜ਼ਤੀ ਕਰ ਦਿੱਤੀ ਫੇਰ ਕੀ ਹੋਵੇਗਾ? ਇਹ ਗੱਲ ਵਿਚਾਰ ਕੇ ਉਹ ਕੰਧ ਨਾਲ ਹੀ ਬੁੱਤ ਬਣ ਕੇ ਬੈਠੀ ਰਹੀ। ਉਹਦਾ ਮੁੰਡਾ ਪਾਣੀ ਦਾ ਗਲਾਸ ਫੜਾ ਗਿਆ ਪਰ ਪਾਣੀ ਦੀ ਤਿੱਪ ਉਹਦੇ ਅੰਦਰ ਨਾ ਲੰਘੀ।

ਡਰਾਇੰਗ ਰੂਮ ਵਿੱਚ ਤਿੰਨੇ ਜਣੇ ਬੈਠੇ ਦਾਰੂ ਪੀ ਰਹੇ ਸਨ। ਨਾਜਰ ਦੀਆਂ ਅੱਖਾਂ ਵਿੱਚ ਸ਼ਰਮ ਤੇ ਤਰਸ ਦੀ ਭਾਵਨਾ ਭਰੀ ਪਈ ਸੀ। ਜਦ ਮੇਜਰ ਨੇ ਰੋਟੀ ਲਈ ਅਵਾਜ ਮਾਰੀ ਤਾਂ ਮੇਜਰ ਨੇ ਮਨ੍ਹਾ ਕਰਦੇ ਹੋਏ ਕਿਹਾ, 'ਨਾ ਬਾਈ ਹੁਣ ਰੋਟੀ ਨੀ ਖਾਧੀ ਜਾਣੀ, ਤੂੰ ਜਵਾਕ ਤਾਂ ਦਖਾ ਦੇ ਮੈਨੂੰ'। ਉਹਦੀ ਸੱਸ ਨੇ ਨਾਜਰ ਸਿੰਘ ਨੂੰ ਅੰਦਰ ਹੀ ਸੱਦ ਲਿਆ। ਨਾਜਰ ਸੰਗਦਾ-ਸੰਗਦਾ ਮੇਜਰ ਦੀ ਘਰਵਾਲੀ ਤੇ ਜਵਾਕਾਂ ਕੋਲ ਜਾ ਬੈਠਾ। ਮੇਜਰ ਵੀ ਨਾਲ ਹੀ ਸੀ। ਕੁੜੀ ਦੇ ਸਿਰ 'ਤੇ ਹੱਥ ਫੇਰਿਆ ਤੇ ਸ਼ਗਨ ਦੇ ਰੁਪੱਈਏ ਉਹਨੇ ਕੁੜੀ ਦੇ ਕੋਲ ਰੱਖ ਕੇ ਕਿਹਾ 'ਤਕੜਾ ਰਹਿ ਬਾਈ, ਘਾਬਰੀਂ ਨਾ, ਮੈਂ ਹੈਗਾਂ ਹਾਲੇ, ਜਿਹੋ ਜਿਹੀਆਂ ਤੇਰੀਆਂ ਧੀਆਂ, ਉਹੋ ਜਿਹੀਆਂ ਹੀ ਮੇਰੀਆਂ'। ਇਹ ਕਹਿ ਕੇ ਨਾਜਰ ਸਿੰਘ ਦੀਆਂ ਅੱਖਾਂ ਭਰ

## ਉੜੀਆ ਕਵਿਤਾਵਾਂ / ਡਾ. ਫਨੀ ਮੋਹੰਤੇ

**ਅਨੁਵਾਦ : ਅਮਰਜੀਤ ਕੌਂਕੇ**



### ਆਖਰੀ ਵਕਤ ਤੇ

ਆਖਰੀ ਵਕਤ ਤੇ
ਮੇਰੀ ਇੱਕ
ਛੋਟੀ ਜਿਹੀ ਬੇਨਤੀ
ਭੁੱਲ ਨਾ ਜਾਣਾ
ਕਿੰਨੇ ਦੁੱਖ ਆਉਣ ਤੇ ਵੀ
ਵਿਦਾ ਆਤਮਾ ਨੂੰ
ਸਰਾਪ ਨਾ ਦੇਣਾ
ਉਦਾਸ ਹੋ ਕੇ ਮੇਰੇ ਮਨ ਨੂੰ
ਉਦਾਸ ਨਾ ਕਰਨਾ
ਤੇ ਆਪਣੇ ਆਪ ਨੂੰ
ਦੁਖੀ ਨਾ ਕਰਨਾ
ਸਵਰਗ ਦੇ ਦਰਵਾਜੇ ਤੇ
ਸਮੁੰਦਰ ਦੇ ਕਿਨਾਰੇ
ਅਨਗਿਣਤ ਲੋਕਾਂ ਦੀ
ਭੀੜ ਵਿੱਚ
ਮੇਰੀ ਚਿਤਾ ਨੂੰ ਜਲਾਉਣਾ
ਮਹਿਕਦੀ ਹੋਈ ਚੰਦਨ ਦੀ
ਲੱਕੜੀ ਵਿੱਚ
ਮੈਂ ਸੌਂਦਾ ਰਹਾਂਗਾ
ਦੱਖਣ ਦਿਸ਼ਾ ਵੱਲ ਮੂੰਹ ਕਰ ਕੇ
ਗੂੜ੍ਹੀ ਨੀਂਦ ਵਿੱਚ
ਨੀਲੇ ਸਮੁੰਦਰ ਦੀ ਨੀਲੀ ਤਰੰਗ
ਲਹਿਰਾਉਂਦੀ ਹੋਈ ਆ ਕੇ
ਸਿਰ ਟਕਰਾਉਂਦੀ
ਰੇਤ ਦੇ ਪੱਥਰਾਂ ਨਾਲ
ਬੰਸਰੀ ਦੀ
ਧੁਨ ਸੁਣਾਈ ਦੇਵੇਗੀ
ਦੂਰ ਦੂਰ ਕੋਹਾਂ ਤੱਕ
ਜਿਧਰ ਵੀ ਕੰਨ ਸੁਣਨਗੇ
ਪਾਣੀ ਹਵਾ ਅਸਮਾਨ ਤੇ
ਮਿੱਟੀ ਦੀ ਖੁਸ਼ਬੋ 'ਚੋਂ
ਪ੍ਰਿਅਤਮਾ
ਪ੍ਰਿਅਤਮਾ ਨਾਦ
ਲਹਿਰਾਉਂਦਾ
ਹੋਇਆ ਆਏਗਾ
ਇਸ ਜਨਮ ਵਿੱਚ
ਨਾ ਸਹੀ
ਦੁੱਖ ਦੀ ਗੱਲ ਨਹੀਂ
ਦੂਜੇ ਕਿਸੇ
ਹੋਰ ਜਨਮ ਵਿੱਚ
ਇੱਕ ਦਿਨ ਅਸੀਂ
ਜ਼ਰੂਰ ਮਿਲਾਂਗੇ
ਇਕਾਂਤ ਵਿੱਚ ਚੰਦ ਦੀ
ਕਿਰਨ ਵਿੱਚ
ਯਮੁਨਾ ਦੇ ਪਾਣੀਆਂ ਵਿੱਚ
ਬਿਨਾ ਦੇਹ ਦੋ ਆਤਮਾਵਾਂ
ਲੁਕ ਲੁਕ ਕੇ ਕਿਸ਼ਤੀ ਵਿੱਚ
ਕੇਲ ਕਰਦੀਆਂ
ਚਾਂਦਨੀ ਰਾਤ ਵਿੱਚ
ਕਿਨਾਰੇ ਬੇਕਿਨਾਰੇ।

### ਪ੍ਰਿਅਤਮਾ

ਗੁਲਾਬੀ ਫੁੱਲ
ਨਾਲ ਚਹਿਕਦਾ
ਤੇਰਾ ਚਮਕਦਾ ਜੂੜਾ
ਆ ਮੇਰੇ ਕੋਲ ਬੈਠ
ਇੱਕ ਘੜੀ ਦੇਖ ਮੈਨੂੰ
ਕਿੰਨੀ ਫਿੱਕੀ ਅਤੇ
ਉਦਾਸ ਹੈ ਮੇਰੀ ਸੂਰਤ
ਜੋ ਕਦੇ ਦਿਸਦੀ ਸੀ ਤੈਨੂੰ
ਚੰਦ ਦੀ ਰੋਸ਼ਨੀ ਦੇ ਵਾਂਗ
ਬਹੁਤ ਪਿਆਰੀ
ਬਹੁਤ ਖੂਬਸੂਰਤ

ਗੁਲਾਬੀ ਫੁੱਲ
ਨਾਲ ਚਹਿਕਦਾ
ਤੇਰਾ ਚਮਕਦਾ ਜੂੜਾ
ਗੁਲਾਬੀ ਫੁੱਲ ਦੇ
ਰੰਗ ਵਰਗੀ ਸਾੜ੍ਹੀ
ਤੇਰੇ ਜਿਸਮ ਤੇ
ਮੇਰੀ ਬੇਹੱਦ ਮਨਪਸੰਦ

ਮੇਰੇ ਮਨ ਦੇ ਉਜੜੇ
ਹੋਏ ਬਗੀਚੇ ਵਿੱਚ
ਸ਼ਾਮ ਨੂੰ ਉੱਗਦਾ ਹੈ ਫੁੱਲ
ਤੂੰ ਇੱਕ
ਮੁਰਝਾਇਆ ਹੋਇਆ
ਇਕ ਮਤਵਾਲਾ ਨਾਲ
ਮਿਲਣ ਵਾਲਾ ਫੁੱਲ
ਆ ਕੋਲ
ਬੈਠ ਕਰ ਗੱਲਾਂ ਕੁਝ
ਖੁੱਲ੍ਹੇ ਮਨ ਨਾਲ
ਤੂੰ ਮੇਰੇ ਹਾਰੇ ਹੋ ਜੀਵਨ ਵਿੱਚ
ਧਕ ਧਕ ਬਲਦੀ ਹੋਈ
ਇੱਕ ਨਾ ਬੁਝਣ
ਵਾਲੀ ਪਿਆਰ ਦੀ
ਮਸ਼ਾਲ।

ਆਈਆਂ।

ਇਉਂ ਲੱਗ ਰਿਹਾ ਸੀ ਜਿਵੇਂ ਨਾਜਰ ਸਿੰਘ ਦੇ ਅੰਦਰ ਖੂਨ ਦੇ ਰਿਸ਼ਤਿਆਂ ਦੀ ਅੱਗ ਦਾ ਭਾਂਬੜ ਤਾਂ ਬੇਸ਼ੱਕ ਠੰਢਾ ਹੋ ਗਿਆ ਸੀ ਪਰ ਮੱਠਾ-ਮੱਠਾ ਸੇਕ ਹਾਲੇ ਵੀ ਬਾਕੀ ਸੀ। ਉਸੇ ਸੇਕ ਦਾ ਅਹਿਸਾਸ ਅੱਜ ਸਭ ਨੂੰ ਮਹਿਸੂਸ ਹੋ ਰਿਹਾ ਸੀ। ਕੋਈ ਇਸ ਸੇਕ ਦਾ ਨਿੱਘ ਮਾਣ ਰਿਹਾ ਸੀ ਤੇ ਕੋਈ ਮੱਚ ਰਿਹਾ ਸੀ।

**84273-40099**

## ਦੋ ਗਜ਼ਲਾਂ / ਅਨੂ ਬਾਲਾ

ਮੈਂ ਕੈਦੀ ਪਿੰਜਰੇ ਦੀ ਹਾਂ ਨਹੀਂ ਸਾਬਤ ਵੀ ਨਾ ਪਰ ਕੋਈ
ਗਿਆ ਕਿਉਂ ਮੇਰੀਆਂ ਅੱਖਾਂ ਦੇ ਵਿਚ ਅਸਮਾਨ ਭਰ ਕੋਈ

ਭਰੀ ਪਰਵਾਜ਼ ਜੇ ਚਿੜੀਆਂ ਨੇ ਤਾਂ ਅੰਬਰ ਵੀ ਚਹਿਕੇਗਾ
ਕਲੇਜੇ ਬਹਿ ਗਿਆ ਸ਼ਿਕਰੇ ਦੇ ਬੇਆਵਾਜ਼ ਡਰ ਕੋਈ

ਹਵਾ ਦੇ ਨਾਲ ਹੀ ਤਾਂ ਸਿਲਸਿਲਾ ਸਾਹਾਂ ਦਾ ਚਲਦਾ ਹੈ
ਕਿ ਤੈਨੂੰ ਭੁੱਲ ਕੇ ਜਾਵੇ ਵੀ ਤਾਂ ਜਾਵੇ ਕਿਧਰ ਕੋਈ

ਮੇਰੇ ਵੈਰਾਗ ਨੇ ਦਸਿਆ ਤੇ ਰੂਹ ਦੇ ਰਾਗ ਨੇ ਦਸਿਆ
ਕਿ ਮਨ ਦੀ ਕਿਣਮਿਣੀ ਵਿਚ ਕਿਸ ਤਰਾਂ ਜਾਂਦਾ ਨਿਖਰ ਕੋਈ

ਖੁਸ਼ੀ ਵੀ ਹੈ ਬੁਲੰਦੀ ਛੂਹਣ ਦੀ ਮਨ ਦੀ ਚਿੜੀ ਨੂੰ, ਪਰ
ਇਹ ਡਰ ਵੀ ਹੈ ਕਿਸੇ ਦੀ ਲੱਗ ਨਾ ਜਾਵੇ ਨਜ਼ਰ ਕੋਈ

ਭੁਲਾ ਕੇ ਮੀਲ ਪੱਥਰ ਰੋਲ਼ ਕੇ ਮੰਜ਼ਿਲ ਦੇ ਨਕਸ਼ੇ ਨੂੰ
ਰਿਹਾ ਹੈ ਦੌੜਦਾ ਇੱਕ ਅੱਕ ਦੇ ਫੰਭੇ ਮਗਰ ਕੋਈ

...........

ਕਟ ਗਿਆ ਹੈ ਸੀਸ ਭਾਵੇਂ ਸਿਦਕ ਪਰ ਝੁਕਿਆ ਨਹੀਂ
ਨੇਹਰ ਸਾਹਵੇਂ ਰੋਸ਼ਨੀ ਦਾ ਕਾਰਵਾਂ ਰੁਕਿਆ ਨਹੀਂ

ਡੁੱਲਿਆ ਜਦ ਨੂਰ ਦਾ ਮਟਕਾ ਚੁਰਾਹਾ ਲਿਸ਼ਕਿਆ
ਚੜ੍ਹ ਗਿਆ ਸੂਰਜ ਜਦੋਂ ਤਾਂ ਚਾਨਣਾ ਲੁਕਿਆ ਨਹੀਂ

ਇਸ ਨੂੰ ਮੇਰੀ ਪਿਆਸ ਦੀ ਹੱਤਿਆ ਦਾ ਲੱਗਿਆ ਹੈ ਸਰਾਪ
ਲਰਜਦੇ ਪਾਣੀ ਦਾ ਸੋਮਾ ਬੇਵਜ੍ਹਾ ਸੁਕਿਆ ਨਹੀਂ

ਚਾਰ ਦਿਨ ਦੀ ਅਉਧ ਕਟ ਕੇ ਬੀਤ ਜਾਂਦੀ ਜ਼ਿੰਦਗੀ
ਸਿਲਸਿਲਾ ਪਰ ਲਾਲਸਾਵਾਂ ਦਾ ਕਦੇ ਮੁੱਕਿਆ ਨਹੀਂ

ਖੇੜਿਆਂ ਦੀ ਕੈਦ ਅੰਦਰ ਕੂਕਦੀ ਹੈ ਹੀਰ, ਪਰ
ਬਣ ਕੇ ਜੋਗੀ, ਦੁਆਰ ਤੇ ਰਾਂਝਾ ਕਦੇ ਢੁਕਿਆ ਨਹੀਂ

ਮੇਰੇ ਤੱਕ ਆਉਂਦੀ ਖੁਸ਼ੀ ਦੇ ਪੈਰ ਹੀ ਕੱਟੇ ਗਏ
ਗ਼ਮ ਦੇ ਤੀਰਾਂ ਦਾ ਨਿਸ਼ਾਨਾ ਪਰ ਕਦੇ ਉਕਿਆ ਨਹੀਂ

## ਜੂਠੀ ਗਿੱਟਕ ਦਾ ਬ੍ਰਿਛ / ਤੇ ਸਿੰਘ ਸਰਾਓ



ਉਹ ਕਾਲੇ ਧੜੰਗੇ ਕਾਲੇ ਧੂਤ
ਹੱਥ ਡਾਂਗਾਂ ਸਰੀਏ ਖੰਜਰ
ਕੂਕ ਰਹੇ ਨੇ ਅਵਾ ਤਵਾ ਅਸਭਿਅਕ
ਜਿਸ ਬ੍ਰਿਛ ਹੇਠ ਰਹਿੰਦੇ
ਉਹਦੀਆਂ ਹੀ ਜੜ੍ਹਾਂ
ਤਣੇ ਖਾ ਜੰਮਦੇ ਮਰਦੇ
ਅੱਧੀ ਰਾਤ ਜਾਗਦੇ ਪਿੰਡੇ ਤੇਲ ਮਲਦੇ
ਲਾਲ ਅੱਖਾਂ ਜਾਂਘੀਏ ਕਸਦੇ
ਲੁੱਟ ਲਿਆਉਂਦੇ ਲਾਗਲੇ
ਪਿੰਡਾਂ ਦੀ ਦੌਲਤ, ਅੰਨ, ਇਜ਼ਤ
ਭੁੰਨ ਭੁੰਨ ਖਾਂਦੇ
ਤਿੱਤਰ ਬਟੇਰੇ ਜੰਗਲੀ ਮੱਝਾਂ
ਹੁਣ ਤਾਂ ਹੱਦ ਹੀ ਹੋ ਗਈ
ਉਹ ਪੁੱਟਣ ਲੱਗੇ
ਧਰਤੀ ਪਤਾਲ ਤੀਕ
ਚੰਦ੍ਰਮਾ ਤੇ ਸੁੱਟਣ ਲੱਗੇ ਸਿਆਹ ਧੱਬੇ
ਸੂਰਜ ਨੂੰ ਚੱਕ ਮਾਰਦੇ
ਤਾਰੇ ਝਰੀਟਦੇ
ਇੱਕ ਦਿਨ ਇੱਕ ਮਾਨਵ ਆਇਆ
ਉੱਚਾ ਲੰਬਾ ਲੰਮੀਆਂ ਲੰਮੀਆਂ ਲਿਟਾਂ
ਮੀਲਾਂ ਤੀਕ ਦਾਹੜੀ ਖੁੱਲੇ ਵਾਲ
ਜਾਂਦਾ ਜਾਂਦਾ ਕਹਿ ਗਿਆ
ਇਹ ਜੋ ਬ੍ਰਿਛ
ਜਿਸ ਹੇਠ ਤੁਸੀਂ ਜੰਮਦੇ ਮਰਦੇ
ਬੋਲਦੇ ਹੋ ਅਸਭਿਅਕ ਭਾਸ਼ਾ
'ਇਹ ਮੇਰੀ ਜੂਠੀ ਗਿਟਕ ਦਾ ਬ੍ਰਿਛ ਹੈ'
ਤੇ ਸਾਰੀ ਧਰਤ ਕਾਲੀ ਹੋ ਗਈ
ਸਿਮਟ ਗਿਆ
ਸਭ ਕੁਝ ਇੱਕ ਬਿੰਦੂ ਵਿੱਚ।

## ਪਿਆਰ ਇੱਕ ਯਾਦ / ਇੰਦੂ ਸਿਨਹਾਂ



ਪਿਆਰ ਕੀ ਹੈ
ਕੀ ਸਿਰਫ਼ ਇੱਕ ਦੈਹਿਕ ਰਿਸ਼ਤਾ
ਇੱਕ ਛੱਤ ਦੇ ਥੱਲੇ ਰਹਿਣਾ
ਦੋ ਅਜਨਬੀਆਂ ਦੇ ਵਾਂਗ
ਖੋਖਲੀਆਂ ਜੰਜੀਰਾਂ ਵਿੱਚ ਜਕੜੇ ਰਿਸ਼ਤੇ
ਹਰ ਪਲ ਤਿਲ੍ਹਕਦੇ
ਮੁੱਠੀ ਵਿੱਚ ਬੰਦ ਰੇਤ ਦੇ ਵਾਂਗ
ਨਹੀਂ ਨਹੀਂ
ਇਹ ਤਾਂ ਪਿਆਰ ਨਹੀਂ ਹੈ
ਪਿਆਰ ਤਾਂ ਇੱਕ ਯਾਦ ਹੈ
ਉਹ ਯਾਦ ਜੋ ਦਿਲਾਂ ਵਿੱਚ ਜਿਉਂਦੀ
ਉੱਥੇ ਜਿੱਥੇ ਕਾਫ਼ੀ ਹਾਊਸ ਦੇ ਹਲਕੇ
ਹਨ੍ਹੇਰੇ ਵਿੱਚ
ਸਾਡੇ ਦੋਹਾਂ ਦੇ ਵਿਚਾਲੇ
ਉੱਠ ਰਿਹਾ ਕਾਫ਼ੀ ਹਾਊਸ ਦਾ ਧੂੰਆਂ
ਛੂਹ ਰਿਹਾ ਚਿਹਰਿਆਂ ਨੂੰ
ਖਾਮੋਸ਼ੀ ਦੀ ਚਾਦਰ ਪਸਰੀ ਸੀ
ਆਉ ਫਿਰ ਲੱਭੀਏ ਪਿਆਰ ਨੂੰ
ਚਲਦੇ ਹਾਂ ਉਸੇ ਨਦੀ ਦੇ ਵੱਲ
ਬੈਠ ਕੇ ਉਸੇ ਬੈਂਚ ਤੇ
ਸੁਣਦੇ ਹਾਂ ਲਹਿਰਾਂ ਦਾ ਸ਼ੋਰ
ਸਵਾਦ ਨਮਕੀਨ ਮੂੰਗਫਲੀ ਦਾ
ਤੂੰ ਦੇਵੀਂ ਮੈਨੂੰ ਸੁਰਖ ਗੁਲਾਬ
ਮੈਂ ਸਹੇਜ ਲਵਾਂਗੀ ਉਸਨੂੰ
ਕਿਤਾਬਾਂ ਦੇ ਵਿਚਕਾਰ
ਵਾਲਾਂ ਵਿੱਚ ਨਹੀਂ ਲਗਾਵਾਂਗੀ
ਕਿਉਂਕਿ ਖੁਸ਼ਬੂ ਕੈਦ ਕਰਨਾ
ਚਾਹੁੰਦੀ ਹਾਂ ਕਿਤਾਬਾਂ ਵਿੱਚ
ਯਾਦਾਂ ਫੇਰ ਪਾਸਾ ਪਰਤਦੀਆਂ ਨੇ
ਸਰੂਰ ਵਿੱਚ ਅੱਖਾਂ ਬੰਦ

## ਪ੍ਰਵਾਸੀ ਪ੍ਰੇਮੀ / ਅਨਾਮਿਕਾ ਅਨੁ ਕੇਰਲਾ



ਦੂਰੀ ਦੇ ਪਲਾਂ ਤੇ ਮੀਲਾਂ ਨੂੰ ਲਪੇਟ ਕੇ
ਉੱਨ ਦਾ ਇੱਕ ਗੋਲਾ ਬਣਾਇਆ ਹੈ
ਸੋਚਦੀ ਹਾਂ ਇਸਨੂੰ ਹੌਲੀ ਹੌਲੀ ਖੋਹਲ ਕੇ
ਤੇਰੇ ਨਾਪ ਦਾ ਸਵੈਟਰ ਬਣਾ ਦਿਆਂ
ਸੁਣਿਆਂ ਹੈ ਤੇਰੇ ਦੇਸ਼ ਵਿੱਚ ਠੰਡ ਬਹੁਤ ਹੈ

ਮੀਲਾਂ ਦੂਰ ਹਾਂ ਅਸੀਂ ਇੱਕ ਦੂਜੇ ਤੋਂ
ਕਈ ਨਦੀਆਂ ਪਰਬਤ ਪਠਾਰ ਤੇ ਸ਼ਾਇਦ
ਇੱਕ ਸਮੁੰਦਰ ਵੀ ਹੈ
ਸਾਡੇ ਦੋਹਾਂ ਦੇ ਵਿਚਾਲੇ
ਇੱਕ ਪਤਲੀ ਰੇਸ਼ਮ ਦੀ
ਡੋਰ ਜੋੜਦੀ ਹੈ ਸਾਨੂੰ
ਜ਼ਰਾ ਕੁ ਖਿੱਚਦੇ ਹੀ ਉਹ ਡੋਰ
ਟੁੱਟ ਵੀ ਸਕਦੀ ਹੈ

ਪ੍ਰਵਾਸੀ ਪ੍ਰੇਮਿਕਾ ਦੀਆਂ ਦੋਵੇਂ ਅੱਖਾਂ
ਚਿੜੀਆਂ ਬਣ ਜਾਣਾ ਚਾਹੁੰਦੀਆਂ ਹਨ
ਠੰਡੇ ਮਨ ਵਿੱਚ ਯਾਦਾਂ ਦੇ
ਫਹੇ ਡਿੱਗਦੇ ਹੀ
ਉਹ ਉੱਡ ਜਾਣਾ ਚਾਹੁੰਦੀਆਂ ਹਨ
ਪ੍ਰੇਮੀ ਦੇ ਦੇਸ਼
ਤੇ ਦੇਖਣਾ ਚਾਹੁੰਦੀਆਂ ਹਨ
ਪ੍ਰੇਮੀ ਦੀ ਦੇਹ ਅੰਦਰ ਬਲਦੀ ਅਗਨ ਨੂੰ

ਪ੍ਰਵਾਸੀ ਪ੍ਰੇਮੀ ਦੀਆਂ ਬਾਹਾਂ
ਹਵਾਈ ਜਹਾਜ ਦੇ
ਖੰਭ ਬਣ ਕੇ
ਘੰਟਿਆਂ ਵਿੱਚ ਹੀ ਨਾਪ
ਲੈਣਾ ਚਾਹੁੰਦੀਆਂ ਹਨ
ਮੀਲਾਂ ਦੀ ਦੂਰੀ
ਉਹ ਹੌਲੀ ਜਿਹੇ ਉਤਰਨਾ ਚਾਹੁੰਦਾ ਹੈ
ਉਸਦੇ ਮਨ ਦੇ ਵਿਹੜੇ ਵਿੱਚ ਖੜ੍ਹੇ
ਨਿੰਬੂ ਦੇ ਦਰਖਤ ਦੇ ਕੋਲ
ਜਿੱਥੇ ਗੂੜ੍ਹੇ ਹਰੇ ਹਨ੍ਹੇਰੇ ਦੇ ਵਿਚਾਲੇ
ਪੀਲੇ ਬੱਲਬ ਵਰਗੇ ਨਿੰਬੂ ਚਮਕ ਰਹੇ ਨੇ
ਤੇ ਚੁੰਮਣਾ ਚਾਹੁੰਦਾ ਹੈ
ਉਸਦੀਆਂ ਲਿਖਦੀਆਂ ਉਂਗਲਾਂ ਨੂੰ
ਜੋ ਅਜੇ ਵੀ ਗਰਮ ਨੇ
ਕਲਮ ਦੀ ਛੋਹ ਨਾਲ

ਅਣਦਿਸੇ ਦਾ ਦੁੱਖ ਡਾਹਡਾ
ਤੀਰ ਦੀ ਨੋਕ ਵਰਗੀ ਤਿੱਖੀ
ਵੀਡੀਓ ਕਾਲ ਬੱਸ ਇੱਕ
ਮਸ਼ੀਨੀ ਜਿਹਾ ਮਿਲਣਾ
ਜਿਵੇਂ ਸੁੰਨੇ ਤਲਾਅ ਦੀ ਸਤਹ ਤੇ
ਤਰ ਰਿਹਾ ਹੋਵੇ ਪ੍ਰੇਮੀ ਦਾ ਚਿਹਰਾ
ਤ੍ਰਿਪਤੀ ਦੇ ਕੋਹਾਂ ਦੂਰ ਬੇਚੈਨੀ ਦੇ
ਪਿੰਡ ਵਿੱਚ

ਪੱਕਿਆ ਹੋਇਆ ਬਿਰਹਾ
ਗੁਲਾਬੀ ਰੰਗ ਦੇ ਪੱਕੇ ਅੰਬ ਜਿਹਾ
ਅੱਜ ਕੱਲ੍ਹ ਵਿੱਚ ਹੀ ਟਪਕੇਗਾ
ਫੁੱਲ ਤੋਂ ਫਲ
ਤੇ ਫੇਰ ਹੌਲੀ ਹੌਲੀ ਟਪਕਣਾ
ਉਸਦਾ ਕਿੰਨਾ ਸੁਖ ਦਿੰਦਾ ਹੈ
ਬਿਰਹਾ ਪਿਆਰ ਦੇ ਦਰਖਤ ਤੋਂ
ਟਪਕਦਾ ਸੁਖ ਹੈ

ਪ੍ਰਵਾਸੀ ਪ੍ਰੇਮਿਕਾ ਨੂੰ
ਯਾਦ ਕਰਦਾ ਪ੍ਰੇਮੀ
ਰਾਗ ਮਲਹਾਰ ਹੋ ਜਾਂਦਾ ਹੈ
ਪ੍ਰਵਾਸੀ ਪ੍ਰੇਮੀ ਨੂੰ ਯਾਦ ਕਰਦੀ
ਪ੍ਰੇਮਿਕਾ
ਵੀਣਾ ਦੇ ਤਾਰ।

**ਅਨੁ: ਅ.ਕ.**

## ਨੀਂਦ ਕਿਉਂ ਨਹੀਂ ਆਉਂਦੀ ਤੁਹਾਨੂੰ / ਭਾਨੂ ਪ੍ਰਕਾਸ਼ ਰਘੁਵੰਸ਼ੀ



ਮੇਰੀ ਮੋਬਾਇਲ ਘੜੀ ਵਿੱਚ ਰੋਜ਼ਾਨਾ
ਅਲਾਰਮ ਵੱਜਦਾ ਹੈ ਠੀਕ ਪੰਜ ਵਜੇ ਸਵੇਰੇ
ਪਰ ਇਸਦਾ ਮਤਲਬ ਇਹ ਨਹੀਂ
ਕਿ ਮੈਂ ਠੀਕ ਪੰਜ ਵਜੇ ਉੱਠਦਾ ਹਾਂ
ਕਦੇ ਕਦੇ ਮੈਂ ਅਲਾਰਮ ਵੱਜਣ ਤੋਂ ਪਹਿਲਾਂ ਹੀ
ਉੱਠ ਜਾਂਦਾ ਹਾਂ
ਤੇ ਖੁਦ ਹੀ ਵੱਜਣ ਲਗਦਾ ਹਾਂ
ਘਰ ਦੇ ਲੋਕਾਂ ਦੇ ਨਾਲ ਗੁਆਂਢੀਆਂ ਨੂੰ ਵੀ ਜਗਾ
ਦਿੰਦਾ ਹਾਂ ਜਦੋਂ ਮੈਂ ਵਿਦਿਆਰਥੀ ਸੀ
ਗੂੜ੍ਹੀ ਨੀਂਦ ਆਉਣ ਲਈ ਬੇਨਤੀ ਕਰਦਾ ਸੀ
ਪਰ ਹੁਣ ਉਮਰ ਦੇ ਇਸ ਪੜਾਅ ਤੇ ਅਲੋਪ ਹੋ ਗਈ
ਹੈ ਨੀਂਦ ਪਾਸੇ ਬਦਲਦੇ ਲੰਘਦੀ ਹੈ ਰਾਤ
ਨੀਂਦ ਭਟਕਦੀ ਨਹੀਂ ਨੇੜੇ ਤੇੜੇ
ਮੈਂ ਡਾਕਟਰ ਦੀ ਸਲਾਹ ਤੇ
ਆਪਣੀ ਨੀਂਦ ਦਾ ਸਫ਼ਰ
ਅੱਧੀ ਸਲੀਪ ਵੈਲ ਟੇਬਲੇਟ ਤੋਂ ਸ਼ੁਰੂ ਕੀਤਾ
ਤੇ ਫੇਰ ਇਕ ਫੇਰ ਦੋ ਤੱਕ ਪਹੁੰਚ ਗਿਆ
ਹੁਣ ਇਹ ਆਲਮ ਹੈ ਕਿ
ਡਾਕਟਰ ਦੀ ਨੀਂਦ ਹਰਾਮ ਕਰ ਦਿੱਤੀ ਮੈਂ
ਬੇਟਾ ਝੁੰਜਲਾ ਕੇ ਬੋਲਦਾ ਹੈ
ਸਾਰੇ ਪਿੰਡ ਦੇਸ਼ ਦੀ ਚਿੰਤਾ ਕਰਨ ਦਾ ਠੇਕਾ
ਕੀ ਤੁਸੀਂ ਹੀ ਲੈ ਲਿਆ ਹੈ
ਹੋਰ ਵੀ ਤਾਂ ਲੋਕ ਹਨ ਗਾਂਧੀ ਬਣਨ ਦੇ ਲਈ
ਸਲੀਪ ਵੈਲ ਟੇਬਲੇਟ ਦਾ ਪੱਤਾ ਹੱਥ ਵਿੱਚ
ਫੜਾਉਂਦੇ ਬੇਟਾ ਪੁੱਛਦਾ ਹੈ
ਆਖਿਰ ਨੀਂਦ ਕਿਉਂ ਨਹੀਂ ਆਉਂਦੀ ਤੁਹਾਨੂੰ ?
ਇੱਕ ਦਿਨ ਇਹੀ ਸਵਾਲ
ਮੈਂ ਆਪਣੇ ਪਿਤਾ ਨੂੰ ਕੀਤਾ ਸੀ
ਉਹ ਵੀ ਚੁੱਪ ਹੋ ਗਏ ਸਨ ਮੇਰੇ ਹੀ ਵਾਂਗ।

### ਮਿੰਨੀ ਕਹਾਣੀ

## ਉਧਾਲ / ਡਾ.ਹਰਪ੍ਰੀਤ ਸਿੰਘ ਰਾਣਾ



ਸਾਂਝੇ ਪਰਿਵਾਰ ਵਿਚ ਦੋਨੋਂ ਦਰਾਣੀ-ਜਠਾਣੀ ਖੁਸ਼ਹਾਲ ਜੀਵਨ ਬਤੀਤ ਕਰ ਰਹੀਆਂ ਸਨ। ਦਰਾਣੀ ਕੁੱਝ ਮਾਡਰਨ ਸੁਭਾਅ ਦੀ ਸੀ। ਪਤੀ ਉਸ ਦਾ ਵਿਦੇਸ਼ ਵਿਚ ਸੀ ਤੇ ਇਸ ਕਾਰਨ ਉਹ ਇਕੱਲ ਮਹਿਸੂਸ ਕਰਦੀ। ਜਠਾਣੀ ਰਵਾਇਤੀ ਕਦਰਾਂ ਕੀਮਤਾਂ ਦੀ ਹਾਮੀ, ਪੂਜਾ ਪਾਠ ਵੱਲ ਵਧੇਰੇ ਹੀ ਰੁਚਿਤ ਸੀ। ਉਸਦੇ ਪਤੀ ਦੀ ਸ਼ਹਿਰ ਵਿਚ ਦੁਕਾਨ ਸੀ। ਉਹ ਸਵੇਰੇ ਘਰੋਂ ਨਿਕਲਦਾ ਤੇ ਰਾਤੀਂ ਮੁੜਦਾ। ਗੁਆਂਢ ਵਿਚ ਕਿਰਾਏ ਉਤੇ ਰਹਿੰਦੇ ਇਕ ਛੜੇ ਡਰਾਈਵਰ ਨਾਲ ਦਰਾਣੀ ਦਾ ਸੋਸ਼ਲ ਮੀਡੀਆ ਰਾਹੀਂ ਰਾਬਤਾ ਕਾਇਮ ਹੋ ਗਿਆ ਤੇ ਉਸ ਦਾ ਝੁਕਾਅ ਡਰਾਈਵਰ ਵੱਲ ਹੋਣ ਗਿਆ ਤੇ ਜਦੋਂ ਵੀ ਡਰਾਈਵਰ ਘਰ ਆਉਂਦਾ ਤਾਂ ਦਰਾਣੀ ਚੁਬਾਰੇ ਉਤੇ ਚੜ੍ਹ ਕੇ ਗੁਆਂਢੀਆਂ ਦੇ ਵਿਹੜੇ ਵੱਲ ਝਾਤੀਆਂ ਮਾਰਨ ਲੱਗਦੀ। ਸਿਆਣੀ ਸੱਸ ਨੇ ਇਹ ਭਾਂਪ ਲਿਆ ਤੇ ਛੋਟੀ ਨੂੰਹ ਨੂੰ ਇਸ਼ਾਰਿਆਂ ਵਿਚ ਤਾੜਨਾ ਕੀਤੀ ਤੇ ਵੱਡੀ ਨੂੰਹ ਨੂੰ ਦਰਾਣੀ ਦੀ ਪਹਿਰੇਦਾਰੀ ਕਰਨ ਦਾ ਇਸ਼ਾਰਾ ਕਰ ਦਿੱਤਾ। ਦਰਾਣੀ ਜਦੋਂ ਵੀ ਚੁਬਾਰੇ ਉਤੇ ਜਾਂਦੀ ਤਾਂ ਪਿੱਛੋਂ ਜਠਾਣੀ ਵੀ ਪਹੁੰਚ ਜਾਂਦੀ। ਦਰਾਣੀ ਵੀ ਸੰਭਲ ਗਈ ਤੇ ਡਰਾਈਵਰ ਤੱਕ ਸੰਦੇਸ਼ ਪਹੁੰਚਾ ਦਿੱਤਾ ਕਿ ਉਹ ਹੁਣ ਹੋਰ ਅੱਗੇ ਨਹੀਂ ਵਧ ਸਕਦੀ। ਜਠਾਣੀ ਨੂੰ ਚੁਬਾਰੇ ਉੱਤੇ ਚੜ੍ਹ ਆਪਣੀ ਤਨਦੇਹੀ ਨਾਲ ਡਿਊਟੀ ਨਿਭਾਉਂਦੀ ਦੇਖ ਸੱਸ ਵੀ ਹੁਣ ਚਿੰਤਾ ਮੁਕਤ ਸੀ। ਤੇ ਇਕ ਦਿਨ ਗਲੀ ਵਿਚ ਰੌਲਾ ਪੈ ਗਿਆ ਕਿ ਅਤਰੋ ਦੀ ਵੱਡੀ ਨੂੰਹ ਨੂੰ ਡਰਾਈਵਰ ਉਧਾਲ ਕੇ ਲੈ ਗਿਆ ਹੈ। ਸੱਸ ਆਪਣੀ ਛੋਟੀ ਨੂੰਹ ਨੂੰ ਨਾਲ ਅੱਖ ਨਹੀਂ ਮਿਲਾ ਰਹੀ ਸੀ ਤੇ ਛੋਟੀ ਨੂੰਹ ਆਪਣੀ ਜਠਾਣੀ ਦੀ ਨਿੱਤ ਦਿਨ ਜਪਣ ਵਾਲੀ ਕਿੱਲੀ ਉੱਤੇ ਟੰਗੀ ਮਾਲਾ ਨੂੰ ਤੱਕ ਰਹੀ ਸੀ।

# ਮੋਹਨ ਕਾਹਲੋਂ ਦੀ ਆਂਚਲਿਕਤਾ / (ਬੇੜੀ ਤੇ ਬਰੇਤਾ ਦੇ ਸੰਦਰਭ ਵਿੱਚ) / ਹਰਜੀਤ ਸਿੰਘ

ਆਂਚਲਿਕਤਾ ਇੱਕ ਅਜਿਹੀ ਸਮਾਨਤਾ ਭਰੇ ਲੱਛਣਾਂ ਵਾਲੀ ਇਲਾਕਾਈ ਪੇਸ਼ਕਾਰੀ ਦੀ ਵਿਧੀ ਹੁੰਦੀ ਹੈ।ਜੋ ਆਪਣੀਆਂ ਭੂਗੋਲਿਕ, ਸਭਿਆਚਾਰਕ ਆਦਿ ਖਾਸ ਤਰਾਂ ਦੀਆਂ ਵਿਸ਼ੇਸ਼ਤਾਵਾਂ ਕਰਕੇ ਆਪਣੇ ਨਾਲ ਦੇ ਇਲਾਕੇ ਤੋਂ ਵੱਖਰੀ ਹੋਵੇ।ਇਸ ਵਿਚ ਖ਼ਾਸ ਇਲਾਕੇ ਦੇ ਆਂਚਲਿਕ ਜੀਵਨ ਦਾ ਯਥਾਰਥ ਚਿਤਰਨ ਕੀਤਾ ਜਾਂਦਾ ਹੈ "ਅੰਚਲ ਇੱਕ ਅਜਿਹਾ ਸਮਾਨ ਗੁਣਾਂ ਵਾਲਾ ਇਲਾਕਾ ਹੁੰਦਾ ਹੈ ਜੋ ਆਪਣੀਆਂ ਭੌਤਿਕ ਤੇ ਸਾਂਸਕ੍ਰਿਤ ਵਿਸ਼ੇਸ਼ਤਾਵਾਂ ਕਰਕੇ ਆਪਣੇ ਗੁਆਂਢੀ ਇਲਾਕਿਆਂ ਤੋਂ ਵੱਖਰਾ ਹੋਵੇ।ਇੱਕ ਰਾਸ਼ਟਰ/ਖੇਤਰ ਦਾ ਭਾਗ ਹੋਣ ਦੇ ਬਾਵਜੂਦ ਅੰਚਲ ਵਿਚ ਆਪਣੇ ਰੀਤੀ ਰਿਵਾਜ਼ਾਂ ਤੇ ਆਦਰਸ਼ਾਂ ਦੀ ਚੇਤਨਾ ਕੁਝ ਇਸ ਭਾਂਤ ਸੁੰਗਠਿਤ ਹੁੰਦੀ ਹੈ ਕਿ ਜਿਸ ਕਰਕੇ ਇਸ ਵਿਚ ਬਾਕੀ ਦੇਸ਼ ਨਾਲੋਂ ਵੱਖਰੇ ਅਸਲੇ ਦਾ ਭਾਵ ਵਰਤਮਾਨ ਹੰਦਾ ਹੈ"1

ਪੰਜਾਬੀ ਗਲਪ ਅਧਿਐਨ ਦੇ ਖੇਤਰ ਵਿਚ ਆਂਚਲਿਕ ਸ਼ਬਦ ਨੂੰ ਉਪ ਖੇਤਰੀ ਭਾਸ਼ਾ ਦੇ ਵਜੋਂ ਸਵੀਕਾਰ ਕੀਤਾ ਗਿਆ ਹੈ ਜੋ ਕਿ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਰੀਜ਼ਨਲ' ਦਾ ਪਰਾਇਵਾਚੀ ਸ਼ਬਦ ਹੈ।ਪੰਜਾਬੀ ਨਾਵਲ ਜਗਤ ਦੇ ਆਂਚਲਿਕ ਨਾਵਲ ਦੇ ਸਿਧਾਂਤਕ ਪੱਖ ਅਤੇ ਇਤਿਹਾਸਿਕ ਹੱਦਬੰਦੀਆਂ ਨੂੰ ਅੰਗਰੇਜ਼ੀ ਦੇ ਰੀਜ਼ਨਲ ਨਾਵਲ ਅਨੁਸਾਰ ਹੀ ਨਿਰਧਾਰਿਤ ਕੀਤਾ ਜਾਂਦਾ ਹੈ।ਪੰਜਾਬੀ ਨਾਵਲ ਸੰਸਾਰ ਵਿਚ ਜਸਵੰਤ ਸਿੰਘ ਕੰਵਲ, ਕਰਮਜੀਤ ਸਿੰਘ ਕੁੱਸਾ, ਹਰੀ ਸਿੰਘ ਦਿਲਬਰ, ਗੁਰਦਿਆਲ ਸਿੰਘ ਤੇ ਰਾਮ ਸਰੂਪ ਅਣਖੀ ਆਦਿ ਮਾਲਵੇ ਦੀ ਆਂਚਲਿਕਤਾ ਨੂੰ ਪੇਸ਼ ਕਰਨ ਵਾਲੇ ਸਿਰਕੱਢ ਨਾਵਲਕਾਰ ਹਨ।ਰਾਮ ਸਰੂਪ ਅਣਖੀ ਦਾ ਨਾਵਲ ਕੋਠੇ ਖੜਕ ਸਿੰਘ,ਗੁਰਦਿਆਲ ਸਿੰਘ ਦਾ ਅੱਧ ਚਾਨਣੀ ਰਾਤ, ਬੂਟਾ ਸਿੰਘ ਸ਼ਾਦ ਦਾ 'ਅੱਧੀ ਰਾਤ ਪਹਿਰ ਦਾ ਤੜਕਾ', ਰੋਹੀ ਦਾ ਫੁੱਲ'ਆਦਿ ਬਹੁਤ ਸਾਰੇ ਨਾਵਲਾਂ ਨੂੰ ਵਿਚਾਰਿਆ ਜਾ ਸਕਦਾ ਹੈ।ਇਸ ਤਰਾਂ ਪੰਜਾਬੀ ਦਾ ਇੱਕ ਹੋਰ ਸਿਰਮੌਰ ਨਾਵਲਕਾਰ ਮੋਹਨ ਕਾਹਲੋਂ ਹੈ ਜਿਹੜਾ ਹੁਣ ਤੱਕ ਆਪਣੇ ਸਮਕਾਲੀਆਂ ਨਾਲੋਂ ਅਣਗੋਲਿਆ ਹੀ ਰਿਹਾ ਹੈ।ਜਿਸ ਨੇ ਆਪਣੇ ਨਾਵਲਾਂ ਵਿਚ ਰਾਵੀ ਦਰਿਆ ਦੇ ਲਾਗਲੇ ਇਲਾਕੇ ਦੀ ਭਾਸ਼ਾ ਨੂੰ ਆਪਣੇ ਨਾਵਲਾਂ ਦੀ ਅਧਾਰ ਭੂਮੀ ਬਣਾਇਆ ਹੈ।ਉਸ ਦੇ ਨਾਵਲ ਬੇੜੀ ਤੇ ਬਰੇਤਾ, ਮੱਛਲੀ ਇੱਕ ਦਰਿਆ ਦੀ ਅਤੇ ਗੋਰੀ ਨਦੀ ਦਾ ਗੀਤ ਆਂਚਲਿਕਤਾ ਵਾਲੇ ਨਾਵਲ ਹਨ ਜਿੰਨ੍ਹਾ ਨੂੰ ਸਾਡੇ ਆਲੋਚਕਾਂ ਨੇ ਵਿਸਾਰਿਆ ਹੋਇਆ ਹੈ, ਕਿਉਂਕਿ ਆਂਚਲਿਕ ਨਾਵਲਕਾਰ ਦੇ ਤੌਰ ਉਤੇ ਅਸੀਂ ਜਿੰਨੀ ਤਵੱਜੋਂ ਮਾਲਵੇ ਦੇ ਨਾਵਲਕਾਰਾਂ ਨੂੰ ਦਿੱਤੀ ਹੋਈ ਹੈ ਉਨ੍ਹੀ ਕਿਸੇ ਵੀ ਹੋਰ ਉਪਭਾਸ਼ਾ ਨੂੰ ਨਹੀਂ।ਜਿਵੇਂ ਸਾਰਾ ਪੰਜਾਬ ਮਾਲਵੇ ਵਿਚ ਹੀ ਵੱਸਦਾ ਹੋਵੇ ਸਾਰਾ ਇਤਿਹਾਸ ਸਾਂਸਕ੍ਰਿਤੀ, ਸਮੱਸਿਆਵਾਂ, ਕਦਰਾ-ਕੀਮਤਾਂ, ਭਾਸ਼ਾਈ ਸਿਰਜਣਾਤਮਕ ਢੰਙ ਆਦਿ ਸਭ ਕੁਝ ਮਾਲਵੇ ਦਾ ਹੀ ਬਖਸ਼ਿਆ ਹੋਵੇ।ਮੋਹਨ ਕਾਹਲੋਂ ਦੀ ਨਾਵਲੀ ਵਿਲੱਖਣਤਾ ਦਾ ਆਭਾਸ ਉਸਦੇ ਨਾਵਲ 'ਬੇੜੀ ਤੇ ਬਰੇਤਾ' ਦੇ ਫਲੈਪ ਕਵਰ ਉਤੇ ਲਿਖੀਆਂ ਵੱਖ-ਵਖ ਵਿਦਵਾਨਾਂ ਦੀਆਂ ਟਿੱਪਣੀਆਂ ਪੜਦਿਆਂ ਹੀ ਹੋ ਜਾਂਦਾ ਹੈ।ਡਾ. ਅਤਰ ਸਿੰਘ ਦੇ ਸ਼ਬਦਾਂ ਵਿਚ 'ਬੇੜੀ ਤੇ ਬਰੇਤਾ' ਪੰਜਾਬੀ ਜ਼ਿੰਦਗੀ ਦੇ ਵਾਸਤਵਿਕ ਯਥਾਰਥ ਦੀ ਨਵੀ ਨਿਸ਼ੰਗ ਤੇ ਮਨੋਹਰ ਤਸਵੀਰ ਹੈ। ਪੰਜਾਬੀ ਸਖ਼ਸ਼ੀਅਤ ਦੇ ਦੁਖਾਂਤ ਦਾ ਵਿਲੱਖਣ ਚਿੱਤਰ ਆਂਚਲਿਕ ਉਦਰੇਵੇਂ ਦੀ ਕਸਕ ਭਰਿਆ।" 2 ਇਸ ਤਰਾਂ ਰਸ਼ੀਅਨ ਲੇਖਕ ਨਤਾਸ਼ਾ ਤੋਲ ਸਤਾਇਆ ਦੇ ਸ਼ਬਦਾਂ ਵਿਚ ਪਿਛਲੇ ਦਿਨਾਂ ਵਿਚ ਮਾਸਕੋ ਜਾਣ ਉਤੇ ਪ੍ਰੋਗਰੈਸ ਪਬਲਿਸ਼ਰ ਹਾਊਸ ਵਿਚ ਜਾਣ ਦਾ ਮੌਕਾ ਮਿਲਿਆ।ਰਾਬਿਨੋਵਿਚ ਵੱਲੋਂ ਰੂਸੀ ਵਿਚ ਅਨੁਵਾਦ ਕੀਤੇ ਗਏ ਤੁਹਾਡੇ ਨਾਵਲ 'ਬੇੜੀ ਤੇ ਬਰੇਤਾ' ਦੀ ਉਥੇ ਬੜੀ ਚਰਚਾ ਸੀ।ਮੈਂ ਮਾਸਕੋ ਤੋਂ ਦੂਰ ਬੈਠੀ ਹਾਂ ਪੀਤਰਬਜ਼ੁਰਗ ਵਿਚ ਮੈਨੂੰ ਵੀ ਆਪਣੀ ਕੋਈ ਕਿਤਾਬ ਭੇਜੋ ਤੇ ਆਪਣੇ ਬਾਰੇ ਲਿਖੋ।"3 ਇਸ ਤਰਾਂ ਡਾ. ਗੁਰਪਾਲ ਸਿੰਘ ਸੰਧੂ, ਮੋਹਨ ਕਾਹਲੋਂ ਦੀ ਵਿਲੱਖਣਤਾ ਬਾਰੇ ਲਿਖਦੇ ਹਨ ਕਿ, "ਉਸ ਦੀ ਵਿਲੱਖਣਤਾ ਇਹ ਹੈ ਕਿ ਉਸਨੇ ਪਹਿਲੀ ਵਾਰੀ ਪੰਜਾਬੀ ਨਾਵਲ ਵਿਚ ਅਰਧ ਪਹਾੜੀ ਅਤੇ ਰਾਵੀ ਨਾਲ ਲੱਗਦੇ ਪੂਰਬੀ ਪੰਜਾਬ ਦੇ ਜ਼ਿਲੇ ਗੁਰਦਾਸਪੁਰ ਦੇ ਮਲਾਹਾਂ, ਗੁੱਜ਼ਰਾਂ ਤੇ ਹੋਰ ਜਾਤੀਆਂ ਦੇ ਭਰਵੇਂ ਬਿਰਤਾਤਾਂ ਰਾਹੀਂ ਇਸ ਵਿਸ਼ੇਸ਼ ਖਿੱਤੇ ਦੇ ਜੀਵਨ ਦ੍ਰਿਸ਼ ਨੂੰ ਪੇਸ਼ ਕੀਤਾ ਹੈ।ਇਹ ਉਹ ਇਲਾਕਾ ਹੈ ਜਿੱਥੇ ਰਾਵੀ ਪਹਾੜਾਂ ਤੋਂ ਉਤਰ ਕੇ ਮੈਦਾਨਾਂ ਵਿਚ ਆਉਂਦੀ ਹੈ। ਇਹ ਖੇਤਰ ਚੰਬੇ ਤੋਂ ਡੇਰਾ ਬਾਬਾ ਨਾਨਕ ਫੈਲਿਆ ਹੋਇਆ ਹੈ।"4 ਇਹ ਨਾਵਲ ਨਾਂ ਤਾਂ ਕੇਵਲ ਪਹਾੜੀ ਇਲਾਕੇ ਨਾਲ ਸੰਬੰਧਿਤ ਹੈ ਤੇ ਨਾਂ ਹੀ ਨਿਰੋਲ ਮੈਦਾਨੀ ਇਲਾਕੇ ਨਾਲ ਹੈ, ਇਹ ਨਾਵਲ ਪੰਜਾਬ ਦੇ ਇੱਕ ਖਾਸ ਤਰ੍ਹਾਂ ਦੇ ਇਲਾਕੇ ਦੇ ਦੋ ਪੋਲਾਂ ਵਿਚਕਾਰ ਗੋਲ ਕਰਨ ਉਪਰੰਤ ਜੇਤੂ ਧਿਰ ਦਾ ਮਹਾਨ ਖਿਲਾੜੀ ਬਣਨ ਦੀ ਲਾਲਸਾ ਵਾਲੇ ਪਾਤਰਾਂ ਦੀ ਜ਼ਿੰਦਗੀ ਦੀ ਅਜਬ ਕਹਾਣੀ ਹੈ।ਜਿਸ ਵਿਚ ਇਕ ਪਾਸੇ ਅੰਧਵਿਸ਼ਵਾਸ ਤੇ ਜਗੀਰਦਾਰੀ ਵਿਵਸਥਾ ਅਤੇ ਦੂਸਰੇ ਪਾਸੇ ਪਰੰਪਰਾਗਤ ਸਾਂਸਕ੍ਰਿਤ ਕਦਰਾਂ ਕੀਮਤਾ ਦੇ ਵਿਭਿੰਨ ਰੂਪਾਂ ਦੀ ਹੋਂਦ ਵੀ ਹੈ।

ਨਾਵਲ ਵਿਚ ਸ਼ਾਹਣੀ, ਗੋਮੀ, ਮਾਤਾ ਆਸ਼ੋ ਆਦਿ ਹਿੰਦੂ ਇਸਤਰੀ ਪਾਤਰ ਹਨ।ਲਾਜੋ ਆਪਣੀ 12 ਸਾਲ ਦੀ ਉਮਰ ਵਿਚ ਹੀ ਵਿਧਵਾ ਹੋ ਜਾਂਦੀ ਹੈ ਜੋ ਬਾਅਦ ਵਿਚ ਲਾਜੋ ਸ਼ਾਹਣੀ ਦੇ ਨਾਮ ਨਾਲ ਆਪਣਾ ਅਸਤਿੱਤਵ ਕਾਇਮ ਕਰਦੀ ਹੈ।ਇੱਥੇ ਨਾਵਲਕਾਰ ਸਮਾਜਿਕ ਸਿਸਟਮ ਵਿਚ ਬਾਲ ਵਿਆਹ ਵਿਵਸਥਾ ਵੱਲ ਵੀ ਇਸ਼ਾਰਾ ਕਰਦਾ ਹੈ।ਨਾਵਲਕਾਰ ਇਸ ਇਲਾਕੇ ਦੀਆਂ ਮਨੁੱਖ ਵਿਰੋਧੀ ਰੂੜੀਗਤ, ਬੰਜਰ ਤੇ ਵਿਭਚਾਰੀ

ਬਿਰਤੀਆਂ ਅਤੇ ਜਗੀਰਦਾਰੀ ਵਿਵਸਥਾ ਅਧੀਨ ਹਿੰਦੂ ਧਾਰਮਿਕ ਸੰਸਥਾਵਾਂ ਦੀ ਨਿਰਬਲਤਾ ਉਤੇ ਵਿਅੰਗ ਕਰਦਾ ਹੈ,"ਤੇ ਫਿਰ ਮੰਦਰ ਦੀ ਗੁੱਠ ਵਿਚ ਤੁਲਸੀ ਦੇ ਬੂਟੇ ਦੁਆਲੇ ਉਝਾਂ ਤੋਹਮਤਾਂ ਉਗਣ ਲੱਗਦੀਆਂ ਹਨ। ਲਾਜੋ ਦਾ ਪਿਓ ਡਰ ਜਾਂਦਾ ਹੈ, ਮਾਂ ਘਬਰਾ ਜਾਂਦੀ ਹੈ। ਲਾਜੋ ਨੂੰ ਭਗਵਾਨ ਨੂੰ ਸੌਂਪ ਕੇ ਵੀ ਉਹ ਸੁਰਖ਼ਰੂ ਨਹੀਂ ਹਨੂੰਮਾਨ ਮਹਾਂ ਬਲੀ ਦੇ ਘਰ ਵਿਚ ਵੀ ਉਹ ਲਾਜੋ ਨੂੰ ਨਿਆਸਰੀ ਸਮਝਦੇ ਨੇ।"5 ਮੋਹਨ ਕਾਹਲੋਂ ਦੇ ਇਸ ਨਾਵਲ ਵਿਚ ਇਸ ਜੀਵਨ ਸ਼ੈਲੀ ਦੇ ਸਾਂਸਕ੍ਰਿਤਕ ਮੁੱਲਾਂ ਦੀ ਪਾਤਰਾਂ ਉਪਰ ਕਰੜੀ ਪਕੜ ਦਾ ਸਬੂਤ ਪੇਸ਼ ਕਰਦਾ ਹੈ।

ਮੋਹਨ ਕਾਹਲੋਂ ਦੇ ਨਾਵਲਾਂ ਵਿਚ ਧਾਰਮਿਕ ਡੇਰਿਆਂ, ਸਾਧਾਂ-ਸੰਤਾਂ ਦੇ ਜੀਵਨ ਦੇ ਅੰਦਰੂਨੀ ਰਹੱਸਾਂ ਵੱਲ ਖੁੱਲ੍ਹ ਕੇ ਸੰਕੇਤ ਕਰਦਾ ਹੈ। ਚੋਮਿੰਡਾ ਦੇਵੀ ਦੇ ਮੰਦਰ ਦਾ ਸੱਤਰ ਸਾਲਾ ਬਜ਼ੁਰਗ ਪੁਜਾਰੀ ਦੁਆਰਾ ਲਾਜੋ ਦਾ ਕੀਤਾ ਜਿਨਸੀ ਸ਼ੋਸ਼ਣ ਜਗੀਰਦਾਰੀ ਵਿਵਸਥਾ ਦਾ ਧਾਰਮਿਕ ਸੰਸਥਾਵਾਂ 'ਤੇ ਕਬਜ਼ੇ ਅਤੇ ਉਨਾਂ ਦੇ ਵਿੱਭਚਾਰੀ ਸੁਭਾਓ ਦੀ ਪੇਸ਼ਕਾਰੀ ਹੈ। ਮੰਦਰਾਂ ਵਿਚੋ ਗਾਇਬ ਇਨਸਾਨੀਅਤ ਅਤੇ ਭਾਰੀ ਅੰਧਵਿਸ਼ਵਾਸ਼ ਅਧੀਨ ਪੁਜਾਰੀ ਦੇ ਬਾਕੀ ਚੇਲੇ/ਚੇਲੀਆਂ ਪੁਜਾਰੀ ਦੀ ਹਵਸ ਪੂਰਤੀ ਸਮੇਂ ਲਾਜੋ ਦੀਆਂ ਚੀਕਾਂ ਨੂੰ ਰੂਹਾਂ ਦਾ ਭਾਰੀ ਮੰਨਣਾ ਤੇ ਉਹਨਾਂ ਦੀ ਪਰ-ਨਿਰਭਰ ਹੋਂਦ ਦੇ ਵਿਵੇਕ ਨੂੰ ਸਿਰਜਦਾ ਹੈ,"ਸਭ ਨੂੰ ਅਸਲੀ ਭਾਰ ਦਾ ਪਤਾ ਹੁੰਦਾ ਹੈ ਪਰ ਰੋਟੀ ਕੱਪੜੇ ਤੇ ਗੁਰੂ ਦੇ ਚੇਲੇ ਦੇ ਸਤਿਕਾਰ ਦੀ ਮਜਬੂਰੀ ਸਭ ਦੇ ਮੂੰਹ ਬੰਦ ਰੱਖਦੀ ਹੈ। ਕੌਣ ਮੰਨੇਗਾ ਕਿ ਲਾਜੋ ਨੂੰ ਕਈ ਵਰ੍ਹੇ ਰਾਤ ਨੂੰ ਰੁੱਖ ਉਤੇ ਚੜ ਕੇ ਸਾਉਣਾ ਪੈਂਦਾ ਰਿਹਾ ਖੱਡ ਦੇ ਕੰਡੇ, ਵੱਗਦੇ ਪਾਣੀ ਉਤੇ ਨੱਕੇ ਇੱਕ ਸਿੰਬਲ ਦੇ ਰੁੱਖ ਉਤੇ।"6 ਮੰਦਰ ਵਿਚੋਂ ਭੱਜੀ ਲਾਜੋ ਇੱਕ ਧਰਮਸ਼ਾਲਾ ਦੇ ਮਹੰਤ ਭਾਗ ਸਿੰਘ ਦੀ ਘਰਵਾਲੀ ਬਣ ਕੇ ਰਹਿੰਦੀ ਹੈ। ਜਿਸ ਭਾਗ ਸਿੰਘ ਮਹੰਤ ਦੀ ਉਮਰ ਲਾਜੋ ਦੇ ਪਿਓ ਦੇ ਪਿਓ ਦੇ ਹਾਣ ਦੀ ਹੈ। ਉਸ ਦੀ ਹਵਸ ਦਾ ਸ਼ਿਕਾਰ ਹੋਈ ਲਾਜੋ ਆਪਣਾ ਅਸਤਿੱਤਵ ਛੱਡ ਕੇ ਬੱਸ ਸੋਹਣੇ ਕੱਪੜੇ, ਗਹਿਣੇ-ਗੋਟੇ ਆਦਿ ਯਾਦ ਰੱਖਦੀ ਹੈ। ਸੱਜ-ਧੱਜ ਕਿ ਰਹਿਣਾਂ ਹੀ ਉਸ ਨੂੰ ਆਪਣੀ ਪਛਾਣ ਬਣਦਾ ਦਿਖਾਈ ਦਿੰਦਾ ਹੈ। ਦੂਜੇ ਪਾਸੇ ਲਾਜੋ ਦੀ ਅਵਾਜ਼ ਨੂੰ ਆਂਢਣਾਂ-ਗੁਵਾਂਢਣਾਂ ਬੜੀਆਂ ਹੀ ਘਟੀਆ ਨਜ਼ਰਾਂ ਨਾਲ ਵੇਖਦੀਆਂ ਹਨ। ਉਹ ਤਰ੍ਹਾਂ-ਤਰ੍ਹਾਂ ਦੇ ਵਿਅੰਗ ਕਸਦੀਆਂ ਹਨ,"ਰੱਬ ਰੂਪ ਵੀ ਦਿੰਦਾ ਰੰਡੀਆਂ ਨੂੰ। ਰੰਡੀਆਂ ਨੂੰ ਪੈਣ ਡੰਡੀਆਂ। ਸ਼ਰਮ ਵਿਆਹੀਆਂ ਨੂੰ ਰੰਡੀਆਂ ਵੇਚ ਕੇ ਖਾਧੀ।"7 ਸਮਾਜਕ ਤਨਜਾਂ ਦੀ ਮਾਰੀ ਲਾਜੋ ਉਥੋਂ ਵੀ ਭੱਜ ਜਾਂਦੀ ਹੈ। ਜਿਉਣੇ ਘੁਮਿਆਰ ਦੇ ਘੁੱਲੇ ਸ਼ਾਹ ਨਾਲ ਕੀਤੇ ਸੌਦੇ ਕਾਰਣ ਘੁੱਲੇ ਸ਼ਾਹ ਦੇ ਕੋਲ ਪਹੁੰਚ ਜਾਂਦੀ ਹੈ।

ਨਾਵਲ ਵਿਚ ਕਾਮ ਵੇਗ ਦੇ ਹੜ੍ਹ ਵਿਚ ਵਹਿ ਜਾਣ ਵਾਲੇ ਮਰਦ ਪਾਤਰਾਂ ਦੇ ਭਿੰਨ-ਭਿੰਨ ਚਿਹਰੇ ਸਾਹਮਣੇ ਆਏ ਹਨ। ਨਾਵਲਕਾਰ ਮਰਦ ਪ੍ਰਧਾਨ ਸਮਾਜ ਵਿਚ ਕਿਰਦਾਰ ਦੀ ਗਿਰਾਵਟ ਨੂੰ ਸਥਿਤੀਆਂ ਦੀ ਪੇਸ਼ਕਾਰੀ ਦੱਸਣ ਦੀ ਬਜਾਇ ਸੁਚੇਤ ਪੱਧਰ ਉਤੇ ਉਸਦੀ ਨਿੱਜੀ ਚੋਣ ਦੇ ਵਿਕਾਸ ਨਾਲ ਜੋੜ ਦਿੰਦਾ ਹੈ। ਘੁੱਲੇ ਸ਼ਾਹ ਦੇ ਢਾਬੇ ਤੇ ਪਹੁੰਚ ਕੇ ਲਾਜੋ ਤੋਂ ਸ਼ਾਹਣੀ ਬਣਨ ਦੇ ਸਫ਼ਰ ਨੂੰ ਹੰਡਾਉਦੀ ਉਹ ਆਪਣੀ ਮਾੜੀ ਹੋਂਦ ਨੂੰ ਪੂਰਣ ਰੂਪ ਵਿਚ ਸਵੀਕਾਰਦੀ ਪ੍ਰਤੀਤ ਹੁੰਦੀ ਹੈ। ਪ੍ਰੰਤੂ ਔਰਤ ਹੋਣ ਦਾ ਅਹਿਸਾਸ ਉਸ ਵਿਚੋਂ ਕਦੇ ਖਤਮ ਨਹੀ ਹੁੰਦਾ। ਜਗੀਰਦਾਰੀ ਕਦਰਾਂ ਕੀਮਤਾਂ ਦੀ ਜਕੜਬੰਦੀ ਵਿਚੋਂ ਲਾਜੋ ਤੋਂ ਸ਼ਾਹਣੀ ਬਣਨ ਦੀਆਂ ਹਾਲਤਾਂ ਇੱਕ ਔਰਤ ਦੀ ਨਿਗੂਣੀ ਹੋਂਦ ਦੇ ਵਿਵੇਕ ਦੀ ਸਿਰਜਣਾ ਹੈ ਹੁਣ ਲਾਜੋ ਖਤਮ ਹੋ ਗਈ ਹੈ ਤੇ ਬਾਕੀ ਬਚਦੀ ਸ਼ਾਹਣੀ ਰਹਿ ਗਈ ਹੈ ਜਿਸ ਨੂੰ ਸਵੀਕਾਰਨ ਮੌਕੇ ਉਸਦੀ ਮਨੋਦਸ਼ਾ ਅਜਿਹੀ ਬਣਦੀ ਹੈ,"ਉਹਨੂੰ ਉਸ ਕੁੜੀ ਦਾ ਨਾਂ ਵੀ ਬੜੀ ਮੁਸ਼ਕਿਲ ਨਾਲ ਯਾਦ ਆਉਂਦਾ ਏ। ਸ਼ਾਹਣੀ, ਸ਼ਾਹਣੀ, ਸ਼ਾਹਣੀ। ਸੁੱਤਿਆਂ, ਜਾਗਦਿਆਂ, ਹਰ ਵੇਲੇ ਹਰ ਇੱਕ ਦੀ ਜ਼ਬਾਨ ਉਤੇ ਇਹੋ ਨਾਂ, ਲੋਕਾਂ ਨੂੰ ਵੀ ਨਾਂ ਨਾਲ ਕੀ? ਅੰਬ ਖਾਣ ਨਾਲ ਮਤਲਬ ਹੁੰਦਾ ਹੈ, ਬੂਟੇ ਗਿਣਨ ਨਾਲ ਥੋੜਾ।"8

ਮੋਹਨ ਕਾਹਲੋਂ ਦੇ ਨਾਵਲਾਂ ਦਾ ਇੱਕ ਹੋਰ ਮਹੱਤਵਪੂਰਨ ਤੇ ਜ਼ਿਕਰਯੋਗ ਪਹਿਲੂ ਉਸ ਦੁਆਰਾ ਕੀਤੀ ਗਈ ਭਾਸ਼ਾ ਦੀ ਵਰਤੋਂ ਹੈ। ਕਾਹਲੋਂ ਵੱਖ-ਵੱਖ ਖਿੱਤਿਆਂ ਪਾਤਰਾਂ ਦੀ ਨਿਵੇਕਲੀ-ਆਂਚਲਿਕ ਪਛਾਣ ਨੂੰ ਮੱਧਮ ਨਹੀ ਪੈਣ ਦਿੰਦਾ। ਨਾਵਲੀ ਬਿਰਤਾਂਤ ਵਿਚ ਭਾਸ਼ਾਈ ਵਿਵਿਧਤਾ ਦਾ ਤੀਬਰ ਪ੍ਰਭਾਵ ਹੈ ਜੋ ਉਸਦੇ ਨਾਵਲਾਂ ਦੀ ਪ੍ਰਾਪਤੀ ਮੰਨੀ ਜਾ ਸਕਦੀ ਹੈ। ਭਾਸ਼ਾ ਤੇ ਸ਼ੈਲੀ ਪੱਖੋਂ ਨਾਵਲ 'ਬੇੜੀ ਤੇ ਬੇਰਤਾ' ਇਕ ਸੰਪੂਰਨ ਆਂਚਿਲਕ ਨਾਵਲ ਹੈ। ਨਾਵਲਕਾਰ ਪਾਤਰਾਂ ਦੀ ਬੋਲੀ ਨੂੰ ਉਹਨਾਂ ਦੀਆਂ ਤਨਾਅਪੂਰਣ ਸਥਿਤੀਆਂ ਅਤੇ ਉਹਨਾਂ ਦੇ ਮਨੋਭਾਵਾਂ ਦੇ ਯਥਾਰਥ ਨੂੰ ਸਿਰਜਣ ਦੀ ਸਮਰੱਥਾ ਹੈ ਇਹਨਾਂ ਸਥਿਤੀਆਂ ਦੀ ਪੇਸ਼ਕਾਰੀ ਹਿੱਤ ਨਾਵਲਕਾਰ ਇਕ ਪਾਸੇ ਉਸ ਖੇਤਰ ਦੀ ਵਿਸ਼ੇਸ਼ ਮੁਹਾਵਰੇਦਾਰ ਠੁੱਕ ਵਾਲੀ ਬੋਲੀ ਅਤੇ ਦੂਜੇ ਪਾਸੇ ਪਾਤਰਾਂ ਦੀ ਜਾਤ-ਜਮਾਤ, ਉਹਨਾਂ ਦੀ ਬੌਧਿਕਤਾ ਦੇ ਪੱਧਰ ਅਨੁਸਾਰ ਚੋਣ ਕਰਦਾ ਹੈ। ਸਮੁੱਚੇ ਬਿਰਤਾਂਤ ਦੇ ਘਟਨਾਂ ਕਰਮ ਦੀ ਭਾਸ਼ਾ ਆਂਚਲਿਕ ਹੈ। ਵਾਰਤਾਲਾਪ ਸਿਰਜਣ ਸਮੇਂ ਨਾਵਲਕਾਰ ਗੁਰਦਾਸਪੁਰ ਅਤੇ ਪਠਾਨਕੋਟ ਦੋਹਾਂ ਖੇਤਰਾਂ ਦੀ ਬੋਲੀ ਵਿਸ਼ੇਸ਼ ਨੂੰ ਅਪਣਾਉਂਦਾ ਹੈ ਪਹਾੜੀ ਖੇਤਰ ਨਾਲ ਸੰਬੰਧਿਤ ਗੁੱਜਰ ਜਾਤੀ ਦੇ ਸ਼ੈਲੋ, ਬਾਨੋ, ਕਾਸਮ, ਸਦੀਕ ਆਦਿ ਪਾਤਰਾਂ ਦੀ ਬੋਲੀ ਪਹਾੜੀ ਪੰਜਾਬੀ ਹੈ। ਹਰ ਲੇਖਕ ਦੀ ਭਾਸ਼ਾ ਪੱਖੋਂ ਵੱਖਰਤਾ ਉਸਨੂੰ ਦੂਜਿਆ ਨਾਲੋ ਵੱਖਰਾ ਸਥਾਪਿਤ ਕਰਦੀ ਹੈ ਮੋਹਨ ਕਾਹਲੋਂ ਪਾਤਰਾਂ ਦੇ ਮੇਚ ਦੀ ਭਾਸ਼ਾ ਸਿਰਜਦਾ ਹੈ। ਨਾਵਲਕਾਰ 'ਬੇੜੀ ਤੇ ਬਰੇਤਾ' ਵਿਚ ਮੁੱਖ ਰੂਪ ਵਿਚ ਦੋ ਖੇਤਰਾਂ ਦੀ ਭਾਸ਼ਾ ਅਤੇ ਦੋ ਜਾਤੀਆ ਦੀ ਭਾਸ਼ਾ ਦੇ ਵੇਰਵਿਆਂ ਨੂੰ ਪੇਸ਼ ਕਰਦਾ ਹੈ ਮੋਹਨ ਕਾਹਲੋਂ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਹ ਭਾਸ਼ਾ ਭਾਵੇ ਉਸਦੇ ਆਪਣੇ ਖੇਤਰ ਦੀ ਨਹੀਂ ਹੈ, ਪ੍ਰਤੂੰ ਸਿਰਜਣਕਾਰੀ ਸਮੇਂ ਉਹ ਰੂਪਕਾਂ/ਉਪਮਾਂ ਦੀ ਵਰਤੋਂ ਵੀ

ਪਾਤਰਾਂ ਦੀ ਖਾਸ ਬੋਲੀ ਵਿਚੋਂ ਹੀ ਫੜਦਾ ਹੈ ਉਹ ਸ਼ੈਲੋ ਨੂੰ 'ਵਣੇ ਦੀ ਛਮਕਾਂ' ਅਤੇ ਸ਼ਾਹਣੀ ਨੂੰ ਪੱਕੇ ਦਿਆਰ ਦੀ ਬਰੀਕ ਰਗ ਦੀ ਗੇਲੀ, ਕਾਦਰ ਨੂੰ ਥੋਹਰ ਦੇ ਫੁੱਲਾਂ ਨਾਲ ਤੁਲਨਾਉਂਦਾ ਹੈ ਕਿਤੇ ਸ਼ਾਹਣੀ ਨੂੰ ਬਹੀ ਖੁਰਮਾਨੀ ਤੇ ਬਾਨੋ ਨੂੰ ਤਾਜੀ ਖੁਰਮਾਨੀ ਕਹਿੰਦਾ ਹੈ। ਇਸ ਤਰਾਂ ਨਾਵਲ ਵਿਚ ਹੋਰ ਬਹੁਤ ਥਾਵਾਂ ਉਤੇ ਪਾਤਰਾਂ ਦੀਆਂ ਵਿਸ਼ੇਸ਼ ਸਥਿਤੀਆਂ ਨੂੰ ਉਸ ਖੇਤਰ ਵਿਚ ਪ੍ਰਚੱਲਿਤ ਪ੍ਰਕ੍ਰਿਤੀ ਦੇ ਨਾਵਾਂ ਅਤੇ ਆਲੰਕਾਰਾਂ ਨਾਲ ਸੰਬੋਧਿਤ ਹੁੰਦਾ ਹੈ, "ਪੈਸੇ ਖਰਚ ਕੇ ਲਈ ਲੈ, ਮੁਖਤੇ ਦੀਆਂ ਨਹੁੰਦਰਾ ਮਾਰੇ ਦੀ। ਦੁੱਧ ਮਿਣਨੀ ਲਗਾ ਤੇ ਦੋ ਦੋ ਚੁੱਲੀਏ ਹਰ ਗੜਵੀਏ ਵਾਧੂ ਲੁੱਧੀ ਲੈਨਾ ਉਪਰੇ ਦੀ ਤੇ ਆਪਣੂ ਵਾਰੀਏ...। ਤੁਸੀਂ ਗੁਜਰੀਏ ਓਨਾ ਪਾਣੀ ਬੀ ਤੇ ਘੱਤੀ ਲੈਂਦੀਆਂ।" 9 ਸ਼ਾਹਣੀ ਮੈਦਾਨੀ ਇਲਾਕੇ ਵਿਚੋਂ ਆਏ ਗ੍ਰਾਹਕਾਂ ਨਾਲ ਪੰਜਾਬੀ ਬੋਲੀ ਵਿਚ ਵਾਰਤਾਲਾਪ ਕਰਦੀ ਹੈ, "ਮੇਰੇ ਤੇ ਇਹ ਮਖੀਰ ਨਾਂ ਚੋਈ ਹੁੰਦਾ...ਤੂੰ ਆਪੂੰ ਹੱਥ-ਪੱਲਾ ਮਾਰ ਕੇ ਦਿਖੀ ਲੈ, ਜੇ ਮੂੰਹ ਸਿਰ ਸੁਜਾਉਣਾ ਈ ਤੇ।"10 ਨਾਵਲਕਾਰ ਦੀ ਉਸ ਇਲਾਕੇ ਦੇ ਭਾਸ਼ਾਈ ਮੁਹਾਵਰੇ ਉਪਰ ਪਕੜ ਪਾਤਰਾਂ ਦੇ ਵਾਰਤਾਲਾਪਾਂ ਵਿਚੋਂ ਸਾਫ ਝਲਕਦੀ ਹੈ ਜਦੋਂ ਪਾਤਰ ਵਾਰਤਲਾਪ ਕਰਦੇ ਸਮੇਂ ਲਗਾਤਾਰ ਕਿੰਨੇ-ਕਿੰਨੇ ਹੀ ਮੁਹਾਵਰੇ ਵਰਤੇ ਜਾਂਦੇ ਹਨ। "ਸ਼ਾਹਣੀ ਤੇ ਗੋਮੀ ਨੂੰ ਇੰਜ ਤੋੜ ਤੁਰਿਆ ਜਿਵੇਂ ਪੱਕ ਕੇ ਬੇਰ ਟਹਿਣੀ ਨਾਲੋ ਗਿਰ ਪੈਂਦੇ। ਈਆਂ ਨੇ ਕਿਸੇ ਗਲਾਇਆ, ਕਾਲੇ ਪਟ ਨਾ ਚੜੇ ਸਫੈਦੀ, ਕਾਗ ਨਾ ਥੀਂਦੇ ਬੱਗੇ। ਹਰਾਮ ਖੋਰ ਕੁਸੀ ਥਾਂ ਦਾ...।"11 ਸ਼ੈਲੋ,ਬਾਨੋ ਤੇ ਕਾਦਰ ਹਾਸਾ ਠੱਠਾ ਕਰਕੇ ਆਪਣਾ ਪੈਂਡਾ ਮੁਕਾਉਂਦੇ ਹੋਏ ਜਦੋਂ ਆਪਣੀ ਭਾਸ਼ਾ ਵਿਚ ਗੱਲਾਂ ਕਰਦੇ ਹਨ ਤਾਂ ਨਾਵਲ ਵਿਚ ਇੱਕ ਵੱਖਰਾ ਸੁਆਦ ਭਰ ਜਾਂਦਾ ਹੈ,"...ਮੈਂ ਕੀ ਆਂ ਅੜੀਏ? ਕੁਸੇ ਜੋ ਵੀ ਨਹੀਂ ਛੋਡਾਂਦੀ। ਛੱਡਣ ਵਾਲੀ ਸ਼ੈ ਈ ਨਹੀਂ ਤੂੰ। ਬੰਦਾ ਸ਼ਾਹਣੀ ਕਿੰਨੇ ਗੋਮੀ ਦਾ ਦੁੱਧ ਜਾਈ ਚੰਘੇ।"12

ਨਾਵਲ ਦੇ ਚੌਦਵੇਂ ਕਾਂਡ ਦਾ ਵਸਤੂਗਤ ਯਥਾਰਥ ਮੁਸਲਮਾਨ ਜਾਤੀ ਦੇ ਮਲਾਹਾਂ ਦੇ ਜੀਵਨ ਅਤੇ ਉਹਨਾਂ ਦੀਅ ਸਮਾਜਿਕ ਕਦਰਾਂ-ਕੀਮਤਾਂ ਨਾਲ ਸਬੰਧਿਤ ਹੈ। ਜਿਸ ਦੀ ਸਿਰਜਣਾਂ ਮੁਸਲਮਾਨ ਜਾਤੀ ਦੇ ਭਾਸ਼ਾਈ ਮੁਹਾਵਰੇ ਵਿਚ ਪੂਰੀ ਫੱਬਦੀ ਹੈ, "ਬੇੜੀ ਦਾ ਤਰਨਾਂ ਮਲਾਹ ਦੀ ਕਿਸਮਤ ਹੁੰਦੈ। ਪੀਹੜੀਆਂ ਦਾ ਬਾਨ੍ਹਣ ਪੁਸ਼ਤਾਂ ਦਾ ਥਾਪਣਾਂ ਇਹਨੂੰ। ...ਬੇੜੀ ਇਕ ਤਰਦਾ ਪੁਲ ਏ ਜ਼ਿੰਦਗੀ ਦੇ ਵਹਿਣ ਉਤੇ।"13 ਉਹਨਾਂ ਦੇ ਸਾਂਸਕ੍ਰਿਤਕ ਜੀਵਨ ਦੇ ਵੇਰਵਿਆਂ ਨੂੰ ਨਾਵਲਕਾਰ ਬੜੇ ਸੁਚੱਜੇ ਢੰਗ ਨਾਲ ਚਿਤਰਦਾ ਹੈ,"ਮੰਗਣੀ, ਵਿਆਹ ਉਤੇ ਮਲਾਹ ਕਿਸੇ ਤਰਾਂ ਇੱਕ ਦੂਜੇ ਦੇ ਨਾਂ ਆ ਜਾ ਸਕੇ। ਮਜ਼ਬੂਰੀ ਸਮਝੀ ਜਾ ਸਕਦੀ ਏ। ਸੁੰਨਤਾਂ-ਮੰਨਤਾਂ ਹੋਣ ਜਾਂ ਧਮਾਣ, ਹਕੀਕੇ ਕੋਈ ਸ਼ਾਮਿਲ ਨਾ ਹੋ ਸਕੇ ਗਲ ਆਈ ਸਹੀ ਹੋ ਸਕਦੀ ਏ ਪਰ ਮਲਾਹ ਦੀ ਬੇੜੀ ਤਰਨ ਦੇ ਜਸ਼ਨ ਵਿਚ ਕੋਈ ਨਾਂ ਰਲੇ, ਇਹ ਭਲਾਂ ਕਦੀ ਹੋ ਸਕਦਾ? ਤੇ ਜੇ ਕਦੇ ਹੋ ਜਾਵੇ ਤਾਂ ਮਿਲਤਾ ਗਿਲਤਾ ਖਤਮ। ਨਿਉਂਦਰਾ ਭਾਜੀ ਬੰਦ ਤਲਾਕ ਹੁੰਦਿਆਂ ਤੇ ਨਿਕਾਹ ਟੁੱਟਦਿਆਂ ਘੜੀ ਨਹੀਂ ਲਗਦੀ।"14 ਇਸ ਕਾਂਡ ਦੇ ਅੰਤ ਵਿਚ ਨਾਵਲਕਾਰ ਉਸ ਇਲਾਕੇ ਵਿਚ ਅਜ਼ਾਦੀ ਤੋਂ ਪਿੱਛੋ ਵੀ ਆਮ ਲੋਕਾਂ ਦੀ ਪੁਲਿਸ ਵੱਲੋਂ ਕੀਤੀ ਜਾਂਦੀ ਲੁੱਟ ਅਤੇ ਪ੍ਰਸ਼ਾਸ਼ਨਿਕ ਢਾਂਚੇ ਬਾਰੇ ਉਹਨਾਂ ਦੀ ਕਾਰਜ ਸ਼ੈਲੀ ਦੀਆਂ ਜੋ ਪਰਤਾਂ ਉਧੇੜਦਾ ਹੈ,"ਜਦੋਂ ਦੀ ਥਾਣੇਦਾਰ ਨੂਰ ਇਲਾਹੀ ਦੀ ਬਦਲੀ ਇਸ ਪੁਲਿਸ ਚੌਂਕੀ ਵਿਚ ਹੋਈ ਸੀ ਉਹਦੀ ਵਰਦੀ ਅੱਗੇ ਨਾਲੋਂ ਤੰਗ ਹੋ ਗਈ ਸੀ ਘੋੜਿਆਂ ਤੋਂ ਲੈ ਕਿ ਜਨਾਨੀਆਂ ਤੱਕ ਸਭ ਕੁਝ ਮੁਫ਼ਤ। ਹਰ ਪਿੰਡ ਦੇ ਬਦਮਾਸ਼ਾਂ ਵੱਲੋਂ ਰਕਮਾਂ ਨੀਯਤ ਸਨ। ਟਾਊਟਾਂ ਦੀ ਵੱਡੀ ਵੱਖਰੀ...ਛੱਬੀ ਜਾਂ ਕਤਲ ਦੇ ਕੇਸ ਵਿਚ ਬੱਝੀ ਰਕਮ...ਅਸਲ ਵਿਚ ਹਰ ਥਾਣੇ ਜਾਂ ਚੌਂਕੀ ਦੀ ਪੁਲਿਸ ਦੇ ਅਣਲਿਖੇ ਵਿਹਾਰ ਵਿਚ ਮੁੱਲ ਹੁੰਦੈ। ਕੋਈ ਥਾਣਾ ਪੰਜ ਹਜ਼ਾਰ ਮਹੀਨਾ, ਕੋਈ ਸੱਤ ਹਜ਼ਾਰ...ਤੇ ਕੋਈ ਇਸ ਤੋਂ ਵੀ ਵੱਧ...। ਪੁਲਿਸ ਕਪਤਾਨ ਦੇ ਦਫਤਰ ਵਿਚ ਥਾਣੇ ਦੀ ਬੋਲੀ ਹੁੰਦੀ ਜਿਹੜਾ ਚੜ੍ਹ ਕੇ ਲੈ ਜਾਵੇ...।"15

ਨਾਵਲ ਦੇ ਪਾਤਰਾਂ ਦੀਆਂ ਸਮੱਸਿਆਵਾਂ ਸਮਾਜ ਵਿਚ ਆਰਥਿਕ ਅਤੇ ਸਮਾਜਿਕ ਪੱਖ ਤੋਂ ਪਈਆਂ ਵੰਡੀਆਂ ਵੀ ਬਣਦੀਆਂ ਹਨ। ਜਿਸ ਅਨੁਸਾਰ ਇਕ ਸਮਾਜ ਵਿਚ ਰਹਿੰਦੇ ਵਿਅਕਤੀਆਂ ਦੀ ਪਛਾਣ ਉਚੇ ਅਤੇ ਨੀਵੇਂ ਵਰਗਾਂ ਵਿਚ ਕੀਤੀ ਜਾਂਦੀ ਹੈ। ਸਾਡੇ ਸਮਾਜ ਵਿਚ ਸਦੀਆਂ ਪੁਰਾਣੀ ਅਲਾਮਤ ਵਰਣ ਵਿਵਸਥਾ ਦੀ ਸਮਾਜਿਕ ਮਰਿਯਾਦਾ ਦੇ ਭਿਅੰਕਰ ਰੂਪ ਨੂੰ ਤੋੜਦਾ ਹੋਇਆ ਬਾਖ਼ੂਬੀ ਸਿਰਜਦਾ ਹੈ,"ਨਾਮਧਾਰੀਆਂ ਦੀ ਗਲੀ ਮੂਹਰਲੀ ਖੂਹੀ ਉਤੇ ਚੜ੍ਹ ਕੇ ਕਾਦਰ ਨੇ ਪਾਣੀ ਦਾ ਡੋਲ ਕੱਢਿਆ ਤੇ ਜੀਤੇ ਨੇ ਪੀਤਾ। ਗੰਡੂ ਪ੍ਰੋਹਿਤ ਕਿਤੇ ਵੇਖਦਾ ਸੀ। ਅਨਰਥ ਹੋ ਗਿਆ ਓਏ ਪਿੰਡ ਦਿਓ ਸਾਊਓ, ਅਨਰਥ! ਹੇ ਮੇਰੇ ਰਾਮ! ਹੇ ਰਾਧੇ ਸ਼ਾਮ! ਜਲ ਪ੍ਰਮੇਸ਼ਵਰ ਭਰਿਸ਼ਟ ਹੋ ਗਿਆ।... ਕੰਨ ਦੁਆਲੇ ਜਨੇਊ ਵਲੇਟੀ ਕਾਦਰ ਅਤੇ ਜੀਤੇ ਮਗਰ ਭੱਜਿਆ। ਨੇੜੇ ਆਉਣ ਤੇ ਜੀਤੇ ਨੇ ਉਹਦੇ ਹੱਥਾਂ ਉਤੇ ਦਾਤਰੀ ਮਾਰੀ ਤੇ ਉਹ ਡਰ ਕੇ ਕਾਦਰ ਵਲ ਦੌੜਿਆ। ਕਾਦਰ ਨੇ ਇੱਕ ਇੱਟਾ ਚੁੱਕ ਕੇ ਅੱਗੋਂ ਦੇ ਮਾਰਿਆ। ਹੱਥਾਂ ਤੇ ਮੱਥੇ ਵਿਚੋਂ ਵਗਦਾ ਲਹੂ ਵੇਖਕੇ ਗੰਡੂ ਦਾਦੇ ਦਾ ਦਿਲ ਘਟਣ ਲੱਗਾ। ...ਜੀਤੇ ਤੇ ਕਾਦਰ ਨੇ ਮੁੜ ਕੇ ਖੂਹੀ ਉਤੇ ਪੈਰ ਧਰ ਪਾਣੀ ਕੱਢਣ ਲਈ ਰੱਖੀ ਲੱਕੜ ਮੋਢਿਆਂ ਉਤੇ ਚੁੱਕ ਲਈ ਤੇ ਨੇੜੇ ਵਗਦੇ ਦਰਿਆ ਵਿਚ ਤਾਰ ਕੇ ਉਪਰ ਆਪ ਚੜ੍ਹ ਬੈਠੇ।"16 ਇਸ ਗੰਭੀਰ ਘਟਨਾਂ ਤੋਂ ਬਾਅਦ ਲੋਕਾਂ ਦਾ ਹਜ਼ੂਮ ਮਰ ਰਹੇ ਗੰਡੂ ਪ੍ਰੋਹਿਤ ਨੂੰ ਛੱਡ ਕੇ ਦਰਿਆ ਵਿਚ ਲੱਕੜ ਉਤੇ ਤੈਰ ਰਿਹੇ ਕਾਦਰ ਤੇ ਜੀਤੇ ਵੱਲ ਵੇਖਣਾਂ, ਉਪਰਲੇ ਅਤੇ ਨੀਚੇ ਵਾਲੇ ਵਰਗ ਦੇ ਆਪਸੀ ਅੰਤਰ ਸੰਬੰਧਾਂ ਦੀਆਂ ਕਦਰਾਂ-ਕੀਮਤਾਂ ਦੇ ਵਿਰੋਧ ਵਿਚ ਹੈ। ਜਿਸ ਕਰਕੇ ਉਪਰਲੇ ਵਰਗ ਦੀ ਸਰਦਾਰੀ ਟੁੱਟਣੀ ਸ਼ੁਰੂ ਹੁੰਦੀ ਹੈ ਤੇ ਨੀਚੇ ਵਾਲਿਆਂ ਦੀ ਆਦਮੀਅਤ।

ਪੰਜਾਬੀ ਨਾਵਲ ਵਿਚ ਜੀਵਨ ਦੀ ਵਾਸਤਵਿਕਤਾ ਨੂੰ ਚਿਤਰਣ ਵੱਲ ਧਿਆਨ ਸਹੀ ਅਰਥਾਂ ਵਿਚ ਸੁਰਿੰਦਰ ਸਿੰਘ ਨਰੂਲਾ ਨੇ ਆਪਣੇ ਨਾਵਲ 'ਪਿਓ ਪੁੱਤਰ' ਰਾਹੀਂ ਦਿੱਤਾ ਹੈ।ਉਸਨੇ ਜੋ ਜੀਵਨ ਯਥਾਰਥ ਨੂੰ ਚਿਤਰਨ ਦੀ ਜੋ ਪਿਰਤ ਪਾਈ ਅਸੀਂ ਉਸ ਨੂੰ ਗੁਰਦਿਆਲ ਸਿੰਘ ਤੱਕ ਹੀ ਸੀਮਤ ਕਰ ਦਿੱਤਾ ਹੈ।"ਕੇਵਲ ਗੁਰਦਿਆਲ ਸਿੰਘ ਹੀ ਅਜਿਹਾ ਨਾਵਲਕਾਰ ਹੈ, ਜਿਸ ਨੇ ਪੂਰੇ ਇਲਾਕੇ ਦੀ ਸਾਂਸਕ੍ਰਿਤੀ ਵਿਚੋਂ ਉਪਜਣ ਵਾਲੀਆਂ ਲੋਕਾਂ ਦੀਆਂ ਸਮੱਸਿਆਵਾਂ ਦਾ ਆਪਣੇ ਨਾਵਲਾਂ ਵਿਚ ਚਿਤਰਨ ਕੀਤਾ ਹੈ।"17 ਇਸ ਵਿਚ ਕੋਈ ਸ਼ੱਕ ਨਹੀ ਕਿ ਗੁਰਦਿਆਲ ਸਿੰਘ ਮਾਲਵੇ ਦਾ ਵੱਡਾ ਆਂਚਲਿਕ ਨਾਵਲ ਸਿਰਜਣ ਵਾਲਾ ਨਾਵਲਕਾਰ ਹੈ ਲੇਖਕ ਨੇ ਸ਼ਾਇਦ ਗੁਰਦਿਆਲ ਸਿੰਘ ਤੋਂ ਬਾਹਰ ਕੋਈ ਨਾਵਲ ਨਹੀਂ ਪੜਿਆ ਕਿਉਂਕਿ ਉਸ ਦਾ ਕਥਨ ਹੈ,"ਮੋਹਨ ਕਾਹਲੋਂ ਦੀ ਸਮੱਸਿਆ ਇਹ ਹੈ ਕਿ ਉਸ ਦੇ ਨਾਵਲ ਦੀ ਕਹਾਣੀ ਲੋਕ ਜੀਵਨ ਦੇ ਵੇਰਵੇ ਚਿਤਰਨ ਦੇ ਬਾਵਜ਼ੂਦ ਮੁੱਖ ਰੂਪ ਵਿਚ ਜਿਨਸੀ ਵਿਦਰੋਹ ਦੀ ਰੁਮਾਂਸ ਕਥਾ ਬਣ ਕੇ ਰਹਿ ਜਾਂਦੀ ਹੈ।"18 ਡਾ. ਰਾਹੀ ਵੀ ਇਸਨੂੰ ਕੁਝ ਇਸ ਤਰ੍ਹਾਂ ਮੰਨਦੇ ਹਨ ਕਿ ਜਿਨਸੀ ਵਤੀਰੇ ਦੇ ਤਨਾਉ ਦੀ ਜਿਨਸੀ ਵਤੀਰੇ ਦੇ ਰੁਮਾਂਸ ਨਾਲ ਥਾਂ ਬਦਲੀ ਕਰਨ ਦੀ ਭਾਵੁਕਤਾ ਜਾਂ ਵਾਸ਼ਨਾ ਬਿਰਤੀ ਦਾ ਦੋਸ਼ੀ ਮੰਨਦੇ ਹਨ।ਸੰਤ ਸਿੰਘ ਸੇਖੋਂ ਇਸ ਨੂੰ ਪਾਸਵਿਕ ਰੁਚੀ ਅਥਵਾ ਪਸ਼ੂਵਾਦ ਮੰਨਦਾ ਹੈ,ਕਹਿੰਦਾ ਹੈ।"19 ਸਾਡੇ ਇਹਨਾਂ ਦੋਨਾਂ ਵਿਦਵਾਨਾਂ ਨੂੰ ਅਧਾਰ ਬਣਾ ਕੇ ਗੱਲ ਕਰਨ ਵਾਲੇ ਵੀ ਇਹਨਾਂ ਵਿਦਵਾਨਾਂ ਦੇ ਚਸ਼ਮਿਆਂ ਨਾਲ ਹੀ ਵੇਖਦੇ ਹਨ।ਸ਼ਾਇਦ ਜਿਸ ਤਰ੍ਹਾਂ ਦੀ ਸਥਾਨਕਤਾ ਦਾ ਚਿਤਰਣ ਸਮਾਜ ਦੇ ਵੱਡੇ ਤੋਂ ਵੱਡੇ ਰੂਪਾਂ ਤੋਂ ਲੈ ਕਿ ਛੋਟੇ ਤੋਂ ਛੋਟੇ ਰੂਪ ਪਰਿਵਾਰਿਕ ਇਕਾਈਆਂ ਤੱਕ ਪਹੁੰਚ ਕੇ ਉਹਨਾਂ ਦੀਆਂ ਕਦਰਾਂ-ਕੀਮਤਾਂ, ਕੰਮ-ਧੰਦਿਆ, ਰਹਿਣ-ਸਹਿਣ, ਬੋਲੀ, ਸਭਿਆਚਾਰ, ਵਿਸ਼ਵਾਸ਼ ਅਤੇ ਉਹਨਾਂ ਦੀ ਬੋਲੀ ਦੇ ਅਪ ਰੂਪ ਨੂੰ ਜਿਵੇਂ ਮੋਹਨ ਕਾਹਲੋਂ ਨੇ ਸਿਰਜਿਆ ਹੈ,ਸ਼ਾਇਦ ਹੀ ਗੁਰਦਿਆਲ ਸਿੰਘ ਦੀ ਸਿਰਜਣਾ ਅਜਿਹੀ ਹੋਵੇ। ਗੁਰਦਿਆਲ ਸਿੰਘ ਦੀ ਖ਼ਾਸੀਅਤ ਇਹ ਹੈ ਕਿ ਉਹ ਸਮਾਜ ਦੇ ਉਹਨਾਂ ਵੱਡੇ ਹਿੰਦਸਿਆਂ ਨੂੰ ਆਪਣੀ ਪਕੜ ਵਿਚ ਰੱਖਦਾ ਹੈ ਜੋ ਸਮਕਾਲੀ ਸਮਾਜ ਵਿਚ ਚੱਲ ਰਹੀਆਂ-ਰਾਜਨੀਤਕ ਲਹਿਰਾਂ ਦੇ ਘੋਲ ਨੂੰ ਆਪਣੇ ਪਿੰਡਿਆਂ ਤੇ ਹੰਡਾ ਰਹੇ ਹਨ।ਸੇਖੋਂ ਦੀ ਬਿਰਤੀ ਤਾਂ ਕੁਝ ਅਜਿਹੀ ਹੈ ਕਿ ਮਾਰਕਸਵਾਦ ਦੇ ਫੈਲਾਅ ਨੂੰ ਜਾਂ ਕਿਸੇ ਰਚਨਾ ਵਿਚ ਮਾਰਕਸਵਾਦੀ ਵਿਚਾਰਧਾਰਾ ਦੇ ਅੰਸ਼ ਨਾ ਮੌਜੂਦ ਹੋਣ ਤਾਂ ਉਸ ਨੂੰ ਰਚਨਾ ਹੀ ਸਵੀਕਾਰ ਨਹੀਂ ਕਰਦਾ।ਡਾ. ਰਾਹੀ ਵੀ ਮੋਹਨ ਕਾਹਲੋਂ ਦੇ ਨਾਵਲਾਂ ਨੂੰ ਪੜਦਿਆਂ ਆਦਰਸ਼ਵਾਦ ਦੇ ਪੱਲੜੇ ਨੂੰ ਭਾਰੀ ਰੱਖਦਾ ਹੈ।ਸਵਾਲ ਇਹ ਬਣਦਾ ਹੈ ਕਿ ਕੇਵਲ ਸਮੱਸਿਆਵਾਂ ਦਾ ਮਾਰਕਸਵਾਦੀ ਚਿਤਰਨ ਹੀ ਆਂਚਲਿਕਤਾ ਹੁੰਦਾ ਹੈ ਜਾਂ ਆਂਚਲਿਕਤਾ ਹੀ ਸਮੱਸਿਆ ਹੁੰਦੀ ਹੈ।ਮੋਹਨ ਕਾਹਲੋਂ ਆਪਣੇ ਨਾਵਲਾਂ ਨੂੰ ਵੀਹਵੀਂ ਸਦੀ ਵਿਚ ਚੱਲੀਆਂ ਰਾਜਨੀਤਿਕ ਲਹਿਰਾਂ ਤੇ ਉਹਨਾਂ ਲਹਿਰਾਂ ਦੇ ਸਾਹਿਤਕ ਹਲਕਿਆਂ ਵਿਚ ਪਏ ਅਸਰ ਤੋਂ ਉਪਜੀਆਂ ਪ੍ਰਗਤੀਵਾਦ ਅਤੇ ਜੁਝਾਰਵਾਦੀ ਲਹਿਰਾਂ ਦੇ ਪ੍ਰਭਾਵ ਤੋਂ ਦੂਰ ਰੱਖਦਾ ਹੈ।ਪ੍ਰੰਤੂ ਇਸ ਦਾ ਅਰਥ ਇਹ ਨਹੀਂ ਕਿ ਅਸੀਂ ਕਿਸੇ ਨੂੰ ਸਿਰਫ਼ ਰਾਜਨੀਤਿਕ ਲਹਿਰਾਂ ਦੇ ਪ੍ਰਭਾਵ ਅਧੀਨ ਹੀ ਪਰਖੀਏ ਕਿਉਂਕਿ ਸਮਾਜ ਦਾ ਬਹੁਤ ਵੱਡਾ ਹਿੱਸਾ ਹਮੇਸ਼ਾਂ ਹੀ ਲਹਿਰ ਮੁਕਤ ਹੁੰਦਾ ਹੈ ਜਿਸ ਦੀਆਂ ਆਪਣੀਆਂ ਨਿੱਜੀ ਮਜਬੂਰੀਆਂ ਸੰਕਟ ਆਦਿ ਹੁੰਦੇ ਹਨ।ਜਿਸ ਦੀ ਪੇਸ਼ਕਾਰੀ ਵੀ ਅਤੀ ਜ਼ਰੂਰੀ ਹੁੰਦੀ ਹੈ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਮੋਹਨ ਕਾਹਲੋਂ ਦੇ ਨਾਵਲਾਂ ਨੂੰ ਪੰਜਾਬੀ ਆਂਚਲਿਕ ਨਾਵਲ ਦੇ ਅੰਚਲ ਵਿਚ ਰੱਖ ਕੇ ਵੇਖੀਏ ਤਾਂ ਪੰਜਾਬੀ ਨਾਵਲ ਦਾ ਕੱਦ ਹੋਰ ਉਚਾ ਹੁੰਦਾ ਹੈ।ਸੋ ਮੋਹਨ ਕਾਹਲੋਂ ਵਾਰਿਸ ਵਰਗੇ ਮੁਹਾਵਰੇ ਦਾ ਮਾਲਕ ਆਲੰਕਾਰਾਂ/ਉਪਮਾਵਾਂ ਦੇ ਸਿਰਜਕ ਅਤੇ ਭਾਸ਼ਾਈ ਸਮਰੱਥਾ ਦੀ ਮਲਕੀਅਤ ਰੱਖਣ ਵਾਲਾ ਨਾਵਲਕਾਰ ਹੈ।

**ਹਵਾਲੇ**


1.ਇੰਟਰਨੈਸ਼ਨਲ ਇਨਸਾਈਕਲੋਪੀਡੀਆ ਆਫ ਸ਼ੋਸ਼ਲ ਸਾਇੰਸ VOC (XIII)

2. ਨਾਵਲ ਦੀ ਜਿਲਦ ਉਤੇ ਲਿਖੀਆਂ ਟਿੱਪਣੀਆਂ

3. 11 ਉਹੀ, ਪੰਨਾ 11

4. ਡਾ. ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ 2005, ਪੰਨਾ 22

5. ਮੋਹਨ ਕਾਹਲੋਂ, ਬੇੜੀ ਤੇ ਬਰੇਤਾ ਚੇਤਨਾ ਪ੍ਰਕਾਸ਼ਨ ਲੁਧਿਆਣਾ, 2005, ਪੰਨਾ 14

6. ਉਹੀ ਪੰਨਾ 14-15

7. ਉਹੀ ਪੰਨਾ 15

8. ਉਹੀ ਪੰਨਾ 17

9. ਉਹੀ ਪੰਨਾ 18

10. ਉਹੀ ਪੰਨਾ 24

11. ਉਹੀ ਪੰਨਾ 44

12. ਉਹੀ ਪੰਨਾ 45

13. ਉਹੀ ਪੰਨਾ 75

14. ਉਹੀ ਪੰਨਾ 75

15. ਉਹੀ ਪੰਨਾ 80

16. ਉਹੀ ਪੰਨਾ 36

17. ਜੋਗਿੰਦਰ ਸਿੰਘ ਰਾਹੀ, ਪੰਜਾਬੀ ਨਾਵਲ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ 1978, ਪੰਨਾ 182

18. ਸੁਖਬੀਰ ਕੌਰ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਆਂਚਲਿਕਤਾ, ਨਾਨਕ ਸਿੰਘ, ਪੁਸਤਕ ਮਾਲਾ, ਅੰਮ੍ਰਿਤਸਰ 1985, ਪੰਨਾ 38,

19. ਜੋਗਿੰਦਰ ਸਿੰਘ ਰਾਹੀ, ਪੰਜਾਬੀ ਨਾਵਲ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ 1978, ਪੰਨਾ 185



**ਸੇਖੋਂ ਸਟਰੀਟ, ਕਾਲਜ ਰੋਡ, ਦਾਖਾ**

## ਭਿਖਾਰੀ / ਯਸ਼ੋਧਰਾ ਭਟਨਾਗਰ



ਕਿੰਨਾ ਟਰੈਫਿਕ ਹੈ ! ਸਭ ਆਪਣੀ ਮਰਜੀ ਦੇ ਮਾਲਿਕ। ਟਰੈਫਿਕ ਰੂਲਸ ਕੌਣ ਫੌਲੋ ਕਰਦਾ ਹੈ ? ...ਜਦੋਂ ਤੱਕ ਪੁਲਿਸ ਦਾ ਡੰਡਾ ਨਾ ਪਏ ! ਪੀਂ....ਪੀਂ.....ਹਰ ਇੱਕ ਨੂੰ ਦੂਜੇ ਨਾਲੋਂ ਅੱਗੇ ਨਿਕਲਣ ਦੀ ਕਾਹਲੀ ਹੈ।

ਸਿਰ ਤੋਂ ਲੰਘ ਕੇ ਜਾਵੇਂਗਾ ਕੀ..........? ਅਤੇ ਫਿਰ ਜ਼ੁਬਾਨ ਨੂੰ ਸੰਭਾਲ ਲਿਆ।

ਉਹੀ ਹੋਇਆ ਉਸਦੀ ਕਾਰ ਨੂੰ ਛੋਂਹਦਾ ਉਹ ਅੱਗੇ ਨਿਕਲ ਗਿਆ । ਸਾਇਡ ਮਿਰਰ ਘੁੰਮ ਗਿਆ ਅਤੇ ਜ਼ੁਬਾਨ ਆਊਟ ਆਫ ਕੰਟਰੋਲ ਹੋ ਗਈ।

ਅੱਜ ਦਾ ਤਾਂ ਦਿਨ ਹੀ.....। ਸਿਰ ਉੱਤੇ ਮੁਸੀਬਤਾਂ ਦੀ ਗਠੜੀ ਬੰਨ੍ਹੀ ਘੁੰਮ ਰਿਹਾ ਹਾਂ । ਕਿੱਥੇ ਪਾਰਕ ਕਰਾਂ ?

ਬੜਬੜਾਉਂਦੇ ਹੋਏ ਕਾਰ ਲਾਈਨ ਵਿੱਚ ਲਾ ਦਿੱਤੀ।

ਵਾਹਨ ਪਾਰਕਿੰਗ ਵੀ ਵੱਡੀ ਸਮੱਸਿਆ ਹੈ। ਤਿੱਖੀ ਧੁੱਪ ਮੂੰਹ ਉੱਤੇ ਪੈ ਰਹੀ ਹੈ।

ਪੁੱਤਰ ! ਐ ਪੁੱਤਰ ! ਪਲਾਸਟਿਕ ਦੀ ਖਾਲੀ ਬੋਤਲਾਂ ਹੋਣ ਤਾਂ ਦੇ ਦੋ......।

ਝੁਰੜੀਆਂ ਭਰੇ ਚਿਹਰੇ ਉੱਤੇ ਮਮਤਾ ਨਾਲ ਭਰੀ ਉਹ ਬੁੜ੍ਹੀ ਬੇਬਸ ਤਰਸ ਭਰੀਆਂ ਅੱਖਾਂ ਨਾਲ ਪਲਾਸਟਿਕ ਦੀ ਖਾਲੀ ਬੋਤਲਾਂ ਦੀ ਆਸ ਵਿੱਚ ਉਸਨੂੰ ਵੇਖ ਰਹੀ ਸੀ।

ਨੀਤਾ ਤਰਸ ਭਾਵ ਨਾਲ ਪੰਜ ਦਸ ਰੁਪਏ ਕਦੇ ਮੰਗਤੇ ਨੂੰ ਦੇ ਦਿੰਦੀ ਤਾਂ ਵਿਚਾਰੀ ਨੂੰ ਕਿੰਨਾ ਕੁਝ ਸੁਣਨਾ ਪੈਂਦਾ ਹੈ ਪਰ ਉਹ ਤਾਂ ਗੈਰ ਜਰੂਰੀ ਖਾਲੀ ਬੋਤਲਾਂ ਹੀ ਮੰਗ ਰਹੀ ਸੀ।

ਉਸ ਬੁੜ੍ਹੀ ਅੰਮਾਂ ਦੇ ਚਿਹਰੇ ਉੱਤੇ ਰਵੀ ਨੇ ਪਤਾ ਨਹੀਂ ਕੀ ਵੇਖਿਆ ਕਿ ਕਾਰ ਵਿੱਚ ਪਈਆਂ ਦੋ ਬੋਤਲਾਂ ਦੇ ਨਾਲ ਹੀ ਜੇਬ ਵਿੱਚੋਂ ਦਸ ਦਾ ਨੋਟ ਕੱਢ ਮਾਂ ਦੇ ਹੱਥ ਉੱਤੇ ਰੱਖ ਦਿੱਤਾ।

ਇੱਕ ਸੀਤਲ ਹਵਾ ਵਹਿ ਤੁਰੀ। ਧੁੱਪ ਦੀ ਤਪਸ਼ ਨਾਲ ਵਹਾ ਕੇ ਲੈ ਗਈ। ਮਮਤਾ ਨਾਲ ਭਰੀ ਬੁੜ੍ਹੀ ਦਾ ਸੁੱਕਿਆ ਸੁੰਗੜਿਆ ਮਾਂ ਦਾ ਹੱਥ ਉਸਦੇ ਮੋਢੇ ਉੱਤੇ ਸੀ

ਅਤੇ ਅੱਖਾਂ ਮੋਹ ਬਰਸਾ ਰਹੀਆਂ ਸਨ...ਲੱਗਦਾ ਸੀ ਜਿਵੇਂ ਮਾਂ ਦੇ ਨਿਆਮਤ ਹੱਥ ਲੱਗ ਗਈ।

ਮਾਂ ! ਮਾਂ ਨੂੰ ਤਾਂ ਗਏ ਵਰ੍ਹੇ ਹੋ ਗਏ।

ਮਾਂ ! ਮਾਂ !

## ਉਹ ਦੋਵੇਂ / ਪਾਰਮਿਤਾ ਸਾਰੰਗੀ



ਪਿਛਲਾ ਦਰਵਾਜਾ ਖੋਹਲ ਕੇ ਰਾਤ ਹੌਲੀ ਹੌਲੀ ਬੀਤ ਰਹੀ ਸੀ। ਕਿਸੇ ਵੀ ਆਹਟ ਤੋਂ ਬਚ ਕੇ ਉਹ ਦੋਵੇਂ ਵੀ ਤੁਰੇ ਜਾ ਰਹੇ ਸਨ।

ਛੱਤ ਦੇ ਉੱਤੇ ਪਹੁੰਚ ਗਏ.

'ਤੇਰੇ ਲਈ ਚੰਦ ਲੈ ਕੇ ਆਵਾਂਗਾ'

'ਫਿਰ ਤੂੰ ਕਿਸਨੂੰ ਦੇਖੇਂਗਾ'

'ਮੈਂ...ਮੈਂ ਤਾਂ ਰਾਤ ਭਰ ਖਾਲੀ ਆਕਾਸ਼ ਵਿੱਚ ਚੰਦ ਨੂੰ ਲੱਭਾਂਗਾ ਠੀਕ ਇਵੇਂ ਜਿਵੇਂ ਤੇਰੇ ਦਿੱਲੀ ਜਾਣ ਤੋਂ ਬਾਅਦ ਇਸ ਛੱਤ ਤੇ ਤੇਰੀਆਂ ਨਿਸ਼ਾਨੀਆਂ ਨੂੰ ਲੱਭਦਾ ਸੀ'।

ਦੋਵੇਂ ਬੈਠੇ ਸਨ ਛੱਤ ਦੀ ਕੰਧ ਓਹਲੇ ਲੁਕ ਕੇ....।

ਜੇ ਇਹ ਕੰਧ ਨਾ ਹੁੰਦੀ ਕਿਵੇਂ ਉਹ ਖੁਦ ਨੂੰ ਛਿਪਾਉਂਦੇ, ਕਿਸ ਨਾਲ ਪਿੱਠ ਟਿਕਾਉਂਦੇ।

'ਚਲੋ ਹੁਣ ਚੱਲਦੇ ਹਾਂ, ਸਵੇਰ ਹੋਣ ਵਾਲੀ ਹੈ।'

'ਹਾਂ ਮੈਂ ਵੀ ਸਮਾਨ ਬੰਨ੍ਹਣਾ ਹੈ ਅਜੇ, ਅੱਠ ਵਜੇ ਨਿਕਲਾਂਗੀ ਅਜੇ'

ਦੋਵੇਂ ਖੜ੍ਹੇ ਹੋ ਗਏ

ਪਤਾ ਹੀ ਨਹੀਂ ਲੱਗਿਆ, ਆਕਾਸ਼ ਜ਼ਿਆਦਾ ਖਾਲੀ ਸੀ ਕਿ ਛੱਤ ਤੇ ਚਾਰ ਪੈਰ ਤੁਰ ਰਹੇ ਸਨ। ਦੋ ਹੱਥ ਇੱਕ ਦੂਜੇ ਨਾਲ ਬੰਨ੍ਹੇ ਹੋਏ ਸਨ। ਪੈਰਾਂ ਦੇ ਥੱਲੇ ਸੜਕ ਤੁਰ ਰਹੀ ਸੀ ਤੇ ਸਿਰ ਦੇ ਉੱਪਰ ਦਾ ਆਕਾਸ਼ ਬੀਤ ਰਿਹਾ ਸੀ।

## ਸਵਰਾਜਬੀਰ ਦੇ ਨਾਟਕ 'ਕੱਲਰ' ਵਿਚ ਦਲਿਤ ਚੇਤਨਾ / ਕੰਵਲਜੀਤ ਕੌਰ

ਪ੍ਰਾਚੀਨ ਕਾਲ ਤੋਂ ਹੀ ਭਾਰਤੀ ਸਮਾਜ ਵਰਗ ਵੰਡ ਅਧੀਨ ਅਗ੍ਰਸਰ ਰਿਹਾ ਹੈ। ਵਰਗ-ਵੰਡ ਪ੍ਰਣਾਲੀ ਦੀ ਹੋਂਦ ਸਮਾਜ ਵਿਚ ਵੱਖ-ਵੱਖ ਰੂਪ ਧਾਰਨ ਕਰਦੀ ਹੈ। ਇਸ ਪ੍ਰਣਾਲੀ ਅਧੀਨ ਰਾਜੇ, ਪਰੋਹਿਤ, ਭੂਮੀ ਮਾਲਕ, ਜਾਗੀਰਦਾਰ ਜਾਂ ਕਿਸੇ ਮੁਖੀਆ ਦੇ ਰੂਪ ਵਿਚ ਉੱਚ ਧਿਰਾਂ ਹਮੇਸ਼ਾਂ ਹੀ ਰਾਜ-ਸੱਤਾ ਉੱਤੇ ਬਿਰਾਜਮਾਨ ਰਹੀਆਂ ਹਨ। ਜਿਹੜਾ ਵਰਗ ਸਦੀਆਂ ਤੋਂ ਦੁੱਖ ਭੋਗਦਾ ਆ ਰਿਹਾ ਹੈ, ਉਸ ਵਰਗ ਨੂੰ ਭਾਰਤੀ ਸਮਾਜਿਕ ਵਿਵਸਥਾ ਵਿਚ ਦਲਿਤ ਦੀ ਸ਼੍ਰੇਣੀ ਵਜੋਂ ਜਾਣਿਆ ਜਾਂਦਾ ਹੈ। ਭਾਂਵੇ ਉਹ ਵਰਗ ਆਰਥਿਕ, ਸਮਾਜਿਕ, ਰਾਜਨੀਤਿਕ, ਸਭਿਆਚਾਰਕ ਆਦਿ ਵੱਖਰੇ-ਵੱਖਰੇ ਖੇਤਰਾਂ ਵਿਚ ਪਛਾੜਿਆ ਗਿਆ ਹੋਵੇ। ਦਲਿਤ ਦੀ ਪਰਿਭਾਸ਼ਾ ਵਿਚ ਸ਼ਾਮਿਲ ਕੀਤਾ ਗਿਆ ਹੈ। "ਪਹਿਲਾਂ ਦਬਿਆ ਹੋਇਆ ਅਤੇ ਕੁਚਲਿਆ ਹੋਇਆ ਤੇ ਦੂਜਾ ਅਰਥ ਨੀਚੀ ਜਾਤ ਵਾਲਾ ਹੈ ਜੋ ਉਸਦੀ ਜਾਤ ਤੋਂ ਪੈਰਾ ਹੇਠ ਦਲਿਆ ਹੋਇਆ ਹੈ।"1 ਦਲਿਤ ਸੰਕਲਪ 19ਵੀਂ ਸਦੀ ਵਿਚ ਪੂਰੀ ਤਰ੍ਹਾਂ ਸਾਹਮਣੇ ਆਇਆ। ਅੱਜ-ਕੱਲ੍ਹ ਇਹ ਸਮਾਜ ਵਿਚ ਬਹੁਤ ਗੰਭੀਰ ਸੰਕਲਪ ਹੈ। 'ਦਲਿਤ' ਦਾ ਅਰਥ ਹੈ, ਦੱਬਿਆ ਹੋਇਆ ਅਤੇ ਦਰੜਿਆ ਹੋਇਆ ਜੋ ਅਧਿਕਾਰਾਂ ਤੋਂ ਵਾਂਝਾ ਹੈ। ਇਸ ਲਈ ਦਲਿਤ ਸੰਕਲਪ ਅਧੀਨ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਆ ਜਾਂਦੀਆਂ ਹਨ। "'ਦਲਿਤ' ਇਕ ਵਿਆਪਕ ਸੰਕਲਪ ਹੈ। ਦਲਿਤ ਨਾਲ ਭਾਰਤੀ ਸਮਾਜ ਵਿਚ ਇੱਕ ਉਪ ਮਨੁੱਖ ਵਾਂਗ ਵਰਤਾਅ ਕੀਤਾ ਜਾਂਦਾ ਹੈ।"2

ਉਪਰੋਕਤ ਪਰਿਭਾਸ਼ਾਵਾਂ ਦਲਿਤ ਸ਼ਬਦ ਦੇ ਸੀਮਿਤ ਅਰਥਾਂ ਨੂੰ ਹੀ ਦਰਸਾਉਂਦੀਆਂ ਹਨ ਪਰੰਤੂ ਅੱਜ 'ਦਲਿਤ' ਸ਼ਬਦ ਦੀ ਵਰਤੋਂ ਅਧੀਨ ਸਿਰਫ਼ ਜਾਤ ਤੇ ਅਧਾਰਿਤ ਵਿਤਕਰੇ ਦੇ ਸ਼ਿਕਾਰ ਲੋਕਾਂ ਨੂੰ ਹੀ ਨਹੀਂ ਰੱਖਿਆ ਜਾਂਦਾ ਸਗੋਂ ਇਸ ਵਿਚ ਹੋਰ ਹਾਸ਼ੀਆਕ੍ਰਿਤ ਲੋਕ ਵੀ ਰੱਖੇ ਜਾ ਰਹੇ ਹਨ। ਇਸ ਸੰਦਰਭ ਵਿਚ 'ਦਲਿਤ' ਸ਼ਬਦ ਦੇ ਵਿਆਪਕ ਅਤੇ ਵਿਸਤ੍ਰਿਤ ਅਰਥਾਂ ਨੂੰ ਜਾਨਣ ਲਈ ਸ਼ਰਣ ਕੁਮਾਰ ਲਿੰਬਾਲੇ ਦੀ ਪਰਿਭਾਸ਼ਾ ਨੂੰ ਵੀ ਦ੍ਰਿਸ਼ਟੀਗੋਚਰ ਕਰਾਂਗੇ। "ਦਲਿਤ ਕੇਵਲ ਹਰੀਜਨ ਅਤੇ ਨਵ-ਬੋਧ ਨਹੀਂ, ਪਿੰਡ ਦੀ ਸੀਮਾਂ ਤੋਂ ਬਾਹਰ ਰਹਿਣ ਵਾਲੀਆਂ ਅਛੂਤ ਜਾਤੀਆਂ, ਆਦਿਵਾਸੀ, ਖੇਤ ਮਜ਼ਦੂਰ, ਭੂਮੀ-ਹੀਣ, ਦੁੱਖੀ ਜਨਤਾ ਅਤੇ ਮਹਾਰਕ ਜਾਤੀਆਂ ਸਾਰੀਆਂ ਦੀਆਂ ਸਾਰੀਆਂ 'ਦਲਿਤ' ਸ਼੍ਰੇਣੀ ਦੀ ਪਰਿਭਾਸ਼ਾ ਵਿਚ ਆਉਂਦੀਆਂ ਹਨ। ਦਲਿਤ ਸ਼ਬਦ ਦਾ ਅਰਥ ਦਬਾਇਆ ਗਿਆ ਦੂਜੇ ਅਪਮਾਨਿਤ, ਸ਼ੋਸਤ, ਵਾਂਝੇ, ਬਹਿਸ਼ਕ੍ਰਿਤ ਹੁੰਦਾ ਹੈ ਜੋ ਸਮਾਜਿਕ, ਰਾਜਨੀਤਿਕ ਅਤੇ ਸਿੱਖਿਅਤ ਦ੍ਰਿਸ਼ਟੀ ਤੋਂ ਕਮਜ਼ੋਰ ਵਿਅਕਤੀ ਹੁੰਦਾ ਹੈ। ਇਹਨਾਂ ਵਿਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਆਦਿ ਦੇ ਨਾਲ-ਨਾਲ ਔਰਤਾਂ, ਖੇਤ ਮਜ਼ਦੂਰਾਂ, ਬੰਧੂਆਂ, ਮਜ਼ਦੂਰ, ਵੇਸ਼ਵਾਵਾ, ਢਾਬਿਆਂ 'ਤੇ ਭਾਂਡੇ ਧੋਣ ਵਾਲੇ ਬੱਚੇ, ਇੱਟਾਂ ਦੇ ਭੱਠਿਆਂ ਉੱਤੇ ਕੰਮ ਕਰਨ ਵਾਲੇ ਮਜ਼ਦੂਰ, ਕੂੜੇ ਦੇ ਢੇਰ ਵਿਚੋਂ ਪਲਾਸਟਿਕ ਦੀਆਂ ਬੋਤਲਾਂ ਚੁੱਕਣ ਵਾਲੇ, ਸਟੇਸ਼ਨਾਂ ਉੱਤੇ ਘੁੰਮਣ ਵਾਲੇ ਅਨਾਥ ਬੱਚਿਆਂ ਆਦਿ ਨੂੰ ਦਲਿਤ ਸ਼੍ਰੇਣੀ ਅਧੀਨ ਗਿਣਿਆ ਜਾਂਦਾ ਹੈ। ਜੇਕਰ ਦਲਿਤ ਸਰੋਕਾਰਾਂ ਦੀ ਅਤੇ ਦਲਿਤ ਚੇਤਨਾ ਦੀ ਪਛਾਣ ਨਿਸ਼ਚਿਤ ਕਰਨੀ ਹੋਵੇ ਤਾਂ ਪੰਜਾਬੀ ਸਾਹਿਤ ਨੂੰ ਭਾਰਤੀ ਅਤੇ ਵਿਸ਼ਵ ਦੇ ਪ੍ਰਸੰਗ ਵਿਚ ਰੱਖ ਕੇ ਹਰ ਵਰਗ ਅਨੁਸਾਰ ਦਲਿਤ ਸਰੋਕਾਰਾਂ ਨੂੰ ਵਾਚਣਾ ਜ਼ਰੂਰੀ ਬਣ ਜਾਂਦਾ ਹੈ। ਇਸੇ ਤੱਥ ਅਧੀਨ ਡਾ. ਸਤਿੰਦਰ ਸਿੰਘ ਨੂਰ ਆਪਣਾ ਪ੍ਰਤੀਕਰਮ ਦਿੰਦੇ ਹਨ ਕਿ ਕਿ, "ਦਲਿਤ ਚੇਤਨਾ ਨੂੰ ਵਿਚਾਰਧਾਰਾ ਵਾਂਗ ਸਮਝਿਆ ਜਾਵੇ ਕਿ ਇੱਕ ਸ਼੍ਰੇਣੀ ਜਾਂ ਜਾਤੀ ਦੀ ਚੇਤਨਾ ਵਾਂਗ? ਇਹ ਪ੍ਰਸ਼ਨ ਇਸ ਲਈ ਉੱਠਦਾ ਹੈ ਕਿਉਂਕਿ ਇੱਕ ਦ੍ਰਿਸ਼ਟੀਕੋਣ ਇਹ ਸਾਹਮਣੇ ਆਇਆ ਹੈ ਕਿ ਦਲਿਤ ਚੇਤਨਾ ਕੇਵਲ ਦਲਿਤ ਕੋਲ ਹੀ ਹੁੰਦੀ ਹੈ।"3

ਇਸ ਪ੍ਰਥਾਇ ਚੌਥੀ ਪੀੜ੍ਹੀ ਦੇ ਪ੍ਰਸਿੱਧ ਨਾਟਕਕਾਰ ਸਵਰਾਜਬੀਰ ਰਚਿਤ ਨਾਟਕ 'ਕੱਲਰ' ਇੱਕ ਬਹੁਪੱਖੀ ਅਤੇ ਬਹੁਪਰਤੀ ਨਾਟਕ ਦੀ ਸਿਰਜਣਾ ਕਰਦਾ ਹੈ। ਬੇਸ਼ੱਕ 'ਕੱਲਰ' ਨਾਟਕ ਵਿਚ ਨਾਟਕਕਾਰ ਸਵਰਾਜਬੀਰ ਨੇ ਅਜੋਕੇ ਪੰਜਾਬੀ ਦੇ ਅਨੇਕਾਂ ਪੱਖਾਂ ਨੂੰ ਉਗਾੜਿਆ ਹੈ ਪਰੰਤੂ ਉਸਨੇ ਦਲਿਤ ਸਰੋਕਾਰਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਸਗੋਂ ਉਹ ਦਲਿਤ ਸਰੋਕਾਰਾਂ ਨੂੰ ਸਰਮਾਏਦਾਰੀ ਚੇਤਨ ਅਤੇ ਅਵਚੇਤਨ ਵਿਚ ਪਈ ਦਲਿਤ ਵਿਰੋਧੀ ਮਾਨਸਿਕਤਾ ਨੂੰ ਬੜੀ ਸੂਖਮਤਾ ਨਾਲ ਦਰਸਾਉਂਦਾ ਹੈ। ਇਸ ਪ੍ਰਕਾਰ ਸਵਰਾਜਬੀਰ ਆਪਣੇ ਨਾਟਕ 'ਕੱਲਰ' ਵਿਚ ਕਿਸਾਨੀ ਸਮੱਸਿਆਵਾਂ, ਵਿਦੇਸ਼ਾਂ ਵਿਚ ਰੁਲ ਰਹੇ ਪ੍ਰਵਾਸੀਆਂ, ਪ੍ਰਦੇਸੀਆਂ ਦੇ ਪਿੱਛੇ ਰਹਿ ਗਏ ਪਰਿਵਾਰਾਂ ਦੀ ਤ੍ਰਾਸਦਿਕ ਹੋਣੀ ਦਾ ਭਾਵਪੂਰਤ ਚਿੱਤਰ ਹੈ।

ਹਥਲੇ ਖੋਜ-ਪੱਤਰ ਵਿਚ ਸਵਰਾਜਬੀਰ ਦੇ ਨਾਟਕ 'ਕੱਲਰ' ਦੇ ਪ੍ਰਸੰਗ ਵਿਚ ਦਲਿਤ ਚੇਤਨਾ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਸਵਰਾਜਬੀਰ ਦੇ ਪਹਿਲੇ ਚਾਰ ਨਾਟਕ 'ਧਰਮ ਗੁਰੂ', 'ਕ੍ਰਿਸ਼ਨ', 'ਮੇਦਨੀ' ਅਤੇ 'ਸ਼ਾਇਰੀ' ਜਿੱਥੇ ਇਤਿਹਾਸ ਮਿਥਿਹਾਸ ਦੀਆਂ ਘਟਨਾਵਾਂ ਉੱਤੇ ਅਧਾਰਿਤ ਹਨ ਉੱਥੇ ਉਸਦਾ ਅਗਲਾ ਨਾਟਕ 'ਕੱਲਰ' ਪੰਜਾਬ ਦੀ ਛੋਟੀ ਕਿਰਸਾਨੀ ਦੀਆਂ ਮੁਸ਼ਕਿਲਾਂ ਨੂੰ ਉਭਾਰਦਾ ਹੈ। 'ਕੱਲਰ' ਨਾਟਕ ਭਾਂਵੇ ਵਿਸ਼ੇ ਦੇ ਪੱਖ ਤੋਂ ਬਾਕੀ ਨਾਟਕਾਂ ਨਾਲੋਂ ਕੁਝ ਵੱਖਰਾ ਜਾਪਦਾ ਹੈ ਪਰ ਵਿਚਾਰਧਾਰਾ ਦੇ ਪੱਖ ਤੋਂ ਪਹਿਲੇ ਨਾਟਕਾਂ ਨਾਲ ਮੇਲ ਖਾਂਦਾ ਹੈ। 'ਕੱਲਰ' ਨਾਟਕ ਦਾ ਮੰਚਣ ਪਹਿਲੀ ਵਾਰ 'ਰੰਗਮੰਚ' ਅੰਮ੍ਰਿਤਸਰ ਵੱਲੋਂ 31 ਅਕਤੂਬਰ 2002 ਨੂੰ ਸ੍ਰੀ ਰਾਮ ਸੈਂਟਰ, ਦਿੱਲੀ ਵਿਚ ਹੋਇਆ। ਆਪਣੇ ਇਸ ਨਾਟਕ ਬਾਰੇ ਸਵਰਾਜਬੀਰ ਦੇ ਵਿਚਾਰ ਹਨ। "ਇਹ

ਨਾਟਕ ਮੇਰੇ ਪਹਿਲਾਂ ਛਪ ਚੁੱਕੇ ਨਾਟਕਾਂ 'ਧਰਮ ਗੁਰੂ', ਕ੍ਰਿਸ਼ਨ, ਮੇਦਨੀ ਅਤੇ ਸ਼ਾਇਰੀ ਤੋਂ ਥੋੜ੍ਹਾ ਵੱਖਰਾ ਹੈ। ਉਹਨਾਂ ਨਾਟਕਾਂ ਵਿਚ ਨਾਇਕ ਅਤੇ ਅਨਾਇਕ ਦਾ ਸੰਕਲਪ ਉੱਭਰਦਾ ਹੈ,ਪਾਤਰਾਂ ਵਿਚੋਂ ਵੀ ਅਤੇ ਸਥਿਤੀਆਂ ਵਿਚੋਂ ਵੀ, ਚੇਤਨ ਅਤੇ ਅਚੇਤਨ ਦੋਹਾਂ ਰੂਪਾਂ ਵਿਚ। ਇਸ ਨਾਟਕ ਵਿਚ ਨਾਇਕ ਦੀ ਅਣਹੋਂਦ ਹੈ। ਇਹ ਭਾਵੀ ਜਾਂ ਸਥਿਤੀਆਂ ਹਨ, ਜਿੰਨ੍ਹਾਂ ਵਿਰੁੱਧ ਪਾਤਰਾਂ ਨੂੰ ਸੰਘਰਸ਼ ਕਰਨਾ ਪੈਂਦਾ ਹੈ।"4

'ਕੱਲਰ' ਨਾਟਕ ਵਿਚ ਛੋਟੀ ਕਿਰਸਾਨੀ ਜੋ ਸਮਾਜ ਵਿਚ ਜਾਤੀ ਤੌਰ 'ਤੇ ਤਾਂ ਉੱਚ ਦਰਜਾ ਪ੍ਰਾਪਤ ਹੈ ਪਰ ਆਰਥਿਕ ਤੌਰ ਤੇ ਗਰੀਬ ਹੋਣ ਕਾਰਨ ਦਲਿਤਾਂ ਵਾਲਾ ਜੀਵਨ ਬਤੀਤ ਕਰਦੀ ਹੈ। ਸਵਰਾਜਬੀਰ ਨੇ ਇਸ ਨਾਟਕ ਵਿਚ ਉਹਨਾਂ ਦੇ ਸੰਕਟਾਂ, ਘਰੇਲੂ ਝਗੜਿਆਂ, ਅਸਫ਼ਲਵਾਵਾਂ ਅਤੇ ਬੇਵਸੀਆਂ ਨੂੰ ਪੇਸ਼ ਕੀਤਾ ਹੈ। ਨਾਟਕ ਵਿਚ ਦਲਬੀਰ ਸਿੰਘ ਕਾਲਜ ਵਿਦਿਆਰਥੀ ਹੈ। ਉਸਦੀ ਪੜ੍ਹਾਈ ਅਜੇ ਪੂਰੀ ਵੀ ਨਹੀਂ ਹੋਈ ਪਰ ਘਰ ਦੀ ਆਰਥਿਕ ਤੰਗੀ ਤੋਂ ਤੰਗ ਆ ਕੇ ਉਹ ਵਿਦੇਸ਼ ਜਾ ਕੇ ਬਹੁਤ ਸਾਰਾ ਪੈਸਾ ਕਮਾਉਣ ਦਾ ਚਾਹਵਾਨ ਹੈ। ਉਹ ਆਪਣੀ ਆਰਥਿਕ ਸਥਿਤੀ ਤੋਂ ਤਾਂ ਪੂਰੀ ਤਰ੍ਹਾਂ ਸੁਚੇਤ ਹੈ ਪਰ ਵਿਦੇਸ਼ੀ ਮੁਲਕਾਂ ਦੀ ਸਥਿਤੀ ਤੋਂ ਪੂਰੀ ਤਰ੍ਹਾਂ ਸੁਚੇਤ ਨਹੀਂ ਹੈ। ਦਲਬੀਰ ਆਪਣੇ ਪਿਤਾ-ਪੁਰਖੀ ਕਿੱਤੇ ਖੇਤੀ ਨੂੰ ਬਿਲਕੁਲ ਪਸੰਦ ਨਹੀਂ ਕਰਦਾ ਕਿਉਂਕਿ ਉਹ ਸੋਚਦਾ ਹੈ ਕਿ ਖੇਤੀ ਕਰਨਾਂ ਮਜ਼ਦੂਰਾਂ ਭਾਵ ਦਲਿਤ ਵਰਗ ਨਾਲ ਸੰਬੰਧਿਤ ਲੋਕਾਂ ਦਾ ਕੰਮ ਹੈ। ਦਲਬੀਰ ਆਪਣੇ ਜੱਟ ਹੋਣ ਦੀ ਹੈਂਕੜ ਵਿਚ ਆਪਣੇ ਪਿਉ ਦਾ ਇਉਂ ਵਿਰੋਧ ਕਰਦਾ ਹੈ :

"ਦਲਬੀਰ : ਵਾਹੀ ਵੂਹੀ ਤੇ ਭਾਊ ਜੀ ਮੈਥੋਂ ਨਈਂ ਜੇ ਹੋਣੀ! ਸਾਰੀ ਉਮਰ ਇਹ ਭਈਆਂ ਤੇ ਮਜਬ੍ਹੀਆਂ ਵਾਲਾ ਕੰਮ.....ਇਹ ਮੇਰੇ ਵੱਸ ਦਾ ਨਈਂ ਜੇ!

ਗੁਰਦਿਆਲ : ਕੀ ਕਿਹਾ ਈ....ਭਈਆਂ ਤੇ ਮਜਬ੍ਹੀਆਂ ਵਾਲਾ ਕੰਮ..ਕੀ ਹੋਇਐ ਏਸ ਕੰਮ ਨੂੰ? ਤੇਰਾ ਪਿਉ, ਦਾਦਾ, ਪੜਦਾਦਾ ਸਾਰੇ ਇਹੋ ਕੰਮ ਕਰਦੇ ਰਹੇ ਆ!

ਦਲਬੀਰ : ਕਰਦੇ ਰਹੇ ਹੋਣਗੇ.... ਪਰ ਮੈਥੋਂ ਨਹੀਂ ਹੁੰਦਾ ਇਹ ਕੰਮ!"5

ਉਪਰੋਕਤ ਹਵਾਲਾ ਅਜੋਕੇ ਨੌਜਵਾਨਾਂ ਦੀ ਮਾੜੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਨੌਜਵਾਨ ਇਸ ਗੱਲ ਤੋਂ ਅਣਜਾਨ ਹਨ ਕਿ ਜਿਸ ਕੰਮ ਨੂੰ ਉਹ ਆਪਣੇ ਦੇਸ਼ ਵਿਚ ਮਜ੍ਹਬੀਆਂ ਦਾ ਕੰਮ ਕਹਿੰਦੇ ਹਨ ਉਹ ਕੰਮ ਹੀ ਉਹਨਾਂ ਨੂੰ ਵਿਦੇਸ਼ਾਂ ਵਿਚ ਜਾ ਕੇ ਕਰਨਾ ਪੈਂਦਾ ਹੈ। ਸਵਰਾਜਬੀਰ ਆਪਣੇ ਪਾਠਕਾਂ ਨੂੰ ਸੁਚੇਤ ਕਰਦਾ ਹੈ ਕਿ ਅੱਜ ਪੰਜਾਬ ਦੇ ਨੌਜਵਾਨ ਵਿਦੇਸ਼ ਜਾਣ ਲਈ ਤੱਤਪਰ ਹਨ ਕਿਉਂਕਿ ਉਹਨਾਂ ਦਾ ਆਪਣੇ ਪਿਤਾ-ਪੁਰਖੀ ਕਿੱਤੇ ਪ੍ਰਤੀ ਵਿਸ਼ਵਾਸ ਟੁੱਟ ਚੁੱਕਾ ਹੈ। ਇਸ ਵਿਸ਼ਵਾਸ ਦੇ ਟੁੱਟਣ ਪਿੱਛੇ ਕਾਰਨ ਇਹ ਹੈ ਕਿ ਉਹਨਾਂ ਨੂੰ ਉਸ ਕਿੱਤੇ ਤੋਂ ਸਿਰਫ਼ ਆਪਣੀਆਂ ਮੁੱਢਲੀਆਂ ਲੋੜਾਂ ਦੀ ਹੀ ਪੂਰਤੀ ਹੁੰਦੀ ਨਜ਼ਰ ਆਉਂਦੀ ਹੈ ਜੋ ਕਿ ਚੰਗਾ ਜੀਵਨ ਜਿਉਣ ਲਈ ਕਾਫ਼ੀ ਨਹੀਂ ਹੈ। ਇਸ ਤਰ੍ਹਾਂ ਦਲਬੀਰ ਵੀ ਸੋਚਦਾ ਹੈ ਕਿ ਖੇਤੀ ਨਾਲ ਉਹ ਆਪਣੀਆਂ ਮੁੱਢਲੀਆਂ ਲੋੜਾਂ ਹੀ ਪੂਰੀਆਂ ਕਰ ਸਕਦਾ ਹੈ ਪਰ ਐਸ਼ ਵਾਲਾ ਜੀਵਨ ਤਾਂ ਉਹ ਵਿਦੇਸ਼ ਜਾ ਕੇ ਹੀ ਜੀਅ ਸਕਦਾ ਹੈ। ਉਹ ਆਪਣੇ ਪਿਤਾ ਗੁਰਦਿਆਲ ਨੂੰ ਦੇਖਦਾ ਹੈ ਕਿ ਉਹ ਕਿਵੇਂ ਕਰਜ਼ੇ ਥੱਲੇ ਆਇਆ ਹੋਇਆ ਹੈ। ਕਦੀ ਆੜ੍ਹਤੀਏ ਦੇ ਪੈਸੇ ਮੋੜਦਾ ਹੈ, ਕਦੇ ਸੁਸਾਇਟੀ ਵਾਲਿਆਂ ਦੇ। ਇਉਂ ਛੋਟੇ ਕਿਰਸਾਨ ਦੀ ਜ਼ਿੰਦਗੀ ਕਰਜ਼ੇ ਥੱਲੇ ਦੱਬ ਕੇ ਰਹਿ ਜਾਂਦੀ ਹੈ। ਉਹਨਾਂ ਦੀਆਂ ਸੱਧਰਾਂ ਖਾਹਿਸ਼ਾਂ ਨੂੰ ਹਮੇਸ਼ਾਂ ਦਬਾਇਆ ਜਾਂਦਾ ਹੈ। ਇਹੀ ਕਾਰਨ ਹੈ ਕਿ ਜੱਟ ਜ਼ਿਮੀਂਦਾਰ ਹੋਣ ਦੇ ਬਾਵਜੂਦ ਵੀ ਉਹ ਦਲਿਤ ਦੀ ਹੋਣੀ ਭੋਗਦੇ ਹਨ। ਦਲਬੀਰ ਦਾ ਮੰਨਣਾ ਹੈ ਕਿ ਛੋਟਾ ਕਿਸਾਨ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਲੜੇ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ। ਦਲਬੀਰ ਆਪਣੀ ਸਥਿਤੀ ਤੋਂ ਚੰਗੀ ਤਰ੍ਹਾਂ ਜਾਣੂ ਹੈ। ਇਸੇ ਕਰਕੇ ਉਹ ਕਹਿੰਦਾ ਹੈ ਕਿ :

"ਦਲਬੀਰ : ਬੰਦਾ ਸਾਰੀ ਉਮਰ ਹੱਡ ਪੈਰ ਭੰਨਾਉਂਦਾ ਰਵ੍ਹੇ.....ਤੇ ਫਿਰ ਜੀਉਣ ਹੰਢਾਉਣ ਜੋਗਾ ਕੁਝ ਵੀ ਨਾ ਹੋਵੇ..ਤੇ ਸਾਡੇ ਕੋਲ ਹੈ ਕੀ? ਨਾ ਟਰੈਕਟਰ ਨਾ ਮੋਟਰ ਸਾਇਕਲ...ਬਸ ਖੁੱਚਾਂ ਭੰਨਾਉਂਦੇ ਰਵੋ....ਅੱਜ ਪਾਣੀ ਦੀ ਵਾਰੀ ਐ.....ਕਲ੍ਹ ਗੋਡੀ ਕਰਨੀ ਐ....ਪਰਸੋਂ ਵਾਢੀ ਐ...।"6

ਇੱਥੇ ਨਾਟਕਕਾਰ ਨੇ ਦਲਬੀਰ ਦੇ ਪਾਤਰ ਰਾਹੀਂ ਪੰਜਾਬ ਦੀ ਛੋਟੀ ਕਿਸਾਨੀ ਦੀ ਤ੍ਰਾਸਦਿਕ ਸਥਿਤੀ ਨੂੰ ਪੇਸ਼ ਕੀਤਾ ਹੈ ਕਿ ਕਿਵੇਂ ਕਿਸਾਨਾਂ ਨੂੰ ਆਪਣੇ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਹੈ ਪਰ ਫਿਰ ਵੀ ਉਹਨਾਂ ਨੂੰ ਪੂਰਾ ਮੁਨਾਫਾ ਨਹੀਂ ਮਿਲਦਾ ਜਿਸਦੇ ਉਹ ਹੱਕਦਾਰ ਹਨ। ਨਾਟਕਕਾਰ ਨੇ ਨਾਟਕ ਵਿਚ ਦਰਸਾਇਆ ਹੈ ਕਿ ਸਮਾਜ ਦੇ ਭ੍ਰਿਸ਼ਟ ਪ੍ਰਬੰਧ ਤੋਂ ਨੌਜਵਾਨ ਚੰਗੀ ਤਰ੍ਹਾਂ ਜਾਣੂ ਹਨ। ਜਿਸ ਕਰਕੇ ਉਹਨਾਂ ਦੇ ਮਨ ਵਿਚ ਇਹ ਗਲਤ ਧਾਰਨਾ ਘਰ ਕਰ ਗਈ ਹੈ ਕਿ ਚੰਗੀ ਸਿੱਖਿਆ ਪ੍ਰਾਪਤ ਕਰਕੇ ਵੀ ਅਸੀਂ ਇੱਥੇ ਚੰਗਾ ਰੁਜ਼ਗਾਰ ਪ੍ਰਾਪਤ ਨਹੀਂ ਕਰ ਸਕਦੇ। ਨੌਕਰੀ ਪ੍ਰਾਪਤੀ ਲਈ ਦਲਬੀਰ ਸ਼ਹਿਰ ਵਿਚ ਜਾ ਕੇ ਬਹੁਤ ਧੱਕੇ ਖਾਂਦਾ ਹੈ ਪਰ ਨੌਕਰੀ ਉਸਦੇ ਤਾਏ ਦੇ ਮੁੰਡੇ ਰਾਜੂ ਨੂੰ ਰਿਸ਼ਵਤ ਦੇ ਕੇ ਮਿਲ ਜਾਂਦੀ ਹੈ। ਇਸ ਪ੍ਰਕਾਰ ਭ੍ਰਿਸ਼ਟ ਸਿੱਖਿਆ ਪ੍ਰਬੰਧ ਵਿਚ ਰਾਜੂ ਦਾ ਸ਼ੋਸ਼ਣ ਹੁੰਦਾ ਹੈ। ਉਹ ਇਸ ਸ਼ੋਸ਼ਣ ਦੇ ਵਿਰੋਧ ਵਿਚ ਬੋਲਦਾ ਹੈ :

"ਦਲਬੀਰ: ਉਏ, ਮੈਂ ਤੁਹਾਨੂੰ ਦੱਸਦਾਂ ਵਿਚਲੀ ਗੱਲ! ਇਹ ਕੰਮ ਕਰਾਇਐ ਉਸਦੇ ਸ਼ਹਿਰ ਵਾਲੇ ਮਾਮੇ ਨੇ...

ਉਹ ਪੈਸੇ ਧੇਲੇ ਵੱਲੋਂ ਵੀ ਤਗੜਾ ਐ...ਤੇ ਸਰਕਾਰੇ ਦਰਬਾਰੇ ਵੀ ਪਹੁੰਚ ਐ।"7

ਨਾਟਕਕਾਰ ਨੇ ਨਾਟਕ ਵਿਚ ਮਜ੍ਹਬੀਆਂ ਭਾਵ ਜਾਤੀ ਤੌਰ ਤੇ ਦਲਿਤ ਵਰਗ ਦਾ ਵੀ ਜ਼ਿਕਰ ਕੀਤਾ ਹੈ ਕਿ ਕਿਵੇਂ

ਸਵਰਣ ਜਾਤਾਂ ਵਾਲੇ ਆਪਣੇ ਖੇਤਾਂ ਵਿਚ ਕੰਮ ਕਰਾਉਂਦੇ ਹੋਏ ਮਜ਼ਬੀਆਂ ਅਤੇ ਬਿਹਾਰੀ ਮਜ਼ਦੂਰਾਂ ਫਾਲਤੂ ਰੋਹਬ ਝਾੜਦੇ ਹਨ। ਉਹਨਾਂ ਦੀ ਸੋਚ ਹੈ ਕਿ ਇਹ ਦਲਿਤ ਜਾਤੀਆਂ ਸਾਡੇ ਪੈਰਾਂ ਦੀ ਜੁੱਤੀ ਹਨ। ਇਉਂ ਭਾਰਤ ਦੇ ਹਾਲਾਤ ਅੱਜ ਵੀ ਉੱਥੇ ਹੀ ਖੜੇ ਹਨ। ਜਿੱਥੇ ਕਿ ਅੱਜ ਤੋਂ ਕਾਫ਼ੀ ਸਮਾਂ ਪਹਿਲਾਂ ਖੜੇ ਸਨ। ਸਵਰਣ ਜਾਤਾਂ ਨਾਲ ਸੰਬੰਧਿਤ ਅਜਿਹੇ ਲੋਕ ਅਕਸਰ ਸਮਾਜਿਕ ਬਰਾਬਰਤਾ ਤੇ ਰੱਜ ਕੇ ਭਾਸ਼ਣ ਦਿੰਦੇ ਹਨ ਪਰ ਆਪਣੇ ਨਿੱਜੀ ਜੀਵਨ ਵਿਚ ਉਹ ਆਪਣੇ ਹਿੱਤਾਂ ਦੀ ਰਾਖੀ ਲਈ ਦਲਿਤ ਵਰਗ ਦਾ ਸ਼ੋਸ਼ਣ ਕਰਦੇ ਨਜ਼ਰ ਆਉਂਦੇ ਹਨ। ਇਸ ਗੱਲ ਦੀ ਪ੍ਰੋੜਤਾ ਮਨਜੀਤ ਦਾ ਸੰਵਾਦ ਕਰਦਾ ਹੈ:

"ਮਨਜੀਤ ਕੌਰ: ਮੈਂ ਕਾਹਨੂੰ ਮਗਰ ਪੈਣਾ ਏ.... ਮੈਂ ਭਲਾ ਭੁੱਲੀ ਆਂ ਉਹਦੀ ਕਾਮਰੇਡੀ ਨੂੰ! ਕਦੇ ਚਾਰ ਤਿਲ ਇਹਨੇ ਕਿਸੇ ਗਰੀਬ ਦੇ ਹੱਥ ਤੇ ਨਈਂ ਰੱਖੇ ਯਾਦ ਨਹੀਂਓ...ਕਿਵੇ ਮਜ਼ਬੀਆਂ ਦੇ ਸਿਰ ਤੇ ਖਲੋ ਕੇ ਕੰਮ ਕਰਾਉਂਦਾ ਹੁੰਦਾ ਸੀ.....ਜਿਵੇਂ ਖੂਨ ਚੂਸ ਲੈਣਾ ਹੋਵੇ...ਤਾਹੀਉ ਤੇ ਕੋਈ ਵੀ ਮਜ਼ਬੀ ਏਦੇ ਨਾਲ ਰਲਦਾ ਨਈਂ ਸੀ ਹੁੰਦਾ....! ਤੇ ਹੁਣ....ਹੁਣ ਉਦਾਂ ਈ ਭਈਆਂ ਦੇ ਦੁਆਲੇ ਹੋਇਆ ਰਹਿੰਦੈ!"8

ਅੱਜ ਪੰਜਾਬ ਦਾ ਹਰੇਕ ਵਰਗ ਵਿਦੇਸ਼ ਵਿਚ ਵਸਣਾ ਚਾਹੁੰਦਾ ਹੈ। ਉਹ ਭਾਂਵੇ ਵੱਡਾ ਕਿਸਾਨ ਹੋਵੇ ਭਾਂਵੇ ਛੋਟਾ ਭਾਂਵੇ ਉਹ ਜਾਤੀ ਤੌਰ 'ਤੇ ਦਲਿਤ ਸ਼੍ਰੇਣੀ ਵਿਚ ਹੀ ਕਿਉਂ ਨਾ ਆਉਂਦਾ ਹੋਵੇ। ਇਸ ਨਾਟਕ ਵਿਚ ਦਲਬੀਰ ਦੇ ਸਾਥੀ ਕੁਲਜੀਤ, ਸੰਤੋਖ ਅਤੇ ਸੁਖਦੇਵ ਆਰਥਿਕ ਤੌਰ ਤੇ ਦਲਿਤ ਜਾਤੀ ਨਾਲ ਸੰਬੰਧਿਤ ਹਨ। ਉਹ ਜਾਤੀ ਤੌਰ ਤੇ ਦਲਿਤ ਵਿਅਕਤੀ ਨੂੰ ਹੀਣ ਭਾਵਨਾ ਦੀ ਨਜ਼ਰ ਨਾਲ ਵੇਖਦੇ ਹਨ। ਜਦੋਂ ਕਿ ਉਹ ਦੋਵੇਂ ਧਿਰਾਂ ਆਪਣੇ ਆਰਥਿਕ ਹਾਲਾਤ ਕਾਰਨ ਇਕ ਸ਼੍ਰਣੀ ਨਾਲ ਹੀ ਸੰਬੰਧਿਤ ਹਨ। ਇੱਥੇ ਸੰਤੋਖ ਤੇ ਕੁਲਜੀਤ ਦੀ ਵਾਰਤਾਲਾਪ ਦੇਖੀ ਜਾ ਸਕਦੀ ਹੈ।

"ਸੰਤੋਖ : ਅਸੀਂ ਤੇ ਚੱਲ ਕੱਠੇ ਜਾਵਾਂਗੇ ਈ....ਪਰ ਕਲ੍ਹ ਤੂੰ ਉਹ ਮਜਬ੍ਹੀਆਂ ਦੇ ਕਾਲੇ ਨਾਲ ਕੀ ਸਲਾਹ ਪਿਆ ਸੀ!

ਕੁਲਜੀਤ: ਕੁਛ ਨਈਂ, ਕਾਲਾ ਕਹਿੰਦਾ ਮੈਂ ਵੀ ਬਾਹਰ ਜਾਨਾ ਏ!

ਸੰਤੋਖ: ਵਾਹ ਪਈ ਵਾਹ! ਹੁਣ ਤਾਂ ਹਰ ਐਰਾ ਗੈਰਾ ਫਾਰਨ ਜਾਨ ਦੀਆਂ ਗੱਲ੍ਹਾਂ ਕਰਨ ਲੱਗ ਪਿਐ! ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ!"9

ਇਸ ਨਾਟਕ ਰਾਹੀਂ ਨਾਟਕਕਾਰ ਗ਼ੈਰ-ਕਾਨੂੰਨੀ ਤਾਰੀਕਿਆਂ ਨਾਲ ਬਾਹਰ ਗਏ ਨੌਜਵਾਨਾਂ ਦੇ ਦਲਿਤ ਜੀਵਨ ਪੱਧਰ 'ਤੇ ਚਾਨਣਾ ਪਾ ਕੇ ਪੰਜਾਬ ਦੇ ਨੌਜਵਾਨਾਂ ਨੂੰ ਸੁਚੇਤ ਕਰਨ ਦੇ ਇਰਾਦੇ ਨਾਲ ਹਲੂਣਦਾ ਹੈ। ਇਹ ਏਜੰਟ ਪੰਜਾਬੀ ਨੌਜਵਾਨਾਂ ਦਾ ਮਾਨਸਿਕ, ਆਰਥਿਕ ਆਦਿ ਪੱਧਰ ਤੇ ਸ਼ੋਸ਼ਣ ਕਰਦੇ ਹਨ। ਉਹਨਾਂ ਨੂੰ ਵਿਦੇਸ਼ਾਂ ਵਿਚ ਘੱਟ ਪੈਸੇ ਦੇ ਕੇ ਵੱਧ ਕੰਮ ਕਰਵਾਇਆ ਜਾਂਦਾ ਹੈ ਅਤੇ ਵਿਦੇਸ਼ੀ ਪੁਲਿਸ ਦਾ ਡਰ ਦੇ ਕੇ ਧਮਕਾਇਆ ਜਾਂਦਾ ਹੈ।

ਸੋ ਸਪੱਸ਼ਟ ਹੈ ਕਿ ਸਵਰਾਜਬੀਰ ਦਾ ਨਾਟਕ 'ਕੱਲਰ' ਦਲਿਤ ਚੇਤਨਾ ਦੀ ਦਿਸ਼੍ਰਟੀ ਤੋਂ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਇਸ ਨਾਟਕ ਵਿਚ ਗੁਰਦਿਆਲ ਸਿੰਘ ਵਰਗਾ ਕਿਸਾਨ ਆਪਣੀ ਸਖ਼ਤ ਮਿਹਨਤ ਨਾਲ ਆਪਣੀ ਜ਼ਮੀਨ ਵਿਚਲਾ 'ਕੱਲਰ' ਭੰਨ ਕੇ ਸਫ਼ਲਤਾ ਪ੍ਰਾਪਤ ਕਰਦਾ ਹੈ। ਉਹ ਆਪਣੀ ਮੌਜੂਦਾ ਹਾਲਤ ਤੋਂ ਸੰਤੁਸ਼ਟ ਵੀ ਹੈ ਪਰ ਉਸਦਾ ਪੁੱਤ ਦਲਬੀਰ ਜ਼ਮੀਨ ਵਿਚਲਾ 'ਕੱਲਰ' ਬੰਨਣ ਲਈ ਤਿਆਰ ਨਹੀਂ ਹੁੰਦਾ ਕਿਉਂਕਿ ਉਸਦੀ ਸੋਚ ਹੈ ਕਿ ਇਹ ਕੰਮ ਦਲਿਤ ਵਰਗ ਦਾ ਹੈ। ਪਰ ਜਦੋਂ ਉਹ ਵਿਦੇਸ਼ ਜਾ ਕੇ 'ਕੱਲਰ' ਬੰਨਦਾ ਹੈ ਤਾਂ ਉਸਨੂੰ ਆਪਣਾ ਦੇਸ਼ ਯਾਦ ਆਉਂਦਾ ਹੈ ਕਿ ਉਸਦੇ ਦੇਸ਼ ਦੀ ਧਰਤੀ ਕਿੰਨੀ ਉਪਜਾਊ ਹੈ। ਜਦੋਂ ਥਾਂ-ਥਾਂ ਉਸਦਾ ਸ਼ੋਸ਼ਣ ਹੁੰਦਾ ਹੈ ਤਾਂ ਉਹ ਆਪਣੀ ਅਵਸਥਾ ਤੋਂ ਜਾਗਰੂਕ ਹੁੰਦਾ ਹੈ ਆਪਣੇ ਦੇਸ਼ ਪੰਜਾਬ ਇਸ ਆਸ ਵਿਚ ਪਰਤ ਆਉਂਦਾ ਹੈ ਕਿ ਉਹ ਆਪਣੀ ਜ਼ਮੀਨ ਨੂੰ ਉਪਜਾਊ ਬਣਾਏਗਾ ਅਤੇ ਮਿਹਨਤ ਨਾਲ ਵਧੀਆਂ ਜੀਵਨ ਬਤੀਤ ਕਰੇਗਾ। ਇਉਂ ਨਾਟਕਕਾਰ ਨੇ 'ਕੱਲਰ' ਨਾਟਕ ਰਾਹੀਂ ਸਾਡੀ ਨੌਜਵਾਨ ਪੀੜ੍ਹੀ ਨੂੰ ਸੁਚੇਤ ਕੀਤਾ ਹੈ ਕਿ ਵਿਦੇਸ਼ਾਂ ਵਿਚ ਜਾ ਕੇ ਹੀ ਸਫ਼ਲਤਾ ਹਾਸਲ ਕਰਨੀ ਜ਼ਰੂਰੀ ਨਹੀਂ ਹੈ ਜੇਕਰ ਇਰਾਦੇ ਮਜ਼ਬੂਤ ਹੋਣ ਤਾਂ ਆਪਣੇ ਦੇਸ਼ ਵਿਚ ਵੀ ਸਫ਼ਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ

## ਹਵਾਲੇ ਅਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ, 625
2. Encyclopaedia of Dalits in India, vol. 2, Kalpaz Publications, 2002, p.42
3. ਸਤਿੰਦਰ ਸਿੰਘ ਨੂਰ (ਸੰਪਾ.), ਸਮਦਰਸ਼ੀ (ਭੂਮਿਕਾ), ਦਲਿਤ ਚੇਤਨਾ ਵਿਸ਼ੇਸ਼ ਅੰਕ-72, ਪੰਜਾਬੀ ਅਕਾਦਮੀ, ਦਿੱਲੀ, 1998, ਪੰਨਾ 3
4. ਸਵਰਾਜਬੀਰ, ਕੱਲਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 7
5. ਉਹੀ, ਪੰਨਾ 34
6. ਉਹੀ, ਪੰਨਾ 38
7. ਉਹੀ, ਪੰਨਾ 41
8. ਪੰਨਾ 74, 75
9. ਉਹੀ, ਪੰਨਾ 48



**ਰਿਸਰਚ ਸਕਾਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

## ਧਰਮ ਗੁਰੂ ਨਾਟਕ: ਇੱਕ ਅਧਿਐਨ / ਅਮਨਦੀਪ ਕੌਰ

ਸਵਰਾਜਬੀਰ ਚੌਥੀ ਪੀੜ੍ਹੀ ਦਾ ਨਾਟਕਕਾਰ ਹੈ। ਉਸਨੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਕਵਿਤਾ ਦੇ ਰਾਹੀਂ ਪ੍ਰਵੇਸ਼ ਕੀਤਾ। ਬਾਅਦ ਵਿਚ ਉਸਨੇ ਕਈ ਨਾਟਕ ਵੀ ਸਿਰਜੇ ਹਨ। ਸਵਰਾਜਬੀਰ ਦੇ ਨਾਟਕ ਪਾਠਕਾਂ ਅਤੇ ਦਰਸ਼ਕਾਂ ਵਿਚ ਇੱਕੋ ਸਮਾਨ ਹੀ ਅਹਿਮੀਅਤ ਕਬੂਲਦੇ ਹਨ। ਉਹ ਆਪਣੇ ਨਾਟਕਾਂ ਦੇ ਵਿਸ਼ੇ ਵਜੋਂ ਉਹਨਾਂ ਸਮੱਸਿਆਵਾਂ ਨੂੰ ਚੁਣਦਾ ਹੈ, ਜਿਨ੍ਹਾਂ ਦੀ ਜੜ੍ਹ ਵਰਤਮਾਨ ਦੀ ਬਜਾਏ ਭੂਤਕਾਲ ਵਿਚ ਉੱਗੀ ਹੈ। ਦਰਅਸਲ ਸਵਰਾਜਬੀਰ ਨੇ ਨਾਟਕ ਨੂੰ ਜਿੱਥੇ ਮਿੱਥ ਵਿਚੋਂ ਸਿਰਜਿਆ ਹੈ ਉਥੇ ਮਿੱਥ ਨੂੰ ਤੋੜਿਆ ਵੀ ਹੈ। ਉਸਨੇ ਮਿੱਥ ਦਾ ਪੁਨਰ ਸਿਰਜਣ ਕਰਕੇ ਮਿੱਥ ਨੂੰ ਨਵੇਂ ਅਰਥ ਪ੍ਰਦਾਨ ਕੀਤੇ ਹਨ, ਜਿਸ ਕਾਰਨ ਸਵਰਾਜਬੀਰ ਨੂੰ ਬੌਧਿਕ ਚਿੰਤਨ ਦਾ ਧਾਰਨੀ ਨਾਟਕਕਾਰ ਮੰਨਿਆ ਜਾਂਦਾ ਹੈ। ਸਵਰਾਜਬੀਰ ਨੇ ਆਪਣੇ ਨਾਟਕਾਂ ਦਾ ਵਿਸ਼ਾ ਉਨ੍ਹਾਂ ਸਮਾਜਿਕ ਮਸਲਿਆਂ ਨੂੰ ਬਣਾਇਆ ਹੈ ਜੋ ਸ਼ੁਰੂ ਤੋਂ ਹੀ ਮਨੁੱਖੀ ਵਿਕਾਸ ਦੇ ਰਾਹ ਵਿਚ ਰੋੜਾ ਹਨ। ਉਹ ਇਨ੍ਹਾਂ ਮਸਲਿਆਂ ਨੂੰ ਆਪਣੇ ਨਾਟਕਾਂ ਵਿਚ ਸਿਰਫ਼ ਪੇਸ਼ ਹੀ ਨਹੀਂ ਕਰਦਾ ਸਗੋਂ ਕਿ ਧਰਮ, ਰਾਜਨੀਤੀ ਤੇ ਸਨਾਤਨੀ ਰੀਤੀਵਾਦ ਦੇ ਖਿਲਾਫ਼ ਆਵਾਜ਼ ਵੀ ਉਠਾਉਂਦਾ ਹੈ। ਸਵਰਾਜਬੀਰ ਨੇ ਆਪਣੇ ਨਾਟਕ ' ਮੱਸਿਆ ਦੀ ਰਾਤ ' ਵਿਚ ਇਸ ਰੀਤੀਵਾਦ ਦੇ ਖਿਲਾਫ਼ ਸੰਘਰਸ਼ ਨੂੰ ਸਪੱਸ਼ਟ ਸ਼ਬਦਾਂ ਵਿਚ ਬਿਆਨ ਵੀ ਕੀਤਾ ਹੈ ਕਿ:-

"ਮਾਰਕਸ ਤੇ ਏਂਗਲਜ਼ ਨੇ ਕਿਹਾ ਸੀ ਕਿ ਜਮਾਤੀ ਲੜਾਈ ਜ਼ਿੰਦਗੀ ਦੇ ਹਰ ਪਹਿਲੂ ਵਿਚ ਮੌਜੂਦ ਹੈ। ਮਨੁੱਖ ਹਰ ਥਾਂ ਹਰ ਪੱਧਰ 'ਤੇ ਸੰਘਰਸ਼ ਕਰਦੇ ਹਨ। ਇਸ ਲਈ ਸੰਘਰਸ਼ ਹਰ ਵੇਲੇ, ਹਰ ਥਾਂ ਹੁੰਦਾ ਰਹਿੰਦਾ ਹੈ ਤੇ ਹੁੰਦਾ ਰਹਿਣਾ ਚਾਹੀਦਾ ਹੈ। ਸਾਨੂੰ ਨਿੱਜੀ ਤੇ ਸਮੂਹਿਕ ਸੰਘਰਸ਼ ਦੋਹਾਂ ਪੱਧਰਾਂ ਤੇ ਕਰਨਾ ਚਾਹੀਦਾ ਹੈ ਤੇ ਕਰਨਾ ਪੈਂਦਾ ਹੈ। ਮੇਰਾ ਨਾਟਕ ਵੀ ਸ਼ਾਇਦ ਏਸੇ ਤਰ੍ਹਾਂ ਦੇ ਸੰਘਰਸ਼ ਦਾ ਸਿੱਟਾ ਹੈ। ਪਾਠਕ ਤੇ ਸਰੋਤੇ ਦੇ ਮਨ ਵਿਚ ਬੇਚੈਨੀ ਦੇ ਬੀਜ ਬੀਜਣ ਦਾ ਯਤਨ ਕਰਦਾ ਹੋਇਆ।"1

ਇਸ ਤਰ੍ਹਾਂ ਸਵਰਾਜਬੀਰ ਧਰਮ ਸੱਤਾ ਦੀ ਆੜ ਥੱਲੇ ਸਾਧਨ ਵਿਹੂਣੇ ਗ਼ਰੀਬ ਲੋਕਾਂ ਅਤੇ ਔਰਤਾਂ ਉੱਪਰ ਹੋ ਰਹੇ ਸ਼ੋਸਣ ਨੂੰ ਪੇਸ਼ ਕਰਦਿਆਂ ਇਸ ਗੱਲ ਨੂੰ ਸਾਹਮਣੇ ਲਿਆਉਂਦਾ ਹੈ ਕਿ ਇਹ ਅੱਤਿਆਚਾਰ ਇਨ੍ਹਾਂ ਗ਼ਰੀਬ ਲੋਕਾਂ ਅਤੇ ਔਰਤਾਂ ਦੇ ਚੇਤੰਨ ਹੋਣ ਨਾਲ ਹੀ ਖ਼ਤਮ ਹੋ ਸਕਦਾ ਹੈ।

ਸਵਰਾਜਬੀਰ ਦੇ ਸਾਰੇ ਨਾਟਕਾਂ ਵਿਚ ਇੱਕ ਸਾਂਝ ਹੈ ਕਿ ਉਸਦੇ ਸਾਰੇ ਨਾਟਕ ਹੀ ਮਜ਼ਲੂਮਾਂ ਦੇ ਦੁੱਖਾਂ ਨੂੰ ਬਿਆਨ ਕਰਦੇ ਹਨ। ਸਾਰੇ ਨਾਟਕਾਂ ਵਿਚ ਹੀ ਦਲਿਤ, ਅਣਹੋਏ ਤੇ ਹਾਸ਼ਿਆਕ੍ਰਿਤ ਲੋਕਾਂ ਦੀ ਹੋ ਰਹੀ ਲੁੱਟ ਨੂੰ ਨਾਟਕਕਾਰ ਨੇ ਬੜੇ ਹੀ ਤਰਕਪੂਰਨ ਢੰਗ ਨਾਲ ਪੇਸ਼ ਕੀਤਾ ਹੈ। ਸਿਰਫ਼ ਪੇਸ਼ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਦੀਆਂ ਮਾਨਸਿਕ ਗੁੰਝਲਾਂ ਨੂੰ ਸੁਲਝਾਉਣ ਦਾ ਯਤਨ ਵੀ ਕੀਤਾ ਹੈ। ਜੋ ਕਿ ਉਸਦੇ ਸਾਰੇ ਨਾਟਕਾਂ ਦੇ ਵਿਸ਼ਾ-ਵਸਤੂ ਵਿਚ ਸਮੋਇਆ ਹੋਇਆ ਹੈ। ਉਸਦੇ ਅਜਿਹੇ ਨਾਟਕਾਂ ਵਿਚੋਂ ਹੀ ਨਾਟਕ 'ਧਰਮ ਗੁਰੂ' ਹੈ 'ਧਰਮ ਗੁਰੂ' ਨਾਟਕ ਦਾ ਮੁੱਖ ਵਿਸ਼ਾ 'ਧਰਮ' ਅਤੇ 'ਕਰਮ' ਦੇ ਸੰਘਰਸ਼ ਨੂੰ ਬਣਾਇਆ ਹੈ। ਇਹ ਨਾਟਕ ਸਤਿਆਵ੍ਰਤ ਅਰਥਾਤ ਤ੍ਰਿਸ਼ੰਕੂ ਦੀ ਮਿੱਥ ਨੂੰ ਅਧਾਰ ਬਣਾ ਕੇ ਲਿਖਿਆ ਹੈ ਜੋ ਵਾਲਮੀਕੀ ਰਮਾਇਣ ਦੇ ਬਾਲ ਕਾਂਡ ਵਿਚ ਦਰਜ ਹੈ। ਇਸ ਕਥਾ ਨਾਲ ਪੁਰਾਤਨ ਰਿਸ਼ੀ ਵਸ਼ਿਸ਼ਠ ਤੇ ਵਿਸ਼ਵਾਮਿੱਤਰ ਦੀ ਮਿੱਥ ਤੇ ਉਨ੍ਹਾਂ ਦੇ ਆਪਸੀ ਲੜਾਈ ਝਗੜੇ ਨੂੰ ਵੀ ਨਾਟਕ ਵਿੱਚ ਸ਼ਾਮਿਲ ਕੀਤਾ ਗਿਆ ਹੈ। ਦਰਅਸਲ ਵਿੱਚ 'ਧਰਮ ਗੁਰੂ' ਨਾਟਕ ਵਰਣ ਅਤੇ ਜਾਤੀ ਨੂੰ ਪ੍ਰਮੁੱਖ ਰੱਖ ਕੇ ਰਚਿਆ ਨਾਟਕ ਹੈ। ਨਾਟਕ ਵਿਚ ਧਰਮ ਅਤੇ ਰਾਜਨੀਤੀ ਆਮ ਲੋਕਾਈ ਨੂੰ ਹਾਸ਼ੀਏ ਤੇ ਧੱਕ ਦਿੰਦੀ ਹੈ। ਪਰ ਨਾਲ ਹੀ ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਕੁਲੀਨ ਵਰਗ ਦਾ ਸਤਿਆਵ੍ਰਤ ਜਦੋਂ 'ਕਰਮ' ਮਤ ਵਿਚ ਵਿਸ਼ਵਾਸ ਰੱਖਦਾ ਹੈ ਤਾਂ ਉਸਨੂੰ ਵੀ ਰਾਜਸੱਤਾ ਤੋਂ ਲਾਂਭੇ ਕਰਕੇ ਹਾਸ਼ੀਏ ਤੇ ਕੀਤੇ ਹੋਏ ਲੋਕਾਂ ਵਿਚ ਹੀ ਸ਼ਾਮਿਲ ਕਰ ਦਿੱਤਾ ਜਾਂਦਾ ਹੈ। ਨਾਟਕ ਵਿੱਚ ਦਰਸਾਇਆ ਹੈ ਕਿ ਸਤਿਆਵ੍ਰਤ ਬ੍ਰਾਹਮਣ ਕੰਨਿਆ ਚਿਤ੍ਰਲੇਖਾ ਨੂੰ ਵਿਆਹ ਦੇ ਮੰਡਪ ਤੋਂ ਚੁੱਕ ਕੇ ਲੈ ਜਾਂਦਾ ਹੈ। ਜਿਸ ਕਾਰਨ ਧਰਮ ਅਤੇ ਸੱਤਾ ਉਸਨੂੰ ਰਾਜਸੱਤਾ ਤੋਂ ਵੰਚਿਤ ਕਰ ਦਿੰਦੇ ਹਨ। ਪਰ ਸੱਤਿਆਵ੍ਰਤ ਦਾ ਕਹਿਣਾ ਹੈ ਕਿ ਉਸਨੇ ਚਿਤ੍ਰਲੇਖਾ ਨੂੰ ਉਠਾਇਆ ਨਹੀਂ ਸਗੋਂ ਉਹ ਆਪ ਆਪਣੀ ਮਰਜ਼ੀ ਨਾਲ ਆਈ ਹੈ। ਇਸ ਤਰ੍ਹਾਂ ਸਤਿਆਵ੍ਰਤ ਤੇ ਚਿਤ੍ਰਲੇਖਾ ਜਦੋਂ ਜੰਗਲਾਂ ਵਿੱਚ ਸਨ ਤਾਂ ਰਿਸ਼ੀ ਵਿਸ਼ਵਾਮਿੱਤਰ ਦੀ ਪਤਨੀ ਅਤੇ ਬੱਚਿਆ ਦੀ ਭੁੱਖਮਰੀ ਦੇ ਹਾਲਾਤ ਨੂੰ ਵੇਖ ਕੇ ਸਤਿਆਵ੍ਰਤ ਨੇ ਧਰਮ ਗੁਰੂ ਵਸਿਸ਼ਠ ਦੇ ਆਸ਼ਰਮ ਵਿਚੋਂ ਚੋਰੀ ਕੀਤੀ ਗਊ ਦਾ ਮਾਸ ਆਪ ਖਾਧਾ ਤੇ ਉਨ੍ਹਾਂ ਨੂੰ ਖਵਾ ਕੇ ਭੁੱਖ ਮਿਟਾਈ। ਜਿਸ ਨੂੰ ਪਾਪ ਦਾ ਭਾਗੀ ਮੰਨ ਕੇ ਧਰਮ ਗੁਰੂ ਵਸਿਸ਼ਠ ਉਸਨੂੰ ਸਜ਼ਾ ਸੁਣਾਉਣ ਲੱਗਦਾ ਹੈ ਤਾਂ ਰਿਸ਼ੀ ਵਿਸ਼ਵਾਮਿੱਤਰ ਸਤਿਆਵ੍ਰਤ ਦੀ ਮਾਨਵਤਾਵਾਦੀ ਸੋਚ ਦੀ ਪ੍ਰੋੜਤਾ ਕਰਦਾ ਹੈ।

ਇਸ ਤਰ੍ਹਾਂ ਧਰਮ ਗੁਰੂ ਨਾਟਕ ਵਿਚ ਦਰਸਾਇਆ ਹੈ ਕਿ ਲੋਕ ਸਹੀ-ਗ਼ਲਤ ਦਾ ਨਿਰਣਾ ਆਪਣੀ ਚੇਤੰਨ ਸ਼ਕਤੀ ਨਾਲ ਨਹੀਂ ਸਗੋਂ ਧਰਮ ਦੁਆਰਾ ਸਥਾਪਿਤ ਵਿਧੀ-ਵਿਧਾਨ ਰਾਹੀਂ ਕਰਦੇ ਆਏ ਹਨ। ਨਾਟਕ ਦੇ ਪਹਿਲੇ ਅੰਕ ਦੇ ਪਹਿਲੇ ਦ੍ਰਿਸ਼ ਵਿਚ ਹੀ ਸਤਿਆਵ੍ਰਤ ਪ੍ਰਸ਼ਨ ਕਰਦਾ ਹੈ ਕਿ:-

"ਗੁਰੂਵਰ, ਕਰਮ ਚੰਗਾ ਏ ਜਾਂ ਮੰਦਾ, ਇਹ ਨਿਰਣਾ ਕਿਵੇਂ ਹੋਵੇਗਾ"2

ਪਰ ਧਰਮ ਗੁਰੂ ਵਸਿਸ਼ਠ ਇਸਦਾ ਉੱਤਰ ਬੜੇ ਸਾਫ਼

ਤੇ ਸਿੱਧੇ ਸ਼ਬਦਾਂ ਵਿੱਚ ਦਿੰਦਾ ਕਹਿੰਦਾ ਹੈ ਕਿ:-

"ਇਸ ਗੱਲ ਦਾ ਨਿਰਣਾ ਤਾਂ ਧਰਮ ਨੇ ਹੀ ਕਰਨਾ ਹੈ, ਰਾਜਕੁਮਾਰ ਸੱਤਿਆਵ੍ਰਤਾ।"3

ਵਸਿਸ਼ਟ ਅਤੇ ਸਤਿਆਵ੍ਰਤ ਦੇ ਇਸ ਸੰਵਾਦ ਤੋਂ ਇਹ ਗੱਲ ਸਪੱਸ਼ਟ ਹੈ ਕਿ ਚੰਗੇ ਜਾਂ ਮੰਦੇ ਕਰਮਾਂ ਦਾ ਨਿਰਣਾ ਤਾਂ ਧਰਮ ਗੁਰੂਆਂ ਭਾਵ ਬ੍ਰਾਹਮਣ ਵਰਗ ਦੇ ਹੱਥ ਵਿਚ ਹੈ। ਇਹ ਬ੍ਰਾਹਮਣ ਜੋ ਆਪਣੇ ਆਪ ਨੂੰ ਧਰਮ ਦੇ ਗੁਰੂ ਕਹਾਉਂਦੇ ਹਨ ਉਹ ਰਾਜ ਦੀਆਂ ਸਾਰੀਆਂ ਸ਼ਕਤੀਆਂ ਅਤੇ ਧਰਮ ਦੀ ਸੰਸਥਾ ਆਪਣੇ ਹੱਥ ਵਿਚ ਰੱਖਣ ਖਾਤਰ ਸਵਰਗ, ਨਰਕ ਜਾਂ ਮੋਕਸ਼ ਵਰਗੇ ਸੰਕਲਪਾਂ ਨੂੰ ਘੜ ਕੇ ਲੋਕਾਂ ਉੱਤੇ ਆਪਣਾ ਦਬਾਅ ਬਣਾਈ ਰੱਖਦੇ ਹਨ। ਇਸ ਤਰ੍ਹਾਂ ਨਾਟਕ ਇਸ ਗੱਲ ਨੂੰ ਵੀ ਦਰਸਾਉਂਦਾ ਹੈ ਕਿ 'ਧਰਮ ਗੁਰੂ' ਦੇ ਅਰਥ ਧਰਮ ਦੀ ਸ਼ਕਤੀ ਅਤੇ ਇਸਦੇ ਦਬਦਬੇ ਵਿਚੋਂ ਪੈਦਾ ਹੋਏ ਮਨੁੱਖੀ ਜ਼ਿੰਦਗੀ ਉੱਤੇ ਇਸਦੀ ਛਾਪ ਨੂੰ ਦਰਸਾਇਆ ਹੈ ਕਿ ਕਿਵੇਂ ਮਨੁੱਖ ਆਪਣੀ ਜ਼ਿੰਦਗੀ ਜਿਉਂਦੇ ਹਨ ਅਤੇ ਇਸਨੂੰ ਅਰਥ ਦਿੰਦੇ ਹਨ। ਪਹਿਲੇ ਅਰਥ ਇਸ ਧਰਾਤਲ ਵਿਚ ਇਹ ਹੀ ਦਰਸਾਉਂਦੇ ਹਨ ਕਿ ਦਲਿਤ ਲੋਕ ਅਤੇ ਔਰਤਾਂ ਉਸੇ ਤਰ੍ਹਾਂ ਆਪਣੀ ਜ਼ਿੰਦਗੀ ਬਤੀਤ ਕਰਨ ਜਿਸ ਤਰ੍ਹਾਂ ਧਰਮ ਗੁਰੂ ਉਨ੍ਹਾਂ ਨੂੰ ਕਹਿੰਦਾ ਹੈ। ਪਰ ਦੂਜੇ ਪਾਸੇ ਇਹ ਜ਼ਿੰਦਗੀ ਦੀਆਂ ਹਰ ਪ੍ਰਕਾਰ ਦੀਆਂ ਸਥਿਤੀਆਂ ਵਿਚ ਜਿਉਂਦੇ ਜਾਗਦੇ ਮਨੁੱਖਾਂ ਲਈ ਨਵੀਂ ਜੀਵਨ ਮਹੱਤਤਾ ਨਾਲ ਭਰਪੂਰ ਸਥਿਤੀ ਨੂੰ ਜਨਮ ਦਿੰਦਾ ਹੈ। ਅਜਿਹੀ ਸਥਿਤੀ ਵਿਚ ਮਨੁੱਖ ਆਪਣੀ ਅਜ਼ਾਦੀ ਦੀ ਚੋਣ ਕਰਨ, ਆਪਣੇ ਫੈਸਲੇ ਆਪ ਕਰਨ ਅਤੇ ਦੂਸਰੇ ਨਾਲ ਲੋਹਾ ਲੈਣ ਲਈ ਤਿਆਰ ਕਰਨਾ ਹੈ। ਨਾਟਕ 'ਧਰਮ ਗੁਰੂ' ਵਿਚ ਅਜਿਹਾ ਮਨੁੱਖ ਸਤਿਆਵ੍ਰਤ ਹੈ। ਉਹ ਧਰਮ ਦੇ ਵਿਧੀ-ਵਿਧਾਨ ਨੂੰ ਵੰਗਾਰਦਾ ਹੈ। ਸਤਿਆਵ੍ਰਤ ਦੀ ਆਜ਼ਾਦੀ ਉਸਦੇ ਸਿਰਫ਼ ਆਪਣੇ ਲਈ ਨਹੀਂ ਹੈ ਸਗੋਂ ਕਿ ਉਹ ਹੋਰਨਾ ਲਈ ਚੰਗੇ ਕਰਮ ਕਰਨਾ ਜਿਵੇਂ ਭਿਆਨਕ ਅਕਾਲ ਦੀ ਪ੍ਰਸਥਿਤੀ ਵਿਚ ਰਿਸ਼ੀ ਵਿਸ਼ਵਾਮਿੱਤਰ ਦੇ ਪਰਿਵਾਰ ਨੂੰ ਭੁੱਖਮਰੀ ਤੋਂ ਬਚਾਉਣ ਲਈ ਗਊ ਦਾ ਮਾਸ ਖਾਣਾ ਤੇ ਖਵਾਉਣਾ ਨੂੰ ਇਕ ਪੁੰਨ ਦਾ ਕੰਮ ਮੰਨਦਾ ਹੈ ਪਰ ਧਾਰਮਿਕ ਦ੍ਰਿਸ਼ਟੀ ਇਸ ਨੂੰ ਘੋਰ ਪਾਪ ਮੰਨਦੀ ਹੈ। ਜਿਸ ਕਾਰਨ ਧਰਮ ਗੁਰੂ ਵਸਿਸ਼ਟ ਸਤਿਆਵ੍ਰਤ ਨੂੰ ਕਦੇ ਵੀ ਸਵਰਗ ਦਾ ਭਾਗੀ ਨਾ ਬਣਨ ਅਤੇ ਤ੍ਰਿਸ਼ੰਕੂ ਬਣ ਕੇ ਦੋਹਾਂ ਲੋਕਾਂ ਵਿਚ ਭਟਕਦੇ ਰਹਿਣ ਦਾ ਸਰਾਪ ਦੇ ਦਿੰਦਾ ਹੈ। ਪਰ ਸਤਿਆਵ੍ਰਤ ਉੱਤੇ ਧਰਮ ਗੁਰੂ ਦੇ ਇਸ ਸਰਾਪ ਦਾ ਕੋਈ ਅਸਰ ਨਹੀਂ ਹੋਇਆ ਕਿਉਂਕਿ ਉਸਦੀ ਸੋਚ ਵਿਚ ਅਧਿਕਾਰਾਂ ਦੀ ਰੱਖਿਆ ਅਤੇ ਭੁੱਖੇ ਦੀ ਭੁੱਖ ਮਿਟਾਉਣ ਲਈ ਕੀਤਾ ਗਿਆ ਕੋਈ ਵੀ ਕੰਮ ਪਾਪ ਨਹੀਂ ਹੈ। ਉਸਦੀ ਅਜਿਹੀ ਸੋਚ ਦਾ ਕਾਰਨ ਇਹ ਵੀ ਹੈ ਕਿ ਉਸਦੇ ਅੰਦਰੋਂ ਸਵਰਗ ਦੀ ਪ੍ਰਾਪਤੀ ਦੀ ਲਾਲਸਾ ਖਤਮ ਹੋ ਚੁੱਕੀ ਹੈ ਅਤੇ ਹੁਣ ਉਹ ਇਸ ਧਰਤੀ ਦੇ ਲੋਕਾਂ ਦੀ ਸੇਵਾ ਦੇ ਕਰਮ ਨੂੰ ਸਵਰਗ ਮੰਨਦਾ ਹੈ। ਰਿਸ਼ੀ ਵਿਸ਼ਵਾਮਿੱਤਰ ਸਤਿਆਵ੍ਰਤ ਦੀ ਮਾਨਵਤਾਵਾਦੀ ਸੋਚ ਦੀ ਉਦਾਹਰਨ ਦਿੰਦਾ ਕਹਿੰਦਾ ਹੈ ਕਿ:-

"ਉਹ ਮੋਕਸ਼ ਕਲਪਿਤ ਮੋਕਸ਼ ਹੈ ਧਰਮ ਗੁਰੂ। ਅਸਲੀ ਮੋਕਸ਼ ਤਾਂ ਇਸ ਸੰਸਾਰ ਦੇ ਦੁੱਖ ਵੰਡਾਉਣ 'ਚ ਹੈ...ਜਿਵੇਂ ਸਤਿਆਵ੍ਰਤ ਨੇ ਵੰਡਾਏ ਨੇ।"4

'ਧਰਮ ਗੁਰੂ' ਨਾਟਕ ਵਿਚ ਔਰਤ ਨੂੰ ਸੋਸ਼ਿਤ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਕੱਟੜ ਬ੍ਰਾਹਮਣਵਾਦੀ ਤਾਕਤਾਂ ਦੇ ਧਰਮ ਸੱਤਾ ਅਤੇ ਰਾਜ ਸੱਤਾ ਉੱਤੇ ਕਾਬਜ ਹੋਣ ਕਾਰਨ ਇਹ ਲੋਕ ਆਪਣੀ ਸੱਤਾ ਨੂੰ ਕਾਇਮ ਰੱਖਣ ਲਈ ਸ਼ੁਰੂ ਤੋਂ ਹੀ ਔਰਤਾਂ ਅਤੇ ਸ਼ੂਦਰ ਵਰਗ ਨੂੰ ਦਮਿਤ ਬਣਾ ਕੇ ਰਖਦੇ ਹਨ। ਨਾਟਕ ਵਿਚ ਜਦੋਂ ਸਤਿਆਵ੍ਰਤ ਆਪਣੇ ਬਚਾਅ ਲਈ ਦੱਸਦਾ ਹੈ ਕਿ ਉਸਨੇ ਚਿਤ੍ਰਲੇਖਾ ਨੂੰ ਉਠਾਇਆ ਨਹੀਂ ਸਗੋਂ ਕਿ ਉਹ ਆਪ ਆਪਣੀ ਇੱਛਾ ਨਾਲ ਉਸਦੇ ਨਾਲ ਗਈ ਹੈ ਤਾਂ ਧਰਮ ਗੁਰੂ ਔਰਤਾਂ ਦੇ ਆਤਮ ਨਿਰਣੇ ਦੇ ਅਧਿਕਾਰ ਸੰਬੰਧੀ ਕਹਿੰਦਾ ਹੈ ਕਿ:-

"ਧਰਮ ਕਿਸੇ ਵੀ ਕੰਨਿਆ ਨੂੰ ਆਤਮ ਨਿਰਣੇ ਦਾ ਅਧਿਕਾਰ ਨਹੀਂ ਦਿੰਦਾ।"5

ਇਸ ਤਰ੍ਹਾਂ ਹੀ ਨਾਟਕ ਦੇ ਵਿਚ ਜਦੋਂ ਚਿਤ੍ਰਲੇਖਾ ਜਦੋਂ ਸਤਿਆਵ੍ਰਤ ਨਾਲ ਧਰਮ ਸਭਾ ਵਿਚ ਜਾ ਕੇ ਆਪਣਾ ਪੱਖ ਰੱਖਦੀ ਹੈ ਤਾਂ ਧਰਮ ਗੁਰੂ ਉਸ ਸਮੇਂ ਉਸਨੂੰ ਕਹਿੰਦਾ ਹੈ ਕਿ:-

"ਇਸਤਰੀਆਂ ਦਾ ਧਰਮ ਸਭਾ ਵਿਚ ਆਉਣਾ ਮਨ੍ਹਾ ਹੈ।"6

ਔਰਤ ਦੇ ਨਾਲ-ਨਾਲ ਸ਼ੂਦਰ ਵਰਗ ਦੀ ਸਥਿਤੀ ਦਾ ਹੋਰ ਵੀ ਜਿਆਦਾ ਤਰਸਯੋਗ ਮੰਨੀ ਜਾਂਦੀ ਹੈ। ਜਿਵੇਂ ਕਿ ਗੌਤਮ ਧਰਮ ਸੂਤਰ ਵਿਚ ਲਿਖਿਆ ਹੈ ਕਿ:-

"ਵੇਦ ਦਾ ਪਾਠ ਕਰਨ ਵਾਲੇ ਸੂਦਰ ਦੀ ਜੀਭ ਕੱਟ ਲਈ ਜਾਵੇ ਅਤੇ ਜੇ ਉਸਨੇ ਵੇਦ ਪਾਠ ਯਾਦ ਕਰ ਲਿਆ ਹੋਵੇ ਤਾਂ ਸਰੀਰ ਦੇ ਦੋ ਟੁਕੜੇ ਕਰ ਦਿੱਤੇ ਜਾਣ।"7

'ਧਰਮ ਗੁਰੂ' ਨਾਟਕ ਵਿਚ ਇਸ ਨਿਮਨ ਵਰਗ ਬਾਰੇ ਦਰਸਾਇਆ ਹੈ ਕਿ ਉਨ੍ਹਾਂ ਦਾ ਧਰਮ ਗੁਰੂ ਦੇ ਆਸ਼ਰਮ ਵਿਚ ਆਉਣਾ ਮਨ੍ਹਾ ਸੀ। ਨਾਟਕ ਦੇ ਇਕ ਦ੍ਰਿਸ਼ ਵਿਚ ਜਦੋਂ ਰਾਜ ਦਾ ਕਰਮਚਾਰੀ ਮੁਨਾਦੀ ਕਰਦਾ ਹੋਇਆ ਜੋ ਕੁਝ ਸ਼ਬਦ ਆਖਦਾ ਹੈ, ਉਸਦੇ ਉਹਨਾਂ ਸ਼ਬਦਾਂ ਤੋਂ ਇਸ ਵਰਗ ਦੀ ਸਥਿਤੀ ਨੂੰ ਅਸੀਂ ਸਮਝ ਸਕਦੇ ਹਾਂ:-

"ਸੁਣੋ....ਸੁਣੋ....।।ਸੁਣੋ...।।।....ਧਰਮ ਗੁਰੂ ਵਸਿਸ਼ਠ ਦਾ ਆਦੇਸ਼ ਸੁਣੋ।...ਸ਼ੂਦਰ ਸਿਰਫ਼ ਮੰਤਰ-ਹੀਣ ਯੱਗ ਹੀ ਕਰਾ ਸਕਦਾ ਹੈ। ਸਵਾਹਾਕਾਰ, ਵਸ਼ਟਾਕਾਰ ਤੇ ਮੰਤਰ ਮੰਤਰ ਉਤੇ ਸ਼ੂਦਰਾਂ ਦਾ ਅਧਿਕਾਰ ਨਹੀਂ। ਸ਼ੂਦਰ ਲਈ ਧਨ ਜਮ੍ਹਾਂ ਕਰਨਾ ਵੀ ਮਨ੍ਹਾ ਹੈ। ਉਹ ਤੇ ਉਸਦਾ ਧਨ ਉਸਦੇ ... ਮਾਲਕ ਦੀ ਹੀ ਸੰਪਤੀ ਹਨ। ਕੋਈ ਵੀ ਸ਼ੂਦਰ ਨਾ ਤੇ ਵੇਦ ਅਤੇ ਧਰਮ ਸ਼ਾਸਤਰ ਪੜ੍ਹ ਸਕਦਾ ਹੈ ਤੇ ਨਾ ਹੀ ਸੁਣ ਸਕਦਾ ਹੈ। ਆਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਨੂੰ ਕੜਾ ਦੰਡ ਦਿੱਤਾ ਜਾਏਗਾ।"8

## ਹੀਰੋਸ਼ੀਮਾ, ਨਾਗਾਸਾਕੀ ਤੇ ਚੰਦ / ਭੁਪਿੰਦਰ ਸੰਧੂ, ਬਠਿੰਡਾ



ਮੰਨ ਲੈਂਦੇ ਹਾਂ
ਤੇਰੀ ਤਾਨਾਸ਼ਾਹੀ ਦਾ ਇਹ ਹਿੱਸਾ ਵੀ
ਕਿ ਤਾਨਾਸ਼ਾਹੀ ਸੀ ਜਾਪਾਨੀ ਹਕੂਮਤ ਵੀ।
ਉਸ ਨੇ ਚੀਨ ਨੂੰ ਦਰੜੀ ਰੱਖਿਆ,
ਬੜਾ ਜ਼ੁਲਮ ਢਾਹਿਆ ਚੀਨੀਆਂ ਉੱਤੇ।
ਕਹਿੰਦੇ ਨੇ ਕਿ –
ਚੀਨ ਦੀਆਂ ਕੁਝ ਨਸਲਾਂ ਹੀ ਵਿਗਾੜ ਦਿੱਤੀਆਂ
ਹਵਸ਼ੀ ਜਪਾਨੀ ਫੌਜੀਆਂ ਨੇ।
ਜਾਪਾਨ ਦਾ ਹੋਰ ਵੀ ਕਬਜ਼ਾ ਸੀ
ਕੁਝ ਨਿੱਕੇ ਮੁਲਕਾਂ ਤੇ
ਤੇ ਹੋਰਾਂ ਤੇ ਕਬਜੇ ਲਈ ਵਧ ਰਿਹਾ ਸੀ,
ਪਰ ਉਸ ਨੇ ਤੇਰੀ ਈਨ ਨਹੀਂ ਸੀ ਮੰਨੀ
ਸਗੋਂ ਹਿੱਕ ਤਾਣ ਖੜ੍ਹ ਗਿਆ ਸੀ
ਤੇਰੀ ਹੈਂਕੜ ਅੱਗੇ।
ਤੂੰ ਉਸ ਨੂੰ ਗੁਲਾਮ ਬਣਾਉਣਾ ਚਾਹੁੰਦਾ ਸੈਂ,
ਤੇ ਉਹ ਕਹਿੰਦੇ ਸਨ ਕਿ
ਅਸੀਂ ਕਦੇ ਹਾਰ ਨਹੀਂ ਮੰਨੀ
ਤੇ ਤੂੰ ਉਸ ਤੋਂ ਹਾਰ ਮਨਾ ਲਈ ਸੀ
ਉਹ ਵੀ ਆਪਣੀਆਂ ਸ਼ਰਤਾਂ ਦੇ ਨਾਲ।
ਕਿਉਂਕਿ ਤੂੰ ਕਰ ਦਿੱਤਾ ਸੀ ਐਟਮੀ ਹਮਲਾ
ਹੀਰੋਸ਼ੀਮਾ ਤੇ ਨਾਗਾਸਾਕੀ ਉੱਤੇ।
ਜਿਸ ਕਾਰਨ ਚੱਲੀਆਂ ਗਈਆਂ ਲੱਖਾਂ ਹੀ ਜਾਨਾਂ
ਪਰ ਤੂੰ ਖਚਰੀ ਹਾਸੀ ਹੱਸਦਾ ਰਿਹਾ।
ਕੁਝ ਸਮਝ ਆਉਂਦੀ ਹੈ
ਕਿ ਤੂੰ ਸਿਰਫ ਤੂੰ ਹੀ ਬਣਨਾ ਚਾਹੁੰਦਾ ਸੈਂ
ਸਾਰੀ ਦੁਨੀਆਂ ਦਾ ਇਕੱਲਾ ਬਾਦਸ਼ਾਹ।
ਇਸ ਲਈ ਸਮਝ ਆਉਂਦਾ ਹੈ ਕੁਝ
ਤੇਰਾ ਹੀਰੋਸ਼ੀਮਾ,
ਨਾਗਾਸਾਕੀ ਤੇ ਬੰਬ ਚਲਾਉਣਾ।
ਪਰ ਸਮਝ ਨਹੀਂ ਆਉਂਦਾ
ਤੇਰਾ ਚੰਦ ਤੇ ਬੰਬਾਰੀ ਕਰਨਾ।
ਜਿੱਥੇ ਜੀਵਨ ਨਹੀਂ
ਉੱਥੇ ਕਿੰਨ੍ਹਾਂ ਲੋਕਾਂ ਨੂੰ ਜਿੱਤਣਾ ਚਾਹੁੰਦੈ ਤੂੰ ?
ਪਾਣੀ ਦੀ ਤਲਾਸ਼ ਵਾਸਤੇ ?
ਪਾਣੀ ਤਾਂ ਧਰਤੀ ਤੇ ਬਹੁਤ ਹੈ।
ਪਹਿਲਾਂ ਇਸ ਨੂੰ ਸੰਭਾਲ ਲੈ।
ਐਵੇਂ ਬੰਬ ਨਾ ਚਲਾ
ਬੇਗੁਨਾਹ ਚੰਦ ਦੇ ਉੱਤੇ।
ਜੇ ਉੱਥੇ ਪਾਣੀ ਹੋਇਆ ਵੀ
ਤਾਂ ਉਹ ਦੂਸ਼ਿਤ ਹੋ ਜਾਵੇਗਾ
ਤੇਰੀਆਂ ਖੋਜਾਂ ਦੇ ਕਾਰਨ
ਹੀਰੋਸ਼ੀਮਾ ਤੇ ਨਾਗਾਸਾਕੀ ਦੇ ਮੌਸਮਾਂ ਦੇ ਵਾਂਗ।

ਭਾਰਤੀ ਸਮਾਜ ਵਿਚ ਦਲਿਤ ਵਰਗ ਦੀ ਸਮੱਸਿਆ ਕੋਈ ਅੱਜ ਪੈਦਾ ਹੋਈ ਨਹੀਂ ਸਗੋਂ ਕਿ ਇਸਦੀਆਂ ਜੜ੍ਹਾਂ ਬਹੁਤ ਪੁਰਾਤਨ ਸਮੇਂ ਨਾਲ ਜਾ ਜੁੜਦੀਆਂ ਹਨ। ਬ੍ਰਾਹਮਣ ਵਰਗ ਆਪਣੇ ਬੌਧਿਕ ਕਾਰਜ ਕਰਕੇ ਮੁੱਢ ਤੋਂ ਹੀ ਦਲਿਤ ਵਰਗ ਉੱਤੇ ਭਾਰੂ ਰਿਹਾ ਹੈ। ਨਾਟਕ 'ਧਰਮ ਗੁਰੂ' ਵਿਚ ਧਰਮ ਅਤੇ ਰਾਜਨੀਤੀ ਜਦੋਂ ਆਪਸ ਵਿਚ ਜੁੜਦੇ ਹਨ ਤਾਂ ਅਖੀਰ ਉੱਤੇ ਧਰਮ ਰਾਜਨੀਤੀ ਉੱਤੇ ਭਾਰੂ ਹੋ ਜਾਂਦਾ ਹੈ। ਜਿਵੇਂ ਕਿ ਰਾਜ ਦੇ ਸਾਰੇ ਫੈਸਲੇ ਧਰਮ ਦੇ ਆਗੂ ਕਰਦਾ ਹੈ। ਰਾਜਕੁਮਾਰ ਸਤਿਆਵ੍ਰਤ ਨੂੰ ਉਸਦੇ ਅਪਰਾਧ ਦੀ ਸਜ਼ਾ ਵੀ ਰਾਜਾ ਨਹੀਂ ਬਲਕਿ ਧਰਮ ਗੁਰੂ ਤੈਅ ਕਰਦਾ ਹੈ। ਮਹਾਰਾਜ ਤ੍ਰਿਆਅਰੁਣ ਜਦੋਂ ਰਾਜਸੱਤਾ ਦਾ ਤਿਆਗ ਕਰਦਾ ਹੈ ਤਾਂ ਰਾਜ ਦੀ ਵਾਂਗ – ਡੋਰ ਪ੍ਰਧਾਨ ਮੰਤਰੀ ਦੀ ਥਾਂ ਧਰਮ ਗੁਰੂ ਨੂੰ ਦਿੱਤੀ ਜਾਂਦੀ ਹੈ। ਧਰਮ ਗੁਰੂ ਜੋ ਵੀ ਕੋਈ ਫ਼ੈਸਲੇ ਕਰਦਾ ਹੈ, ਉਹ ਸਾਰੇ ਫ਼ੈਸਲੇ ਮੂਲਵਾਦੀ ਵਿਚਾਰਧਾਰਾ ਦੇ ਅਨੁਸਾਰ ਹੀ ਕਰਦਾ ਹੈ। ਜਿਸ ਦੇ ਸਿੱਟੇ ਵਜੋਂ ਉਹ ਜੋ ਵੀ ਫੈਸਲਾ ਕਰਦਾ ਹੈ, ਉਹ ਬ੍ਰਾਹਮਣੀਅਤ ਦੇ ਪੱਖ ਨੂੰ ਵੇਖ ਕੇ ਭਾਵ ਬ੍ਰਾਹਮਣੀ ਪ੍ਰਭਾਵ ਨੂੰ ਮਜ਼ਬੂਤ ਕਰਨ ਲਈ ਕਰਦਾ ਹੈ। ਇਸ ਤਰ੍ਹਾਂ 'ਧਰਮ ਗੁਰੂ' ਨਾਟਕ ਵਿਚ ਨਾਟਕਕਾਰ ਨੇ ਇਹ ਦਰਸਾਇਆ ਹੈ ਕਿ ਜਦੋਂ ਧਰਮ ਅਤੇ ਰਾਜਸੱਤਾ ਆਪਸ ਵਿਚ ਜੁੜ੍ਹ ਜਾਂਦੇ ਹਨ ਤਾਂ ਕੁੱਝ ਨਾ ਕੁੱਝ ਗ਼ਲਤ ਵਾਪਰਦਾ ਹੈ। ਧਰਮ ਦੇ ਗੁਰੂ ਕਹਾਉਣ ਵਾਲੇ ਧਰਮ ਗੁਰੂ ਹਮੇਸ਼ਾ ਰਾਜਸੱਤਾ ਉੱਪਰ ਕਾਬਜ਼ ਰਹੇ ਹਨ। ਇਸ ਕਰਕੇ ਨਾਟਕਕਾਰ ਨੇ ਧਰਮ ਅਤੇ ਰਾਜਨੀਤੀ ਦੋਵਾਂ ਨੂੰ ਵੱਖ ਕਰਨ ਦੀ ਚੇਤੰਨ-ਧੁਨੀ ਨੂੰ ਪੇਸ਼ ਕੀਤਾ ਹੈ। ਸਵਰਾਜਬੀਰ ਨੇ ਧਰਮ ਸੰਬੰਧੀ ਬਣੀਆਂ ਪੁਰਾਣੀਆਂ ਧਾਰਨਾਵਾਂ ਨੂੰ ਤੋੜ ਕੇ ਨਵੇਂ ਪ੍ਰਤੀਮਾਨ ਸਿਰਜਨ ਦਾ ਯਤਨ ਕੀਤਾ ਹੈ।

**ਹਵਾਲੇ**


1. ਸਵਰਾਜਬੀਰ, ਮੱਸਿਆ ਦੀ ਰਾਤ, ਪੰਨਾ 105
2. ਉਹੀ, ਧਰਮ ਗੁਰੂ, ਪੰਨਾ 24
3. ਉਹੀ, ਪੰਨਾ 24
4. ਉਹੀ, ਪੰਨਾ 88
5. ਉਹੀ, ਪੰਨਾ 47
6. ਉਹੀ, ਪੰਨਾ 86
7. ਡਾ. ਚਰਨਦੀਪ ਸਿੰਘ, ਦਲਿਤ ਸਰੋਕਾਰ ਅਤੇ ਸਾਹਿਤ, ਪੰਨਾ 21
8. ਸਵਰਾਜਬੀਰ, ਧਰਮ ਗੁਰੂ, ਪੰਨਾ 56

# ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ / ਰਮਨਦੀਪ ਕੌਰ

ਸਿੱਖ ਧਰਮ ਸਿੱਖਾਂ ਦਾ ਇਕ ਅਜਿਹਾ ਧਰਮ ਹੈ ਜਿਸ ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨ੍ਹਿਆ। ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਚੱਲਿਤ ਕੀਤੇ ਇਸ ਧਰਮ ਨੂੰ ਉਹਨਾਂ ਦੇ ਪੈਰੋਕਾਰਾਂ ਨੇ ਅੱਗੇ ਜਾਰੀ ਰੱਖਿਆ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦਾ ਦਰਜਾ ਦਿੱਤਾ ਜੋ ਕਿ ਸਿੱਖ ਧਰਮ ਵਿਚ ਇਕ ਲਾਸਾਨੀ ਕਰਾਮਾਤ ਸੀ। ਇਸ ਪ੍ਰਕਾਰ ਸਿੱਖ ਧਰਮ ਸਿੱਖ ਇਤਿਹਾਸ ਦਾ ਬਹੁਤ ਹੀ ਗੌਰਵਸ਼ਾਲੀ ਵਿਰਸਾ ਹੈ।

ਜਦੋਂ ਅਸੀਂ ਸਿੱਖ ਧਰਮ ਵਿਚ ਸ਼ਹਾਦਤ ਦੇ ਸੰਕਲਪ ਨੂੰ ਵਾਚਦੇ ਹਾਂ ਤਾਂ ਸਾਨੂੰ ਮਾਲੂਮ ਹੁੰਦਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਸਿੱਖ ਧਰਮ ਵਿਚ ਸਭ ਤੋਂ ਪਹਿਲਾਂ ਆਪਣੀ ਸ਼ਹਾਦਤ ਦਿੱਤੀ। ਉਹਨਾਂ ਦੀ ਸ਼ਹਾਦਤ ਨੇ ਸਿੱਖ ਧਰਮ ਵਿਚ ਅਜਿਹੀ ਪਿਰਤ ਪਾਈ ਕਿ ਇਕ ਲੰਬੇ ਸਮੇਂ ਤੱਕ ਸ਼ਹੀਦੀਆਂ ਦਾ ਦੌਰ ਚਲਦਾ ਰਿਹਾ। ਸਿੱਖ ਧਰਮ ਨੂੰ ਬਚਾਉਣ ਲਈ ਬਹੁਤ ਸਾਰੇ ਸਿੱਖਾਂ, ਬੱਚਿਆਂ, ਬੀਬੀਆਂ, ਬਜ਼ੁਰਗਾਂ ਨੇ ਆਪਣੀਆਂ ਸ਼ਹੀਦੀਆਂ ਬੜੇ ਚਾਉਂ ਨਾਲ ਦਿੱਤੀਆਂ। ਇਸ ਦੌਰ ਦਾ ਜ਼ਿਕਰ ਕਰਨ ਤੋਂ ਪਹਿਲਾਂ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਸ਼ਹੀਦ ਅਤੇ ਸ਼ਹਾਦਤ ਦੇ ਸੰਕਲਪਾਂ ਨੂੰ ਸਮਝ ਸਕੀਏ।

ਸੰਸਾਰ ਦੇ ਪ੍ਰਮੁੱਖ ਧਰਮਾਂ ਜਾਂ ਕਿਸੇ ਕੌਮ ਦੇ ਇਤਿਹਾਸ ਨੂੰ ਗਹੁ ਨਾਲ ਵੇਖਣ ਤੇ ਪਤਾ ਲੱਗਦਾ ਹੈ ਕਿ ਅਜਿਹੇ ਵੀ ਯੋਧੇ ਹਨ ਜੋ ਆਪਣੇ ਧਰਮ ਜਾਂ ਕੌਮ ਦੀ ਰੱਖਿਆ ਲਈ ਕੁਦਰਤੀ ਮੌਤ ਦੀ ਉਡੀਕ ਨਾ ਕਰਦੇ ਹੋਏ ਆਪਣੀ ਮੌਤ ਨੂੰ ਆਪ ਗਲ ਲਾਉਂਦੇ ਹਨ, ਅਜਿਹੇ ਯੋਧਿਆਂ ਨੂੰ ਸੰਸਾਰ ਵਿਚ 'ਸ਼ਹੀਦ' ਦੇ ਨਾਂ ਨਾਲ ਨਿਵਾਜਿਆ ਜਾਂਦਾ ਹੈ ਅਤੇ ਉਹਨਾਂ ਦੁਆਰਾ ਦਿੱਤੀ ਗਈ ਸਵੈ-ਕੁਰਬਾਨੀ ਨੂੰ 'ਸ਼ਹਾਦਤ' ਦਾ ਦਰਜਾ ਦਿੱਤਾ ਜਾਂਦਾ ਹੈ।

'ਸ਼ਹੀਦ' ਅਤੇ 'ਸ਼ਹਾਦਤ' ਦੋਵੇ ਹੀ ਅਰਬੀ ਭਾਸ਼ਾ ਦੇ ਸ਼ਬਦ ਹਨ। ਸ਼ਹੀਦ ਦਾ ਅਰਥ ਹੈ 'ਗਵਾਹ' ਅਤੇ ਸ਼ਹਾਦਤ ਦਾ ਅਰਥ ਹੈ 'ਗਵਾਹੀ' ਜਿਸ ਦਾ ਅਰਥ ਹੈ ਅਜਿਹਾ ਕਾਰਨਾਮਾ ਕਰਨ ਵਾਲਾ ਜੋ ਕਿ ਪ੍ਰਮਾਣ ਹੋ ਨਿਬੜੇ। 'ਸ਼ਹੀਦ' ਸ਼ਬਦ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ ਜੋ ਸੱਚਾਈ ਅਤੇ ਧਰਮ ਦੇ ਰਾਹ ਉੱਤੇ ਚੱਲਦਾ ਹੋਇਆ ਆਪਣੀ ਜਾਨ ਕੁਰਬਾਨ ਕਰ ਦੇਵੇ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ

"ਸ਼ਹੀਦੀ ਸੰਗਯਾ- 1. ਸ਼ਹੀਦਪਨ, ਸ਼ਹਾਦਤ, ਗਵਾਹੀ। 2. ਸ਼ਹਾਦਤ ਪ੍ਰਾਪਤ ਕਰਨ ਦੀ ਕ੍ਰਿਯਾ। 3. ਧਰਮ ਹਿੱਤ ਪ੍ਰਣ ਅਰਪਣ ਕਰਨ ਦੀ ਕ੍ਰਿਯਾ।"1

ਗੁਰਤੇਜ ਸਿੰਘ ਅਨੁਸਾਰ

"ਅਸਲ ਵਿਚ ਸ਼ਹਾਦਤ ਸ਼ਬਦ ਸਿੱਖ ਧਰਮ ਵਿਚ ਉਸ ਅਤਿਅੰਤ ਸਚਿਆਰ ਮਹਾਂਪੁਰਖ ਵਾਸਤੇ ਵਰਤਿਆ ਜਾਂਦਾ ਹੈ, ਜੋ ਸੱਚ ਦੀ ਖ਼ਾਤਰ ਸਿਰ ਧੜ ਦੀ ਬਾਜ਼ੀ ਨਿਸੰਗ ਹੋ ਕੇ ਲਾ ਦੇਵੇ ਅਤੇ ਸੱਚ ਨੂੰ ਦੋਹੀ ਜਹਾਨੀ ਪ੍ਰਗਟ ਕਰ ਦੇਵੇ।"2

ਸਿੱਖ ਧਰਮ ਵਿਚ ਸ਼ਹਾਦਤ ਦਾ ਦਰਜਾ ਉਸ ਸਚਿਆਰ ਮਹਾਂਪੁਰਖ ਨੂੰ ਪ੍ਰਾਪਤ ਹੈ ਜਿਸ ਨੇ ਸੱਚ ਲਈ ਆਪਣੀ ਕੁਰਬਾਨੀ ਦਿੱਤੀ ਹੋਵੇ। ਮੌਤ ਨੂੰ ਫਤਹਿ ਕਰਨਾ ਅਤੇ ਮੌਤ ਨੂੰ ਸਵਰਗ ਦੇ ਇਲਾਹੀ ਜਗਤ ਦਾ ਨੂਰੀ ਦਰਸ਼ਨ ਬਣਾਉਂਣ ਦਾ ਦਰਜਾ ਹੀ ਸ਼ਹਾਦਤ ਨੂੰ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਸ਼ਹਾਦਤ ਕੋਈ ਅਣਚਾਹੀ ਮੌਤ ਮਰਨ ਦਾ ਨਾਂ ਨਹੀਂ ਹੈ ਬਲਕਿ ਕਿਸੇ ਅੱਤਿਆਚਾਰ ਜਾਂ ਜਬਰ ਜ਼ੁਲਮ ਵਿਰੁੱਧ ਕੁਰਬਾਨੀ ਦੇ ਕੇ ਪ੍ਰਾਪਤ ਕੀਤਾ ਗਿਆ ਮਹਾਨ ਰੁਤਬਾ ਹੈ। ਸ਼ਹੀਦ ਅਸਲੀ ਅਰਥਾਂ ਵਿੱਚ ਸ਼ਹਾਦਤ ਦਾ ਦਰਜਾ ਉਦੋਂ ਹੀ ਹਾਸਲ ਕਰ ਲੈਂਦਾ ਹੈ, ਜਦੋਂ ਉਹ ਦੇਹ ਰੂਪੀ ਬੰਧਨਾਂ ਤੋਂ ਮੁਕਤ ਹੋ ਕੇ ਆਪਣੀ ਹਸਤੀ ਜਾਂ ਚੇਤਨਾ ਨੂੰ ਰੱਬੀ ਸੁਹਜ ਨਾਲ ਇਕਸੁਰ ਕਰ ਲੈਂਦਾ ਹੈ। ਇਸ ਸੰਬੰਧੀ ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ-

"ਸ਼ਹਾਦਤ ਮਨੁੱਖੀ ਹਸਤੀ ਨੂੰ ਰੱਬੀ ਸੁਹਜ ਦੇ ਕੇਂਦਰ ਵਿਚ ਲਿਆਉਂਦੀ ਹੈ। ਇਵੇਂ ਮਨੁੱਖ ਦਾ ਰੂਹਾਨੀ ਸਫ਼ਰ ਅਜ਼ੀਮ ਸਾਬਤ ਹੋ ਜਾਂਦਾ ਹੈ ਅਤੇ ਉਸ ਨੂੰ ਹਾਸਿਲ ਕਰਦੇ ਹੋਏ ਰਹਿਮ ਵਿਚ ਅੰਤਰ-ਨਾਂਹ ਨੂੰ ਆਪਣੇ ਵਿਚ ਸਮੋ ਲੈਣ ਦੀ ਤਾਕਤ ਆ ਜਾਂਦੀ ਹੈ।"3

ਸ਼ਹੀਦੀ ਦੇ ਰਸਤੇ 'ਤੇ ਚੱਲਣਾ ਤਲਵਾਰ ਦੀ ਧਾਰ ਤੇ ਚੱਲਣ ਬਰਾਬਰ ਹੈ, ਜਿਸ ਕਰਕੇ ਸ਼ਹਾਦਤ ਨੂੰ ਸਿੱਖੀ ਦਾ ਪ੍ਰਥਮ ਗੁਣ ਸਵੀਕਾਰ ਕੀਤਾ ਗਿਆ ਹੈ। ਇਹ ਮਾਣ ਸਿੱਖ ਧਰਮ ਨੂੰ ਪ੍ਰਾਪਤ ਹੈ ਕਿਉਂਕਿ ਸਮੁੱਚਾ ਸਿੱਖ ਇਤਿਹਾਸ ਸ਼ਹੀਦੀਆਂ ਨਾਲ ਭਰਿਆ ਹੋਇਆ ਹੈ, ਪਰ ਸਿੱਖ ਦੀ ਇਹ ਸ਼ਹਾਦਤ ਨਾ ਤਾਂ ਨਿੱਜ ਲਈ ਹੈ ਅਤੇ ਨਾਂ ਕੇਵਲ ਆਪਣੀ ਕੌਮ ਦੇ ਸਨਮਾਨ ਵਾਸਤੇ ਬਲਕਿ ਉਹ ਮਨੁੱਖਤਾ ਦੇ ਸਨਮਾਨ ਤੇ ਹਰ ਪ੍ਰਕਾਰ ਦੀ ਬੇਇਨਸਾਫੀ ਵਿਰੁੱਧ ਆਪਣੀ ਸ਼ਹੀਦੀ ਦਿੰਦਾ ਹੈ। ਅਸੀਂ ਦੇਖਦੇ ਹਾਂ ਕਿ ਸਿੱਖ ਧਰਮ ਵਿਚ ਸ਼ਹੀਦ ਸ਼ਬਦ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਰੂਪਮਾਨ ਹੁੰਦਾ ਹੈ। ਗੁਰੂ ਜੀ ਨੇ ਸ਼ਹੀਦ ਸ਼ਬਦ ਨੂੰ ਮਹਾਨ ਰੁਤਬਾ ਦੇ ਕੇ ਇਸ ਨੂੰ ਗੁਰੂਆਂ, ਪੀਰਾਂ ਤੇ ਪੈਗੰਬਰਾਂ ਦੇ ਬਰਾਬਰ ਦਾ ਦਰਜਾ ਦਿੱਤਾ ਹੈ, ਗੁਰੂ ਜੀ ਫਰਮਾਉਂਦੇ ਹਨ।-

"ਪੀਰ ਪੈਕਾਮਰ ਸਾਲਰ ਸਾਦਕ
ਸੁਹਰੇ ਅਉਰੁ ਸਹੀਦ।।
ਸੇਖ ਮਸਾਇਕ ਕਾਜੀ ਮੁਲਾ
ਦਰਿ ਦਰਵੇਸ ਰਸੀਦ।।4

ਜਿਸ ਤਰ੍ਹਾਂ ਸ਼ਹਾਦਤ ਸ਼ਬਦ ਸਾਮੀ ਧਰਮਾਂ ਵਿਚ ਚਮਕਦਾ ਨਜ਼ਰ ਆਉਂਦਾ ਹੈ, ਉਸ ਤਰ੍ਹਾਂ ਦਾ ਸੰਕਲਪ ਭਾਰਤੀ ਸੰਸਕ੍ਰਿਤੀ ਵਿਚੋਂ ਬਿਲਕੁਲ ਹੀ ਗਾਇਬ ਹੈ। ਸਿੱਖੀ ਤੋਂ ਪਹਿਲਾ ਭਾਰਤੀ ਚਿੰਤਨ ਵਿਚ ਸ਼ਹਾਦਤ ਦਾ ਸੰਕਲਪ ਮੌਜੂਦ ਹੀ ਨਹੀਂ ਸੀ।

"ਮੁਸਲਮਾਨਾਂ ਦੀ ਆਮਦ ਤੱਕ ਸ਼ਹੀਦ ਦੇ ਸੰਕਲਪ ਨੂੰ ਭਾਰਤੀ ਸਮਾਜ ਵਿਚ ਕੋਈ ਸਥਾਨ ਹੀ ਪ੍ਰਾਪਤ ਨਹੀਂ ਸੀ ਅਤੇ ਬਹੁਤ ਹੀ ਅਚੰਭੇ ਵਾਲੀ ਗੱਲ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਹਿਲਾ ਭਾਰਤੀ ਸਭਿਆਚਾਰ ਵਿਚ ਸ਼ਹਾਦਤ ਦਾ ਸੰਕਲਪ ਹੀ ਪ੍ਰਾਪਤ ਨਹੀਂ ਸੀ। ਪਹਿਲੀ ਵਾਰ ਗੁਰੂ ਅਰਜਨ ਪਾਤਸ਼ਾਹ ਲਈ ਸ਼ਹੀਦ ਸ਼ਬਦ ਵਰਤਿਆ ਗਿਆ।"5

ਸਿੱਖ ਧਰਮ ਵਿਚ ਸਭ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਭ ਤੋਂ ਪਹਿਲਾ ਆਪਣੀ ਸ਼ਹਾਦਤ ਦਿੱਤੀ। ਗੁਰੂ ਅਰਜਨ ਦੇਵ ਜੀ ਦੁਆਰਾ ਆਪਣੀ ਸ਼ਹੀਦੀ ਦੇ ਕੇ ਪਾਈ ਇਸ ਪਿਰਤ ਨੂੰ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਕੁਰਬਾਨੀ ਦੇ ਕੇ ਅੱਗੇ ਜਾਰੀ ਰੱਖਿਆ। ਉਹਨਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣੀ ਸ਼ਹੀਦੀ ਦਿੱਤੀ। ਉਸ ਤੋਂ ਬਾਅਦ ਸਾਹਿਬਜਾਦਿਆਂ ਦੀਆਂ ਸ਼ਹੀਦੀਆਂ ਤੋਂ ਲੈ ਕੇ ਲੰਬੇ ਦੌਰ ਤੱਕ ਸ਼ਹੀਦੀਆਂ ਦੇਣ ਦੀ ਇਕ ਲੜੀ ਚੱਲ ਪਈ ਜਿਸ ਨੂੰ ਸਿੱਖਾਂ ਨੇ ਗੁਰੂ ਸਾਹਿਬਾਨ ਦੁਆਰਾ ਦੱਸੇ ਮਾਰਗ ਉੱਤੇ ਚਲਦਿਆਂ ਹੋਇਆ ਜਾਰੀ ਰੱਖਿਆ।

ਗੁਰੂ ਸਾਹਿਬਾਨ ਨੇ ਆਪਣੀ ਸ਼ਹਾਦਤ ਦੇ ਕੇ ਲੋਕਮਨ ਵਿਚ ਸ਼ਹਾਦਤ ਦੇ ਸੰਕਲਪ ਦਾ ਸੰਚਾਰ ਕਰਨ ਦੇ ਨਾਲ ਲੋਕਾਂ ਵਿਚ ਅਜਿਹੀ ਜਨ-ਜਾਗ੍ਰਿਤੀ ਪੈਦਾ ਕੀਤੀ ਕਿ ਸਿੱਖ ਸ਼ਹੀਦੀਆਂ ਦੇਣ ਲਈ ਵੱਧ-ਚੜ੍ਹ ਕੇ ਅੱਗੇ ਆਏ। ਇਤਿਹਾਸ ਗਵਾਹ ਹੈ ਕਿ ਸਿੱਖੀ ਦੀ ਉਤਪਤੀ ਤੋਂ ਪਹਿਲਾਂ ਭਾਰਤੀ ਪਰੰਪਰਾ ਵਿਚ ਸ਼ਹਾਦਤ ਦੀ ਪਰੰਪਰਾ ਦੀ ਹੋਂਦ ਹੀ ਨਹੀਂ ਸੀ। ਸੱਚ ਲਈ ਉਠਾਈ ਗਈ ਪਹਿਲੀ ਆਵਾਜ਼ ਗੁਰੂ ਨਾਨਕ ਸਾਹਿਬ ਦੀ ਸੀ ਕਿਉਂਕਿ ਜੇਕਰ ਸੱਚ ਦਾ ਮਾਰਗ ਧਾਰਨ ਕਰਨਾ ਹੈ ਤਾਂ ਸਿਰ ਤਲੀ 'ਤੇ ਧਰਨਾ ਜ਼ਰੂਰੀ ਹੈ। ਗੁਰੂ ਨਾਨਕ ਸਾਹਿਬ ਦਾ ਕਥਨ ਹੈ-

"ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।6

ਸਿੱਖ ਧਰਮ ਵਿਚ ਸ਼ਹੀਦੀਆਂ ਦੀਆਂ ਦੋ ਪ੍ਰਕਾਰ ਦੀਆਂ ਵੰਨਗੀਆਂ ਵੇਖਣ ਨੂੰ ਮਿਲਦੀਆਂ ਹਨ-

1. ਸਿਦਕ-ਸਿਰੜ ਵਾਲੀ ਸ਼ਹੀਦੀ
2. ਜੁਝਾਰੂ ਸ਼ਹੀਦੀ

ਸਿਦਕ-ਸਿਰੜ ਵਾਲੀ ਸ਼ਹੀਦੀ ਤੋਂ ਭਾਵ ਅਜਿਹੀ ਸ਼ਹੀਦੀ ਤੋਂ ਹੈ ਜੋ ਰੱਬ ਦਾ ਭਾਣਾ ਮੰਨਦੇ ਹੋਏ ਅਡੋਲ ਰਹਿ ਕੇ ਪ੍ਰਾਪਤ ਕੀਤੀ ਜਾਵੇ, ਜਿਸ ਵਿਚ ਸਾਡੇ ਪੰਚਮ ਪਾਤਸ਼ਾਹ ਦਾ ਪ੍ਰਮੁੱਖ ਸਥਾਨ ਹੈ।

"ਤੇਰਾ ਕੀਆ ਮੀਠਾ ਲਾਗੈ।।
ਹਰਿ ਨਾਮੁ ਪਦਾਰਥੁ ਨਾਨਕ ਮਾਂਗੈ।।7

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਆਪਣੇ ਦੇਸ਼, ਧਰਮ ਅਤੇ ਅਸੂਲਾਂ ਲਈ ਹੱਸਦੇ ਹੋਏ ਕੁਰਬਾਨੀ ਦੇਣਾ ਇਕ ਆਮ ਜਿਹੀ ਵਾਰਤਾ ਹੋ ਗਈ। ਉਹਨਾਂ ਦੇ ਕਦਮਾਂ ਤੇ ਅੱਗੇ ਚਲਦਿਆਂ ਹੋਇਆ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਸੀਸ ਦਿੱਤਾ ਪਰ ਆਪਣਾ ਸਿਦਕ ਨਾ ਗਵਾਇਆ ਤੇ ਸ਼ਾਂਤ ਚਿਤ ਰਹਿ ਕੇ ਸ਼ਹੀਦ ਹੋ ਗਏ। 'ਦਸਮ ਗ੍ਰੰਥ' ਵਿਚ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਬਾਰੇ ਇਸ ਪ੍ਰਕਾਰ ਵਰਨਣ ਕਰਦੇ ਹਨ-

"ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।
ਸਾਧਕ ਹੇਤਿ ਇਤੀ ਜਿਨਿ ਕਰੀ। ਸੀਸੁ ਦੀਆ ਪਰ ਸੀ ਨਾ ਉਚਰੀ।
ਧਰਮ ਹੇਤਿ ਸਾਕਾ ਜਿਨਿ ਕੀਆ। ਸੀਸੁ ਦੀਆ ਪਰੁ ਸਿਰਰੁ ਨ ਦੀਆ।
ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪਰ ਕੀਯਾ ਪ੍ਰਯਾਨ।
ਤੇਰਾ ਬਹਾਦਰੁ ਸੀ ਕ੍ਰਿਆ ਕਰੀ ਨ ਕਿਨਹੂੰ ਆਨ।8

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਜੁਝਾਰੂ ਸ਼ਹੀਦੀ ਦੀ ਪ੍ਰੇਰਨਾ ਉਦੋਂ ਦਿੱਤੀ ਜਦੋਂ ਉਹਨਾਂ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਜਿਸ ਨਾਲ ਸਿੱਖ ਧਰਮ ਵਿਚ ਇਕ ਨਵਾਂ ਪਰਿਵਰਤਨ ਵਾਪਰਿਆ। ਸਿੱਖਾਂ ਨੇ ਜ਼ੁਲਮ ਦੀ ਰੱਖਿਆ ਲਈ ਪਹਿਲੀ ਵਾਰ ਸ਼ਸਤਰ ਵਰਤਣੇ ਸ਼ੁਰੂ ਕੀਤੇ। ਇਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਸਿੰਘਾਂ ਨੂੰ ਪੰਜ ਕਕਾਰਾਂ ਨਾਲ ਸਜਾ ਕੇ ਸਚਮੁੱਚ ਹੀ ਸ਼ੇਰ ਬਣਾ ਦਿੱਤਾ। ਦਸਵੇਂ ਪਾਤਸ਼ਾਹ ਦਾ ਫੁਰਮਾਨ ਹੈ-

ਦੇਹਿ ਸ਼ਿਵਾ ਬਰ ਮੋਹਿ ਇਹੈ।
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।
ਨ ਡਰੋ ਅਰਿ ਜੋ ਜਬ ਜਾਇ ਲਰੋ।
ਨਿਸਚੈ ਕਰ ਅਪਨੀ ਜੀਤ ਕਰੋ।9

ਇਸ ਪ੍ਰਕਾਰ ਵੀਹਵੀਂ ਸਦੀ ਵਿਚ ਚੱਲੀ ਗੁਰਦੁਆਰਾ ਸੁਧਾਰ ਲਹਿਰ ਵਿਚ ਵੀ ਸਿੱਖ ਕੌਮ ਨੇ ਕੁਰਬਾਨੀ ਤੇ ਸ਼ਹਾਦਤ ਦੀ ਇਸ ਪਰੰਪਰਾ ਨੂੰ ਪੂਰੀ ਤਨਦੇਹੀ ਨਾਲ ਨਿਭਾ ਕੇ ਅਣਗਿਣਤ ਕੁਰਬਾਨੀਆਂ ਦਿੱਤੀਆਂ ਅਤੇ ਸਿੱਖ ਵਿਰਸੇ ਦੇ ਗੌਰਵ ਨੂੰ ਉੱਚਾ ਕੀਤਾ। ਸ਼ਹਾਦਤ ਲਈ ਮਨ ਵਿਚ ਚਾਅ ਤੇ ਖੇੜਾ ਹੋਣਾ ਬਹੁਤ ਜ਼ਰੂਰੀ ਹੈ। ਸਿੱਖ ਧਰਮ ਦੀ ਅਰਦਾਸ ਵਿਚ ਰੋਜ਼ਾਨਾ ਹੀ ਸ਼ਹੀਦਾਂ ਦੀ ਇੱਕ ਲੜੀ ਦੁਹਰਾਈ ਜਾਂਦੀ ਹੈ ਤੇ ਬੜੇ ਹੀ ਅਦਬ ਸਤਿਕਾਰ ਨਾਲ 'ਬੋਲੋ ਜੀ ਵਾਹਿਗੁਰੂ' ਕਹਿ ਕੇ

## ਕਵਿਤਾ / ਮਦਰਾਸੀ ਡੋਸਾ / ਅਵਤਾਰਜੀਤ

ਸ਼ਹਿਰ ਦਾ
ਸ਼ੇਰਾਂ ਵਾਲਾ ਗੇਟ
ਜਿਵੇਂ ਜੰਗਲਾਂ 'ਚੋਂ ਸਾਰੇ ਸ਼ੇਰ
ਸ਼ਹਿਰ 'ਚ ਆ ਵੜੇ ਹੋਣ...
ਸ਼ੋਰ ਹੀ ਸ਼ੋਰ
ਹਾਬੜਿਆ ਰੇਸਤਰਾਂ
ਦੌੜਦੀ ਹੋਈ ਸੜਕ ਤੇ
ਦੋ ਠਹਿਰੇ ਹੋਏ ਚਿਹਰੇ
ਬਜ਼ਾਰ ਦੇ ਸ਼ੋਰ 'ਚ
ਜੜ੍ਹ ਹੋਏ ਚੁੱਪ ਜਿਸਮ
ਮਾਂ ਪੁੱਤ, ਪੁੱਤ ਮਾਂ
ਭੁੱਖੀਆਂ ਪਿਆਸੀਆਂ ਨਜ਼ਰਾਂ
ਤਾਂਘਦੀ ਬੱਚੇ ਦੀ ਭੁੱਖ
ਮਦਰਾਸੀ ਡੋਸਾ ਖਾਣਾ
ਬੇਸਮਝ ਨਾ ਇੱਥੇ ਉਹਦੇ
ਹਿੱਸੇ ਦਾ ਦਾਣਾ....
ਜਿੱਦ ਕਰਦਾ ਬੱਚਾ
ਮਦਰਾਸੀ ਮਸਾਲੇ ਦੀ ਮਹਿਕ



ਉਸਨੂੰ ਬੁਲਾਉਂਦੀ
ਮੰਡੀ ਦੀ
ਬਿੱਲੀ ਮੁਸਕਰਾਉਂਦੀ
ਉਸਨੂੰ ਪਕਵਾਨਾਂ 'ਚੋਂ
ਮਨਫ਼ੀ ਕਰਦੀ
ਮੰਗਤੀ ਮਾਂ ਵਰਜਦੀ
ਨਾ ਬੇਟਾ
ਇਹ ਬਹੁਤ
ਕੌੜੀ ਚੀਜ਼ ਏ

ਆਪਾਂ ਇਹ ਖਾ ਨਹੀਂ ਸਕਦੇ
ਜਿਵੇਂ ਧਰਤੀ ਦੀ ਮਰ ਗਈ ਭੁੱਖ
ਅਸਮਾਨ ਦੀਆਂ
ਮੁੱਕੀਆਂ ਤੇਹਾਂ
ਕਿੰਨੇ ਹੀ ਖੇਤ ਸ਼ਰਮਿੰਦਾ
ਦਾਣੇ ਵਿਆਕੁਲ
ਸਿਫ਼ਰ ਹੋਈ ਜ਼ਿੰਦਗੀ
ਅੱਖਾਂ ਤੇ
ਪੱਟੀ ਬੰਨ੍ਹੀ ਮੂਰਤ ਦੀ
ਤੱਕੜੀ ਸਮਤੋਲ ਨਹੀਂ ਅਜੇ
ਮੈਂ ਉਹਨਾਂ ਦੇ ਹਿੱਸੇ ਦੀ
ਭੁੱਖ ਤੇ ਦੁੱਖ ਲੈ ਪਰਤ ਰਿਹਾ
ਸ਼ਹਿਰ ਦਾ
ਸ਼ੇਰਾਂ ਵਾਲਾ ਗੇਟ
ਜਿਵੇਂ ਜੰਗਲਾਂ 'ਚੋਂ ਸਾਰੇ ਸ਼ੇਰ
ਸ਼ਹਿਰ ਚ ਆ ਵੜੇ ਹੋਣ....

ਉਹਨਾਂ ਸ਼ਹੀਦਾਂ ਨੂੰ ਸਤਿਕਾਰ ਭੇਂਟ ਕੀਤਾ ਜਾਂਦਾ ਹੈ–

"ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆ ਨਾਲ ਚਿਰਾਏ ਗਏ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ ਧਰਮ ਨਹੀਂ ਹਾਰਿਆ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਹੀ ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ ਬੋਲੋ ਜੀ ਵਾਹਿਗੁਰੂ।"

ਸਿੱਖ ਧਰਮ ਵਿਚ ਸ਼ਹੀਦੀ ਪ੍ਰਾਪਤ ਕਰਨ ਦਾ ਮੰਤਵ ਸੀ ਖ਼ਾਲਸੇ ਦਾ ਰਾਜ ਕਾਇਮ ਕਰਨਾ ਜੋ ਕਿ ਸਮੁੱਚੀ ਮਾਨਵਤਾ ਲਈ ਸਰਬ-ਸਾਂਝਾ ਤੇ ਕਲਿਆਣਕਾਰੀ ਹੋਵੇ। ਇਸ ਤਰ੍ਹਾਂ ਸਰਹਿੰਦ ਦੀਆਂ ਨੀਹਾਂ ਵਿਚੋਂ ਉਗਮਿਆਂ, ਉਬਲਦੀਆਂ ਦੇਗਾਂ ਵਿਚ ਕੜ੍ਹਿਆ, ਡਾਂਗਾਂ ਦੀਆਂ ਸੰਮਾਂ ਦੀ ਛਾਵੇਂ ਪਲਿਆ ਸ਼ਹਾਦਤ ਸੰਬੰਧੀ ਸਿੱਖੀ ਦਾ ਇਹ ਅਸੂਲ ਹਮੇਸ਼ਾ ਹੀ ਧਰੂ ਤਾਰੇ ਵਾਂਗ ਚਮਕਦਾ ਰਹੇਗਾ। ਪੰਜਵੇਂ ਪਾਤਸ਼ਾਹ ਤੋਂ ਲੈ ਕੇ ਸਿੱਖਾਂ ਨੇ ਬੜੇ ਹੀ ਚਾਅ ਨਾਲ ਆਪਣੀਆਂ ਸ਼ਹੀਦੀਆਂ ਦਿੱਤੀਆਂ ਹਨ। ਭਾਈ ਮਨੀ ਸਿੰਘ ਜੀ ਨੇ ਆਪਣੇ ਬੰਦ-ਬੰਦ ਕਟਵਾ ਕੇ ਸ਼ਹੀਦੀ ਦਿੱਤੀ ਬਾਬਾ ਦੀਪ ਸਿੰਘ ਜੀ ਨੇ ਆਪਣਾ ਸੀਸ ਤਲੀ 'ਤੇ ਰੱਖ ਕੇ ਹੱਥ ਵਿਚ ਖੰਡਾ ਲੈ ਕੇ ਸਿੱਖ ਧਰਮ ਲਈ ਲੜੇ। ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਦੌਰਾਨ ਸਿੱਖਾਂ ਨੇ ਬੜੀ ਬਹਾਦਰੀ ਨਾਲ ਉਸ ਦਾ ਮੁਕਾਬਲਾ ਕੀਤਾ। ਜੱਸਾ ਸਿੰਘ ਆਹਲੂਵਾਲੀਆਂ, ਕਪੂਰ ਸਿੰਘ, ਮਹਾਂ ਸਿੰਘ ਦੀਆਂ ਸ਼ਹੀਦੀਆਂ ਦਾ ਸਿੱਖ ਧਰਮ ਵਿਚ ਵਡਮੁੱਲਾ ਯੋਗਦਾਨ ਹੈ। ਅੱਜ-ਕੱਲ ਸਿੱਖ ਕੌਮ ਆਪਣੇ ਅਸੂਲਾਂ ਨੂੰ ਭੁੱਲਦੀ ਜਾ ਰਹੀ ਹੈ। ਲੋੜ ਹੈ ਕਿ ਸਾਨੂੰ ਸਾਡੇ ਸਿੱਖ ਵਿਰਸੇ ਦੇ ਇਸ ਅਦੁੱਤੀ ਸ਼ਹਾਦਤ ਦੇ ਸੰਕਲਪ ਨੂੰ ਯਾਦ ਰੱਖਦਿਆਂ ਹੋਇਆ ਸਿੱਖ ਧਰਮ ਵਿਚ ਯੋਗਦਾਨ ਪਾਉਂਣ ਦੀ।

### ਹਵਾਲੇ


1. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 139-140
2. ਗੁਰਤੇਜ ਸਿੰਘ (ਪ੍ਰੋਫ਼ੈਸਰ ਆਫ਼ ਸਿੱਖਿਜ਼ਮ), ਸ਼ਹਾਦਤ, ਜੂਨ 1998, ਪੰਨਾ 188
3. ਹਰਿੰਦਰ ਸਿੰਘ ਮਹਿਬੂਬ (ਪ੍ਰੋ.) ਸਹਿਜੇ ਰਚਿਓ ਖਾਲਸਾ, ਪੰਨਾ 904
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 53
5. ਦਰਸ਼ਨ ਸਿੰਘ (ਡਾ.), ਭਾਰਤੀ ਪਰੰਪਰਾ ਅਤੇ ਸਿੱਖ ਗੁਰੂ, ਪੰਨਾ 25
6. ਗੁਰਤੇਜ ਸਿੰਘ, ਸਿੰਘ ਨਾਦ, ਪੰਨਾ 19
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 394
8. ਗੁਰਨਾਮ ਕੌਰ, ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਨਾ 35
9. ਉਹੀ, ਪੰਨਾ 37

## ਅਣ-ਬੋਲੇ ਦੀ ਊਰਜਾ ਨੂੰ ਦਰਸਾਉਂਦੀਆਂ ਕਹਾਣੀਆਂ: ਉੱਚੀਆਂ ਆਵਾਜ਼ਾਂ ਕਹਾਣੀਕਾਰ ਬਲੀਜੀਤ / ਨਿਰੰਜਣ ਬੋਹਾ

ਬਲੀਜੀਤ ਦੀ ਪਹਿਲੀ ਕਹਾਣੀਆਂ ਦੀ ਪੁਸਤਕ 2006 ਵਿਚ ਪ੍ਰਕਾਸ਼ਿਤ ਹੋਈ, ਦੂਸਰੀ 2010 ਵਿਚ ਤੇ ਤੀਸਰੀ ਸੰਨ 2022 ਦੇ ਅੰਤਲੇ ਪੜਾਅ 'ਤੇ। ਇਨ੍ਹਾਂ ਤਿੰਨਾਂ ਪੁਸਤਕਾਂ ਵਿੱਚ ਉਸਦੀਆਂ ਦਸ ਦਸ ਕਹਾਣੀਆਂ ਸ਼ਾਮਿਲ ਹਨ। ਇਸ ਤਰ੍ਹਾਂ ਉਸਨੇ ਆਪਣੇ ਤਿੰਨ ਦਹਾਕਿਆਂ ਤੋਂ ਲੰਬੇ ਸਾਹਿਤਕ ਸਫਰ ਦੌਰਾਨ ਸਿਰਫ ਤੀਹ ਕੁ ਕਹਾਣੀਆਂ ਹੀ ਲਿਖੀਆਂ ਨੇ। ਏਨੀ ਧੀਮੀ ਰਫਤਾਰ ਵਿੱਚ ਕਹਾਣੀ ਸਿਰਜਣਾ ਕਰਕੇ ਵੀ ਜੇ ਉਹ ਪੰਜਾਬੀ ਕਹਾਣੀ ਬਾਰੇ ਹੁੰਦੀ ਹਰ ਚਰਚਾ ਵਿਚ ਮੌਜੂਦ ਰਹਿੰਦਾ ਹੈ ਤਾਂ ਇਹ ਉਸਦੀਆਂ ਕਹਾਣੀਆਂ ਦੀ ਚਿਰ ਸਥਾਈ ਜਿਉਣ ਯੋਗਤਾ ਦਾ ਹੀ ਕਮਾਲ ਹੈ। ਭਾਵੇਂ ਉਸਦੀਆਂ ਕਹਾਣੀਆਂ ਵਿਚਲੀ ਵਿਚਾਰਧਾਰਕ ਊਰਜਾ ਇਨ੍ਹਾਂ ਦੀ ਪੜ੍ਹਣ ਯੋਗਤਾ ਨੂੰ ਵਧਾਉਂਦੀ ਹੈ ਪਰ ਇਹਨਾਂ ਦਾ ਪਾਠ ਕਥਾਰਸ ਭਰਪੂਰ ਕਹਾਣੀਆਂ ਵਾਂਗ ਸਹਿਜਤਾ ਨਾਲ ਨਹੀਂ ਕੀਤਾ ਜਾ ਸਕਦਾ। ਉਸਦੀਆਂ ਕਹਾਣੀਆਂ ਦੇ ਭਾਵ ਬੋਧ ਤੱਕ ਪਹੁੰਚਣ ਲਈ ਪਾਠਕਾਂ ਨੂੰ ਕਹਾਣੀਆਂ ਦੇ ਪਾਤਰਾਂ ਵਾਂਗ ਹੀ ਅਸਹਿਜ ਹੋਣਾ ਪੈਂਦਾ ਹੈ। ਪਾਠਕ ਨੂੰ ਅਸਹਿਜ ਤੇ ਬੇ-ਚੈਨ ਕਰਕੇ ਆਪਣੇ ਵਿਸ਼ਾ ਵਸਤੂ ਦੇ ਅੰਤਰੀਵੀ ਬੋਧ ਤੱਕ ਲੈ ਕੇ ਜਾਣ ਵਾਲੀਆਂ ਕਹਾਣੀਆਂ ਦੀ ਉਮਰ ਅਕਸਰ ਲੰਮੀ ਹੁੰਦੀ ਹੈ ਤੇ ਇਹ ਖਾਸੀਅਤ ਉਸਦੀਆਂ ਕਹਾਣੀਆਂ ਦੇ ਹਿੱਸੇ ਵੀ ਆਈ ਹੈ। ਉਹ ਆਪਣੀਆਂ ਕਹਾਣੀਆਂ ਦੇ ਪਾਤਰਾਂ ਨੂੰ ਦਰਪੇਸ਼ ਮਨੋ-ਸਮਾਜਿਕ ਸਮੱਸਿਆਵਾਂ ਦੇ ਸਮਾਧਾਨ ਲਈ ਸਿੱਧੇ ਰੂਪ ਵਿੱਚ ਦਿਸ਼ਾ ਨਿਰਦੇਸ਼ਕ ਦੀ ਭੂਮਿਕਾ ਨਹੀਂ ਨਿਭਾਉਂਦਾ ਸਗੋਂ ਉਹਨਾਂ ਅੰਦਰਲੇ ਮਾਨਸਿਕ ਕੁਹਰਾਮ ਵੱਲੋਂ ਗ੍ਰਹਿਣ ਕੀਤੀ ਜਾ ਸਕਦੀ ਭਵਿੱਖਤ ਦਿਸ਼ਾ ਬਾਰੇ ਸੋਚਣ ਦਾ ਫੈਸਲਾ ਪਾਠਕਾਂ 'ਤੇ ਹੀ ਛੱਡ ਦਿੰਦਾ ਹੈ। ਇਸ ਤਰ੍ਹਾਂ ਉਸਦੀਆਂ ਕਹਾਣੀਆਂ ਬੋਲੇ ਨਾਲ ਅਣਬੋਲੇ ਵਿਚਾਰਾਂ ਦਾ ਉਸਾਰ ਵਧੇਰੇ ਕਰਦੀਆਂ ਹਨ ਤੇ ਇਹ ਅਣ-ਬੋਲਿਆ ਪਾਠਕਾਂ ਦੀ ਸੋਚਣ ਪ੍ਰੀਕਿਰਿਆ ਨੂੰ ਹੋਰ ਗੰਭੀਰ ਬਣਾਉਣ ਵਾਲਾ ਸਾਬਤ ਹੁੰਦਾ ਹੈ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਕਿਸੇ ਪਾਤਰ ਦੀ ਉਡੀਕ ਵਿੱਚ' ਮਾਨਵੀ ਰਿਸ਼ਤਿਆਂ ਵਿੱਚਲੇ ਨਿੱਘ ਨੂੰ ਉਸਦੀ ਸਮੁੱਚਤਾ ਸਮੇਤ ਮਾਨਣ ਦੀ ਕਲਾ ਬਾਰੇ ਬਹੁਤ ਮਾਰਮਿਕ ਤੇ ਭਾਵਪੂਰਤ ਬਿਰਤਾਂਤ ਸਿਰਜਦੀ ਹੈ। ਕਹਾਣੀ ਵਿਚਲੇ ਬਿਰਤਾਂਤਕਾਰ ਪਾਤਰ ਨੂੰ ਇਸ ਨਿੱਘ ਦਾ ਅਹਿਸਾਸ ਆਪਣੇ ਗੁਆਂਢੀ ਗੋਰੇ ਕਿਰਾਏਦਾਰ ਜੈਕ ਫਰੇਜ਼ਰ ਤੇ ਉਸਦੀ ਪਤਨੀ ਲਿੱਲੀ ਦੀ ਸੰਗਤ ਵਿੱਚੋਂ ਹੁੰਦਾ ਹੈ। ਉਨ੍ਹਾਂ ਦੇ ਕਿਰਾਏ ਵਾਲਾ ਘਰ ਛੱਡ ਕੇ ਚਲੇ ਜਾਣ ਤੋਂ ਬਾਅਦ ਉਹ ਆਪਣੇ ਅੰਦਰਲੇ ਖਲਾਅ ਨੂੰ ਭਰਨ ਲਈ ਉਨ੍ਹਾਂ ਜਿਹੇ ਹੀ ਕਿਸੇ ਪਾਤਰ ਦੀ ਉਡੀਕ ਕਰਦਾ ਹੈ ਤਾਂ ਉਸ ਅੰਦਰ ਪੈਦਾ ਹੋਏ ਖੁਦ ਉਨ੍ਹਾਂ ਵਰਗੇ ਬਨਣ ਦੇ ਭਾਵ ਇਸ ਕਹਾਣੀ ਦਾ ਹਾਸਿਲ ਬਣ ਜਾਂਦੇ ਹਨ।

ਕਹਾਣੀ 'ਮੌਤ ਦੀ ਉਡੀਕ ਵਿੱਚ' ਹਰ ਮਨੁੱਖ ਅੰਦਰ ਸਦੀਵੀ ਤੌਰ ਤੇ ਮੌਜੂਦ ਲੰਮੀ ਉਮਰ ਭੋਗਣ ਦੀ ਲਾਲਸਾ ਬਾਰੇ ਸੰਵਾਦ ਰਚਾਉਂਦਿਆਂ ਅਜੋਕੇ ਪਦਾਰਥਕ ਯੁੱਗ ਵਿਚ ਇਸ ਲਾਲਸਾ ਵੱਲੋਂ ਗ੍ਰਹਿਣ ਕੀਤੇ ਨਵੇਂ ਅਰਥਾਂ ਦੀ ਨਿਸ਼ਾਨਦੇਹੀ ਕਰਦੀ ਹੈ। ਜਦੋਂ ਅਧਰੰਗ ਦਾ ਸ਼ਿਕਾਰ ਹੋਈ ਮਾਂ ਦੀ ਲੰਬੀ ਉਮਰ ਉਸ ਲਈ ਨਰਕ-ਕੁੰਭ ਸਾਬਤ ਹੋਣ ਦੇ ਨਾਲ ਉਸਦੀ ਸੰਭਾਲ ਕਰਨ ਵਾਲੇ ਪਰਿਵਾਰਕ ਮੈਂਬਰਾਂ ਲਈ ਵੀ ਵੱਡਾ ਮਾਨਸਿਕ ਸੰਤਾਪ ਬਣ ਜਾਂਦੀ ਹੈ ਤਾਂ ਦੋਹੇਂ ਧਿਰਾਂ ਉਸਦੀ ਮੌਤ ਨੂੰ ਤੀਬਰਤਾ ਨਾਲ ਉਡੀਕਣ ਲੱਗਦੀਆਂ ਹਨ। ਕਹਾਣੀ ਬੁੱਢੀ ਮਾਂ ਵੱਲੋਂ ਮੰਗ ਕੇ ਲਈ ਮੌਤ ਨਾਲੋਂ ਆਪਣੇ ਪਾਤਰ ਡਾ. ਸਿੰਗਲਾ ਦੀ ਮੌਤ ਨੂੰ ਜੀਵਨ ਦਾ ਬਿਹਤਰ ਅੰਤ ਕਰਾਰ ਦਿੰਦੀ ਹੈ, ਜਿਹੜੀ ਅਚਣਚੇਤੀ ਹੀ ਉਸਨੂੰ ਭਵਿੱਖ ਦੇ ਦੁੱਖਾਂ ਤੋਂ ਛੁਟਕਾਰਾ ਦਿਵਾ ਜਾਂਦੀ ਹੈ।

ਕਹਾਣੀ 'ਰੇਤ ਦੇ ਘਰ' ਬਚਪਨ ਵਿੱਚ ਰੇਤ ਦੇ ਘਰਾਂ ਨੂੰ ਬਣਾਉਣ ਵੇਲੇ ਦੀ ਸਮਝ, ਮਸੂਮੀਅਤ ਤੇ ਮਹੁੱਬਤ ਨੂੰ ਅਜੋਕੇ ਸਮੇਂ ਬਣਾਏ ਜਾ ਰਹੇ ਘਰਾਂ ਦੀ ਉਸਾਰੀ ਦੀ ਭਾਵਨਾ ਨਾਲ ਤੁਲਨਾਉਂਦੀ ਹੈ ਤਾਂ ਕਹਾਣੀ ਦੇ ਮੁੱਖ ਪਾਤਰ ਨੂੰ ਆਪਣੀ ਮੁੱਠੀ ਵਿੱਚੋਂ ਰੇਤ ਵਾਂਗ ਬਹੁਤ ਕੁਝ ਕਿਰ ਜਾਣ ਦਾ ਅਹਿਸਾਸ ਹੁੰਦਾ ਹੈ। ਇਸ ਤਰ੍ਹਾਂ ਜਦੋਂ ਕਹਾਣੀ 'ਹਨੇਰੇ ਦੀ ਫਰਦ' ਤਰੱਕੀ ਦੇ ਨਾਂ 'ਤੇ ਪਿੰਡਾਂ ਦੇ ਹੋ ਰਹੇ ਤੇਜ ਰਫਤਾਰ ਸ਼ਹਿਰੀਕਰਨ ਦੇ ਨਤੀਜਿਆਂ ਨੂੰ ਦਰਸਾਉਂਦੀ ਹੈ ਤਾਂ ਪਾਠਕ ਇਹ ਸੋਚ ਕੇ ਧੁਰ ਅੰਦਰ ਤੱਕ ਬੇ-ਚੈਨ ਹੋ ਜਾਂਦਾ ਹੈ ਕਿ ਪੇਂਡੂ ਘਰਾਂ ਦੀ ਥਾਂ ਤੇ ਉਸਰੇ ਸ਼ੋਅ ਰੂਮਾਂ ਦੀਆਂ ਨੀਹਾਂ ਹੇਠ ਉਨ੍ਹਾਂ ਦੇ ਪੁਰਖਿਆਂ ਦੀਆਂ ਬਹੁਤ ਸਾਰੀਆਂ ਪੈੜਾਂ ਦੱਬ ਗਈਆਂ ਹਨ। ਇਹ ਕਹਾਣੀ ਮਨੁੱਖੀ ਅਤੀਤ ਦਾ ਹਿੱਸਾ ਬਣਦੇ ਜਾ ਰਹੇ ਮੋਹਖੋਰੇ ਰਿਸ਼ਤਿਆਂ ਨੂੰ ਤਲਾਸ਼ ਕਰਦਿਆਂ ਆਪਣੇ ਪਾਠਕਾਂ ਨੂੰ ਵੀ ਇਸ ਤਲਾਸ਼ ਦਾ ਚੇਤੰਨ ਹਿੱਸਾ ਬਣਾਉਣਾ ਲੋਚਦੀ ਹੈ।

ਕਹਾਣੀ 'ਨਮਸ਼ਕਾਰ' ਪੇਟ ਦੀ ਭੁੱਖ ਤੇ ਪੈਸੇ ਦੀ ਭੁੱਖ ਵਿਚਲੇ ਫਰਕ ਨੂੰ ਸੂਖਮ ਕਲਾਤਮਿਕ ਛੋਹਾਂ ਰਾਹੀਂ ਰੂਪਮਾਨ ਕਰਦੀ ਹੈ। ਕਹਾਣੀ ਅਨੁਸਾਰ ਪੈਸੇ ਦੀ ਭੁੱਖ ਹਾਊਮੈ ਤੇ ਹੰਕਾਰ ਭਰੇ ਟਕਰਾਵਾਂ ਨੂੰ ਹੀ ਜਨਮ ਦਿੰਦੀ ਹੈ ਪਰ ਪੇਟ ਦੀ ਭੁੱਖ ਮਿਟਾਉਣ ਲਈ ਮਨੁੱਖ ਲੜ-ਮਰ ਵੀ ਸਕਦਾ ਹੈ ਤੇ ਅਧੀਨਗੀ ਦੀਆਂ ਸਿਖਰਾਂ ਵੀ ਛੂਹ ਸਕਦਾ ਹੈ। ਪੇਟੋਂ ਭੁੱਖੇ ਮਨੁੱਖ ਵੱਲੋਂ ਰੱਜੇ ਮਨੁੱਖ ਕੋਲੋਂ ਕੁੱਤੇ ਨੂੰ ਪਾਈ ਜਾਣ ਵਾਲੀ ਰੋਟੀ ਖੋਹ ਕੇ ਭੱਜਣਾ ਤੇ ਇਸਦੀ ਪ੍ਰਾਪਤੀ ਹੋਣ ਤੇ ਆਪਣਾ ਸਿਰ ਆਪਣੇ ਢਿੱਡ ਤੱਕ ਲਿਜਾ ਕੇ ਨਮਸ਼ਕਾਰ ਕਰਨਾ ਕਹਾਣੀ ਵੱਲੋਂ ਸਿਰਜਿਆਂ ਪੇਟ ਦੀ ਭੁੱਖ ਦਾ ਬਹੁਤ ਹੀ ਕਲਾਸਿਕ ਬਿਰਤਾਂਤ

ਹੈ। ਕਹਾਣੀ 'ਨੂਣ' ਦੇ ਪਾਠ ਨੇ ਇੱਕ ਪਾਠਕ ਦੇ ਤੌਰ ਤੇ ਮੈਨੂੰ ਵਧੇਰੇ ਅਸਹਿਜ ਕੀਤਾ ਹੈ। ਇਸ ਲਈ ਇਸ ਕਹਾਣੀ ਦਾ ਜ਼ਿਕਰ ਵੀ ਮੈਂ ਵਿਸ਼ੇਸ਼ ਤੌਰ ਤੇ ਹੀ ਕਰਨਾ ਚਾਹਾਂਗਾ। ਕਿਸੇ ਦੇ ਖਾਧੇ ਲੂਣ ਨੂੰ ਹਰਾਮ ਨਾ ਕਰਨ ਨਾਲ ਜੁੜੀ ਲੋਕ ਉਕਤੀ ਦੀ ਜਿਹੜੀ ਭਾਵਪੂਰਤ ਵਿਆਖਿਆ ਇਹ ਕਹਾਣੀ ਕਰਦੀ ਹੈ, ਉਹ ਪਾਠਕਾਂ ਨੂੰ ਧੁਰ ਅੰਦਰ ਤੱਕ ਬੇਚੈਨ ਕਰਨ ਵਾਲੀ ਹੈ। ਜਦੋਂ ਕਹਾਣੀ ਨਮਕ ਹਲਾਲੀ ਦੀ ਕੋਈ ਸਟੀਕ ਉਦਾਹਰਣ ਤਲਾਸ਼ ਕਰਦੀ ਹੈ ਤਾਂ ਉਸਨੂੰ ਇਸ ਮਾਮਲੇ ਵਿਚ ਮਨੁੱਖੀ ਜਗਤ ਨਾਲੋਂ ਬੇ-ਜ਼ੁਬਾਨ ਤੇ ਬੇ-ਸਮਝ ਸਮਝਿਆ ਜਾਂਦਾ ਪਸ਼ੂ-ਜਗਤ ਵੱਧ ਅੱਗੇ ਵਿਖਾਈ ਦਿੰਦਾ ਹੈ। ਇਸ ਕਹਾਣੀ ਵਿਚਲੇ ਮੁਰਦਾ

ਪਸ਼ੂਆਂ ਦੀ ਖੱਲ ਉਤਾਰਣ ਵਾਲਾ ਸੁਦਾਗਰ ਆਪਣੀਆਂ ਪਰਿਵਾਰਕ ਲੋੜਾਂ ਦੀ ਪੂਰਤੀ ਲਈ ਡੱਡੂ ਪਾਸੋਂ ਪੰਦਰਾਂ ਰੁਪਏ ਵਿਚ ਇਕ ਮਰੀਅਲ ਜਿਹੀ ਕੱਟੀ ਖਰੀਦ ਕੇ ਉਸਦੀ ਸੇਵਾ ਸੰਭਾਲ ਕਰਦਾ ਹੈ ਤਾਂ ਉਹ ਕੱਟੀ ਬਿੰਗੇ ਸਿੰਗਾਂ ਵਾਲੀ ਮੱਝ ਦੇ ਰੂਪ ਵਿਚ ਆਪਣੀ ਸੰਭਾਲ ਤੇ ਖਾਧੇ ਨੂਣ ਦਾ ਮੁੱਲ ਕਿਸਤ ਦਰ ਕਿਸਤ ਮੋੜਦੀ ਹੈ। ਪਰਿਵਾਰ ਦੀਆਂ ਬਹੁਤ ਸਾਰੀਆਂ ਆਰਥਿਕ ਲੋੜਾਂ ਉਸ ਵੱਲੋਂ ਦਿੱਤੇ ਦੁੱਧ ਨੂੰ ਵੇਚ ਕੇ ਪੂਰੀਆਂ ਹੁੰਦੀਆਂ ਹਨ ਤੇ ਆਪਣੇ ਹਰ ਸੂਏ 'ਤੇ ਉਸ ਵੱਲੋਂ ਦਿੱਤੇ ਕਟਰੂ ਵੀ ਰੁਪਏ ਬਣ ਕੇ ਸੁਦਾਗਰ ਦੀ ਫਤੂਹੀ ਵਿਚ ਪੈਂਦੇ ਹਨ। ਜਦੋਂ ਬੁੱਢੀ ਹੋਣ 'ਤੇ ਉਹ ਪਰਿਵਾਰ ਦਾ ਸਹਾਰਾ ਬਨਣ ਤੋਂ ਅਸਮਰੱਥ ਹੋ ਜਾਂਦੀ ਹੈ ਤਾਂ ਵੀ ਖਟੀਕਾਂ ਕੋਲ ਵੇਚੇ ਜਾਣ 'ਤੇ ਸੌ ਰੁਪਏ ਹੋਰ ਸੁਦਾਗਰ ਦੀ ਜੇਬ ਵਿਚ ਪੈ ਜਾਂਦੇ ਹਨ।


ਆਪਣੇ ਪਾਠਕਾਂ ਨੂੰ ਵਿਚਲਿਤ ਕਰਨ ਵਾਲਾ ਅਚਣਚੇਤੀ ਵਰਤਾਰਾ ਉਸ ਸਮੇਂ ਵਾਪਰਦਾ ਹੈ ਜਦੋਂ ਬਿੰਗੇ ਸਿੰਗਾਂ ਵਾਲੀ ਉਹ ਮੱਝ ਸਹਾਰਨਪੁਰ ਜਾਣ ਵਾਲੇ ਟਰੱਕ ਵਿਚ ਲੱਦਣ ਤੋਂ ਪਹਿਲਾਂ ਹੀ ਦਮ ਤੋੜ ਕੇ ਆਪਣੇ ਖਾਧੇ ਨੂਣ ਦਾ ਰਹਿੰਦਾ ਮੁੱਲ ਮੋੜਣ ਲਈ ਵਾਪਸ ਉਸ ਸਥਾਨ 'ਤੇ ਪਹੁੰਚ ਜਾਂਦੀ ਹੈ ਜਿੱਥੇ ਸੁਦਾਗਰ ਮਰਿਆਂ ਪਸ਼ੂਆਂ ਦੀ ਖੱਲ ਲਾਹੁੰਦਾ ਹੈ। ਸੁਦਾਗਰ ਦੀ ਆਤਮਿਕ ਆਵਾਜ਼ ਬਣ ਕੇ ਨਿਕਲੇ 'ਨੂਣ' 'ਨੂਣ' ਸ਼ਬਦ ਉਸ ਅੰਦਰ ਪੈਦਾ ਹੋਣ ਵਾਲੀ ਅਹਿਸਾਨਮੰਦੀ ਦੇ ਵੀ ਪ੍ਰਤੀਕ ਵੀ ਹਨ ਤੇ ਇਸ ਕਹਾਣੀ ਦੀ ਜਿੰਦ ਜਾਨ ਵੀ। ਕਹਾਣੀ ਦਾ ਅੰਤਲਾ ਵਾਕ "ਪ੍ਰਸਿੰਨੀ... ਈਹਨੂੰ ਕਿਹੜਾ ਮਾਸਟਰ ਪੜ੍ਹਾ ਗਿਆ... ਬਈ ਮੈਂ ਚਮੜੇ ਦਾ ਕੰਮ ਕਰਦਾਂ??" ਇਸ ਅਹਿਸਾਨਮੰਦੀ ਦਾ ਸਿਖਰ ਸਿਰਜ ਕੇ ਇਸਨੂੰ ਮਨੁੱਖੀ ਸਮਾਜ ਦੀ ਵੱਡੀ ਲੋੜ ਵਜੋਂ ਉਭਾਰਦੇ ਹਨ।

ਕਹਾਣੀ 'ਸਿਰ ਦੇ ਵਾਲ' ਸੰਨ ਚੁਰਾਸੀ ਵਿੱਚ ਦਿੱਲੀ ਵਿੱਚ ਹੋਏ ਸਿੱਖ ਕਤਲੇਆਮ ਦੇ ਹਵਾਲੇ ਨਾਲ ਧਰਮ ਤੇ ਇਸਦੀ ਰਹਿਤ ਮਰਿਆਦਾ ਦੀ ਆਪਣੇ ਢੰਗ ਨਾਲ ਵਿਆਖਿਆ ਕਰਦੀ ਹੈ। ਸੰਨ ਚੁਰਾਸੀ ਦੇ ਦਿੱਲੀ ਕਤਲੇਆਮ ਦੇ ਸਮੇਂ ਦੌਰਾਨ ਰਾਜੀਵ ਦੇ ਦੋਸਤਾਂ ਸੰਨੀ ਤੇ ਮੈਂ( ਬਿਰਤਾਂਤਕਾਰ) ਇਸ ਗੱਲ ਨੂੰ ਲੈ ਕੇ ਬੇ-ਹੱਦ ਚਿੰਤਤ ਹਨ ਕਿ ਦੇਹਰਾਦੂਨ ਵੱਲ ਗਏ ਰਾਜੀਵ ਦੇ ਸੁਰੱਖਿਅਤ ਹੋਣ ਬਾਰੇ ਕੋਈ ਖਬਰ ਸਾਰ ਨਹੀਂ ਮਿਲ ਰਹੀ। ਸੰਨੀ ਤੇ ਉਸਦਾ ਪਰਿਵਾਰ ਮੋਦੀਪੁਰਮ ਰਹਿ ਰਹੇ ਸੰਨੀ ਦੇ ਅੰਕਲ ਗੁਰਸੇਵਕ ਦੀ ਸੁੱਖ ਸਾਂਦ ਲਈ ਵੀ ਚਿੰਤਤ ਹੈ ਪਰ ਕੇਸਾਧਾਰੀ ਹੋਣ ਕਾਰਨ ਦੰਗਿਆਂ ਦੀ ਬਲਦੀ ਅੱਗ ਵਿਚ ਉਹ ਉਸਦਾ ਪਤਾ ਲੈਣ ਲਈ ਪੰਜਾਬ ਤੋਂ ਬਾਹਰ ਜਾਣ ਦਾ ਜ਼ੋਖਮ ਨਹੀਂ ਉਠਾ ਸਕਦੇ। ਇਸ ਸਮੇਂ ਕਹਾਣੀ ਦਾ ਬਿਰਤਾਂਤਕਾਰ ਆਪਣੀ ਹਿੰਦੂਆਂ ਵਰਗੀ ਦਿੱਖ ਤੇ ਮੋਨੇ ਹੋਣ ਨੂੰ ਢਾਲ ਬਣਾ ਕੇ ਪਹਿਲੋਂ ਦੇਹਰਾਦੂਨ ਰਾਜੀਵ ਕੋਲ ਪਹੁੰਚਦਾ ਹੈ ਤੇ ਫਿਰ ਉਹ ਦੋਹੇਂ ਮੋਦੀਪੁਰਮ ਸੰਨੀ ਦੇ ਅੰਕਲ ਗੁਰਸੇਵਕ ਲਾਂਬੇ ਦੇ ਘਰ ਪੁੱਜਦੇ ਹਨ ਤਾਂ ਸਿਰੇ ਦੇ ਤਣਾਉ ਪੂਰਨ ਮਾਹੌਲ ਵਿਚ ਵੀ ਮਾਨਵਤਾ ਆਪਣੇ ਜਿਉਂਦੇ ਹੋਣ ਦਾ ਸਬੂਤ ਦੇ ਜਾਂਦੀ ਹੈ। 'ਮੈਂ' ਰੂਪੀ ਬਿਰਤਾਂਤਕਾਰ ਭਾਵੇਂ ਕਿਸੇ ਧਾਰਮਿਕ ਮਰਿਆਦਾ ਦਾ ਧਾਰਨੀ ਨਹੀਂ ਹੈ ਅਤੇ ਸਮੋਕਿੰਗ ਵੀ ਕਰਦਾ ਹੈ ਫਿਰ ਵੀ ਉਸ ਅੰਦਰਲੀ ਪੰਜਾਬੀ ਕੌਮੀਅਤ 'ਬੋਲੇ ਸੋ ਨਿਹਾਲ' ਦੇ ਜੈ ਕਾਰੇ ਦਾ ਜੁਆਬ 'ਸਤਿ ਸ਼੍ਰੀ ਅਕਾਲ' ਵਜੋਂ ਹੀ ਦਿੰਦੀ ਹੈ।

ਕਹਾਣੀ 'ਉੱਚੀਆਂ ਆਵਾਜ਼ਾਂ' ਆਪਣੇ ਪਾਤਰ ਰਾਮ ਮੂਰਤੀ ਦੀਆਂ ਅੱਖਾਂ ਵਿਚ ਉੱਤਰੇ ਚਿੱਟੇ ਮੋਤੀਏ ਦੇ ਬਹਾਨੇ ਨਾਲ ਸਮਾਜਿਕ ਵਿਵਸਥਾ ਦੀਆਂ ਅੱਖਾਂ ਵਿੱਚਲੇ ਮੁਨਾਫੇਖੋਰੀ ਤੇ ਵਿਤਕਰੇਬਾਜ਼ੀ ਦੇ ਮੋਤੀਏ ਬਿੰਦ 'ਤੇ ਨਿਸ਼ਾਨਾ ਸੇਧਦੀ ਹੈ। ਇਹ ਮੋਤੀਆ ਬਿੰਦ ਜਦੋਂ ਰੱਬੀ ਦਰਜ਼ਾ ਰੱਖਦੇ ਡਾਕਟਰੀ ਪੇਸ਼ੇ ਦੀਆਂ ਅੱਖਾਂ ਵਿੱਚ ਉੱਤਰ ਆਉਂਦਾ ਹੈ ਤਾਂ ਮਰੀਜ਼ਾਂ ਨਾਲ ਵੀ ਮੁਨਾਫਾ ਅਧਾਰਿਤ ਵਿਤਕਰੇਬਾਜ਼ੀ ਦੀ ਸ਼ੁਰੂਆਤ ਹੋ ਜਾਂਦੀ ਹੈ। ਇਸ ਕਿੱਤੇ ਵਿਚ ਪੈਦਾ ਹੋਈ ਸੰਵੇਦਨਹੀਣਤਾ 'ਤੇ ਇਸ ਤੋਂ ਕਰੂਰ ਵਿਅੰਗ ਹੋਰ ਕੀ ਹੋ ਸਕਦਾ ਹੈ ਕਿ ਹਸਪਤਾਲ ਵੱਲੋਂ ਖਾਣਾ ਵੀ ਕੇਵਲ ਉਨ੍ਹਾਂ ਹੀ ਮਰੀਜ਼ਾ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਇਲਾਜ਼ ਬੀਮਾ ਕੰਪਨੀ ਰਾਹੀਂ ਹੋਣ ਕਾਰਨ ਮੋਟੇ ਮੁਨਾਫੇ ਦੀ ਉਮੀਦ ਹੈ।

ਬਲੀਜੀਤ ਦੀਆਂ ਕਹਾਣੀ ਵਿਚਲੇ ਅਨੁਭਵ ਵੀ ਦੂਜੇ ਕਹਾਣੀਕਾਰਾਂ ਨਾਲੋਂ ਵੱਖਰੇ ਹਨ ਤੇ ਇਹਨਾਂ ਅਨੁਭਵਾਂ ਨੂੰ ਅਭਿਵਿਅਕਤੀ ਵਿਚ ਬਦਲਣ ਸੰਬੰਧੀ ਉਸਦਾ ਅੰਦਾਜ਼ ਵੀ ਵੱਖਰਾ ਹੈ। ਉਸਦੀਆਂ ਕਹਾਣੀਆਂ ਦੀਆਂ ਬਹੁਤ ਸਾਰੀਆਂ ਪਰਤਾਂ ਹਨ। ਮੈਂ ਕੇਵਲ ਆਪਣੀ ਪਸੰਦ ਦੀਆਂ ਉਹਨਾਂ ਪਰਤਾਂ ਦੀ ਗੱਲ ਕੀਤੀ ਹੈ ਜਿਹੜੀਆਂ ਮੇਰੀਆਂ ਜਗਿਆਸੂ ਬਿਰਤੀਆਂ ਦੀ ਤ੍ਰਿਪਤੀ ਵਿਚ ਸਹਾਈ ਬਣੀਆਂ ਹਨ। ਹਰ ਪਾਠਕ ਇਹਨਾਂ ਵਿਚੋ ਆਪਣੇ ਲਈ ਕੁਝ ਨਵਾਂ ਤਲਾਸ਼ ਕਰ ਸਕਦਾ ਹੈ। ਭਾਵੇਂ ਇਹ ਕਹਾਣੀਆਂ ਕਈ ਥਾਈਂ ਪਾਠਕਾਂ ਨੂੰ ਆਪਣੇ ਬੋਧ ਵਿਚਲੇ ਕੋਡ ਨੂੰ ਡੀਕੋਡ ਕਰਨ ਦੀ ਚਣੌਤੀ ਵੀ ਦਿੰਦੀਆਂ ਹਨ ਪਰ ਜਦੋਂ ਪਾਠਕ ਇਸ ਕੋਡ ਨੂੰ ਖੋਲ੍ਹ ਲੈਂਦਾ ਹੈ ਤਾਂ ਉਹ ਕਹਾਣੀਕਾਰ ਦੀ ਮਨੋਵਿਸ਼ਲੇਸ਼ਣੀ ਯੋਗਤਾ ਦੀ ਪ੍ਰਸੰਸਾ ਕੀਤੇ ਬਿਨਾਂ ਨਹੀਂ ਰਹਿ ਸਕਦਾ।

## ਚੁੱਪ ਦੀ ਕਥਾ ’ਚੋਂ ਗੁਜ਼ਰਦਿਆਂ / ਅਮਰਜੀਤ ਕੌਂਕੇ




ਪੰਜਾਬੀ ਸਾਹਿਤ ਦੇ ਰੰਗ ਬਰੰਗੇ ਬਾਗ ਵਿਚ ਨਿੱਤ ਨਵੇਂ ਫੁੱਲ ਕਲੀਆਂ ਖਿੜਦੇ ਰਹਿੰਦੇ ਹਨ ਜੋ ਹੌਲੀ ਹੌਲੀ ਖੁਸ਼ਬੂਦਾਰ ਫੁੱਲਾਂ ਵਿਚ ਤਬਦੀਲ ਹੋ ਕੇ ਸਮਾਜ ਵਿਚ ਆਪਣੀ ਮਹਿਕ ਖਿਡਾਉਂਦੇ ਹਨ। ਇਹਨਾਂ ਸੁਗੰਧਿਤ ਫੁੱਲਾਂ ਕਲੀਆਂ ਕਾਰਨ ਹੀ ਸ਼ਬਦਾਂ ਦੀ ਬਗੀਆ ਸਦਾ ਮਹਿਕਦੀ ਰਹਿੰਦੀ ਹੈ। ਖੁਸ਼ਬੂਦਾਰ ਪੌਣ ਵਗਦੀ ਹੈ ਤੇ ਆਲਾ ਦੁਆਲਾ ਮਹਿਕਿਆ ਰਹਿੰਦਾ ਹੈ। ਸਾਹਿਤ ਦੇ ਇਸ ਮਹਿਕਦੇ ਬਾਗ ਵਿਚ ਇਕ ਹੋਰ ਫੁੱਲ ਦੀ ਆਮਦ ਨੇ ਮੇਰੇ ਮਨ ਨੂੰ ਖੁਸ਼ੀ ਨਾਲ ਭਰ ਦਿੱਤਾ ਹੈ। ਮੇਰੀ ਮੁਰਾਦ ਸਾਡੇ ਪਿਆਰੇ ਸ਼ਾਇਰ ਨਵਦੀਪ ਮੁੰਡੀ ਤੋਂ ਹੈ। ਇਹ ਸ਼ਾਇਰ ਬਹੁਤ ਅਰਸੇ ਤੋਂ ਪੰਜਾਬੀ ਕਵਿਤਾ ਦੇ ਖੇਤਰ ਵਿਚ ਸਰਗਰਮ ਹੈ। ਸਾਊ ਤੇ ਸ਼ਰਮਾਕਲ ਸੁਭਾਅ ਦੇ ਇਸ ਸ਼ਾਇਰ ਦੀ ਕਵਿਤਾ ਵੀ ਇਸ ਦੇ ਆਪਣੇ ਵਾਂਗ ਹੀ ਸਾਊ ਤੇ ਸ਼ਰਮਾਕਲ ਹੈ। ਬਹੁਤ ਦੇਰ ਤੋਂ ਨਵਦੀਪ ਕਾਵਿ ਸਿਰਜਣਾ ਵਿਚ ਰੁਝਿਆ ਹੋਇਆ ਹੈ ਉਸਦੀਆਂ ਬਹੁਤ ਸਾਰੀਆਂ ਕਵਿਤਾਵਾਂ ਪ੍ਰਕਾਸ਼ਿਤ ਵੀ ਹੋਈਆਂ ਹਨ। ਹੁਣ ਉਸ ਦੇ ਪਲੇਠੇ ਸੰਗ੍ਰਹਿ ਵਿਚ ਉਸ ਦੀ ਸ਼ਾਇਰੀ ਨੂੰ ਸਮੁਚੇ ਰੂਪ ਵਿਚ ਪੜ੍ਹਨਾ ਬੜਾ ਸੁਖਦ ਅਨੁਭਵ ਹੈ।

ਨਵਦੀਪ ਦੀ ਸ਼ਾਇਰੀ ਉਸਦੀਆਂ ਆਪਣੇ ਮਨ ਨਾਲ ਹੀ ਕੀਤੀਆਂ ਹੋਈਆਂ ਗੱਲਾਂ ਹਨ। ਜਿਵੇਂ ਕੋਈ ਮਨ ਹੀ ਮਨ ਆਪਣੀ ਚੁੱਪ ਨਾਲ ਸੰਵਾਦ ਕਰਦਾ ਹੈ, ਉਸਦੀ ਸ਼ਾਇਰੀ ਵੀ ਉਸ ਦੇ ਆਪੇ ਨਾਲ ਇਕ ਮੂਕ ਸੰਵਾਦ ਹੈ। ਸ਼ਾਇਦ ਇਸੇ ਲਈ ਉਸਨੇ ਆਪਣੀ ਪੁਸਤਕ ਨੂੰ " ਚੁੱਪ ਦੀ ਕਥਾ " ਦਾ ਨਾਂ ਦਿੱਤਾ ਹੈ. ਨਵਦੀਪ ਦਾ ਇਹ ਸੰਵਾਦ ਉਸ ਦੇ ਘਰ, ਉਸ ਦੇ ਮਾਂ ਪਿਉ, ਭੈਣ ਭਰਾਵਾਂ ਨਾਲ ਵੀ ਹੈ, ਕੁਦਰਤ ਨਾਲ ਵੀ, ਸ਼ਬਦਾਂ ਨਾਲ ਵੀ ਤੇ ਮਨ ਵਿਚ ਵਸਦੇ ਅਨੇਕ ਚਿਹਰਿਆਂ ਨਾਲ ਵੀ। ਉਹ ਆਪਣੇ ਸੰਵਾਦ ਨੂੰ ਬਾਹਰਮੁੱਖੀ ਨਹੀਂ ਹੋਣ ਦਿੰਦਾ ਸਗੋਂ ਅੰਤਰਮਨ ਵਿਚ ਹੀ ਉਹ ਸ਼ਬਦਾਂ ਦੀ ਲੁਕਣਮੀਟੀ ਵਿਚ ਗੁਆਚਿਆ ਆਪਣੀ ਸ਼ਾਇਰੀ ਦੀ ਸਿਰਜਣਾ ਕਰਦਾ ਹੈ। ਉਸਦੀਆਂ ਕਵਿਤਾਵਾਂ ਅਨੇਕ ਸਵਾਲ ਸਿਰਜਦੀਆਂ ਹਨ ਪਰ ਜਵਾਬ ਨਹੀਂ ਦਿੰਦੀਆਂ. ਇਹਨਾਂ ਸਵਾਲਾਂ ਦੇ ਜਵਾਬ ਭਾਲਦਿਆਂ ਉਹ ਫੇਰ ਕਵਿਤਾ ਸਿਰਜਣ ਲੱਗ ਪੈਂਦਾ ਹੈ। ਸਵਾਲਾਂ ਜਵਾਬਾਂ ਦੀ ਇਸ ਖੇਡ ਵਿਚ ਨਿਰੰਤਰ ਕਵਿਤਾ ਉਗਮਦੀ ਜਨਮਦੀ ਹੈ। ਉਸਦੀਆਂ ਸਾਰੀਆਂ ਕਵਿਤਾਵਾਂ ਇਕ ਦੂਜੀ ਨੂੰ ਸਵਾਲ ਵੀ ਕਰਦੀਆਂ ਹਨ ਤੇ ਇਕ ਦੂਜੀ ਦਾ ਜਵਾਬ ਵੀ ਬਣਦੀਆਂ ਹਨ।


ਨਵਦੀਪ ਦੀ ਕਵਿਤਾ ਖਾਮੋਸ਼ੀ ਦਾ ਕਾਵਿਕ-ਬਿਰਤਾਂਤ ਹੈ. ਜੇ ਕਵੀ, ਸੱਚਮੁੱਚ ਕਵੀ ਨਾ ਹੋਵੇ ਤਾਂ ਇਸ ਖਾਮੋਸ਼ੀ ਦਾ ਕਵਿਤਾ ਵਿਚ ਅਨੁਵਾਦ ਕਰਦਿਆਂ ਉਸਦੇ ਭਟਕਣ ਦਾ ਬਹੁਤ ਖਤਰਾ ਹੁੰਦਾ ਹੈ। ਉਸ ਦੀ ਇਹ ਖਾਮੋਸ਼ੀ ਕਵਿਤਾ ਵਿਚ ਬੇਸੁਰਾ ਸ਼ੋਰ ਪੈਦਾ ਕਰ ਸਕਦੀ ਹੈ। ਪਰ ਨਵਦੀਪ ਦੀ ਕਵਿਤਾ ਵਿਚ ਖਾਮੋਸ਼ੀ ਉਸਦੇ ਸ਼ਬਦਾਂ ਵਿਚੋਂ ਬਹੁਤ ਹੀ ਕੋਮਲ ਪੈਰੀਂ ਤੁਰਦੀ ਸਫਿਆਂ ਤੇ ਇਸ ਤਰਾਂ ਫੈਲਦੀ ਹੈ ਕਿ ਪਾਠਕ ਉਸ ਖਾਮੋਸ਼ੀ ਨੂੰ ਛੂਹ ਕੇ ਇਸਤਰਾਂ ਮਹਿਸੂਸ ਕਰਦਾ ਹੈ ਜਿਵੇਂ ਉਸਦੀਆਂ ਤਲੀਆਂ ਦੇ ਵਿਚ ਕੋਈ ਪੰਛੀ ਧੜਕਦਾ ਹੋਵੇ। ਨਵਦੀਪ ਦੇ ਸ਼ਬਦਾਂ ਦੀ ਕੰਬਣੀ ਪਾਠਕ ਨੂੰ ਝੁਣਝੁਣੀ ਛੇੜਨ ਦੇ ਸਮਰੱਥ ਹੈ। ਉਹ ਸ਼ਬਦਾਂ ਨੂੰ ਆਪਣੀ ਵਿਦਵਤਾ ਦਿਖਾਉਣ ਲਈ ਨਹੀਂ ਵਰਤਦਾ ਸਗੋਂ ਉਹ ਤਾਂ ਕਵਿਤਾ ਨੂੰ ਆਪਣੇ ਮਨ ਦੇ ਉਦਾਸ ਰੰਗਾਂ ਵਿਚ ਰੰਗ ਦਿੰਦਾ ਹੈ।

ਨਵਦੀਪ ਦੀਆਂ ਇਹ ਕਵਿਤਾਵਾਂ ਮੈਨੂੰ ਇਸ ਲਈ ਵੀ ਪਿਆਰੀਆਂ ਲੱਗੀਆਂ ਹਨ ਕਿਉਂਕਿ ਉਸ ਦੇ ਸ਼ਬਦਾਂ ਵਿਚ ਕਿਤੇ ਵੀ ਉਲਝਾ ਨਹੀਂ ਨਾ ਕੋਈ ਉਚੇਚ ਹੈ ਸਗੋਂ ਉਸਦੇ ਸ਼ਬਦਾਂ ਵਿਚ ਆਪਣੀ ਹੀ ਤਰਾਂ ਦੀ ਸਾਦਗੀ, ਅਪਣੱਤ ਤੇ ਨਿਰਛਲਤਾ ਹੈ ਜੋ ਕਿਸੇ ਵੀ ਕਵੀ ਦੀਆਂ ਕਵਿਤਾਵਾਂ ਵਿਚ ਹੋਣੀ ਅਤਿ ਅਨਿਵਾਰੀ ਹੈ। ਉਸਦੀਆਂ ਕਵਿਤਾਵਾਂ ਪੜ੍ਹਦਿਆਂ ਲੱਗਦਾ ਹੈ ਜਿਵੇਂ ਤੁਸੀਂ ਕਿਸੇ ਤੁਰੇ ਜਾ ਰਹੇ ਜੋਗੀ ਦੀ ਬੀਨ ਦੀ ਆਵਾਜ਼ ਸੁਣ ਰਹੇ ਹੋਵੋ...ਇਹ ਕਵਿਤਾਵਾਂ ਤੁਹਾਨੂੰ ਝੰਜੋੜਦੀਆਂ ਨਹੀਂ ਤੁਹਾਡੇ ਮਨ ਦੇ ਕੋਲ ਆ ਕੇ ਬੈਠ ਜਾਂਦੀਆਂ ਹਨ। ਉਸਦੀ ਕਵਿਤਾ ਦੇ ਗਿਲੇ ਸ਼ਿਕਵੇ ਵੀ ਬੜੇ ਸੂਖਮ ਜਿਹੇ ਹਨ. ਦਰਅਸਲ ਉੱਚੀ ਭਾਸ਼ਾ ਵਿਚ ਬੋਲਣਾ ਨਵਦੀਪ ਦੀ ਕਵਿਤਾ ਦਾ ਸੁਭਾਅ ਹੀ ਨਹੀਂ। ਉਹ ਜੇ ਸ਼ਿਕਵਾ ਵੀ ਕਰਦਾ ਹੈ ਤਾਂ ਮੁਹੱਬਤ ਦੀ ਜੁਬਾਨ ਵਿਚ ਹੀ।


ਮੈਨੂੰ ਉਮੀਦ ਹੈ ਨਵਦੀਪ ਮੁਹੱਬਤ ਭਰੀ ਇਸ ਚੁੱਪ ਦੀ ਭਾਸ਼ਾ ਨੂੰ ਕਦੇ ਵੀ ਇਸ ਦੁਨੀਆਂ ਦੇ ਇਸ ਬੇਤਰਤੀਬੇ ਸ਼ੋਰ ਵਿਚ ਗੁਆਚਣ ਨਹੀਂ ਦੇਵੇਗਾ।

**ਪਿਆਰੇ ਦੋਸਤੋ ! ਪਿਛਲੇ ਵੀਹਾਂ ਸਾਲਾਂ ਤੋਂ ‘ਪ੍ਰਤਿਮਾਨ’ ਹਰ ਵਾਰ ਨਵਾਂ ਸੱਜਰਾ ਸਾਹਿਤ ਲੈ ਕੇ ਤੁਹਾਡੇ ਦਰਾਂ ਤੇ ਦਸਤਕ ਦਿੰਦਾ ਹੈ। ਲੇਖਕ/ ਪਾਠਕ ਦੋਸਤਾਂ ਨੂੰ ਗੁਜ਼ਾਰਿਸ਼ ਹੈ ਕਿ ਉਹ ਆਪਣੇ ਰਚਨਾਤਮਕ ਸਹਿਯੋਗ ਦੇ ਨਾਲ ਆਪਣਾ ਆਰਥਿਕ ਸਹਿਯੋਗ ਵੀ ‘ਪ੍ਰਤਿਮਾਨ’ ਲਈ ਭੇਜਣ। ਤੁਹਾਡੇ ਸਹਿਯੋਗ ਨਾਲ ‘ਪ੍ਰਤਿਮਾਨ’ ਦੀ ਉਮਰ ਹੋਰ ਲੰਮੇਰੀ ਹੋਵੇਗੀ। ਪਰਚਾ ਮੁਫ਼ਤ ਭੇਜਣ ਦੀ ਪਰੰਪਰਾ ਬੰਦ ਕੀਤੀ ਜਾ ਰਹੀ ਹੈ। –ਸੰਪਾਦਕ**


## ਪ੍ਰਤਿਮਾਨ ਦੇ ਦੋਸਤ ਲੇਖਕਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ




































































RNI NO. PUNPUN / 2006 / 16230 April-June 2023 ISSN: 2277-9930

# ਪ੍ਰਤੀਕ ਪਬਲੀਕੇਸ਼ਨਜ਼ ਵੱਲੋਂ ਨਵ-ਪ੍ਰਕਾਸ਼ਿਤ ਪੁਸਤਕਾਂ






























ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਸੰਪਰਕ: 98773-58869, 97810-33133

PARTEEK PUBLICATIONS